
ਅਪ੍ਰੈਲ-ਜੂਨ,2019

53


# ਕਹਾਣੀ ਧਾਰਾ




40/-


Year: 14; issue No. 53 ISSN :2321-4449
Kahani Dhara (Punjabi Quarterly) April-June,2019, R.N.I. Regd. No. PUN PUN 2006/19971


## ਪਰਵਾਜ਼ ਪ੍ਰਕਾਸ਼ਨ ਦੀਆਂ ਬਿਲਕੁਲ ਨਵੀਆਂ ਛਪੀਆਂ ਪੁਸਤਕਾਂ




ਮੁੱਲ: 200/-




ਮੁੱਲ: 160/-

### ਪੁਸਤਕ ਮਿਲਣ ਦਾ ਪਤਾ


ਪਰਵਾਜ਼ ਪ੍ਰਕਾਸ਼ਨ Parwaz Parkashan
ਪਤਾ: ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ-6
ਫੋਨ: 94170-64350
E.mail:
parwazparkashan@gmail.com
Mob. 94170-64350

*ਅਪ੍ਰੈਲ-ਜੂਨ,2019 ਅੰਕ :53*

**KAHANI DHARA (Punjabi Quarterly)**
**R.N.I.Regd No.PUN PUN/2006/19971**
**IÚÚN 2321-4449**

**e-mail:**
kahanidhara@gmail.com
bhagwantrasulpuri@gmail.com

**ਸੰਪਾਦਕ**
**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:

Editor:
**KAHANI DHARA**
Vill. Dharampur, P.O. Khambra,
Diútt. Jalandhar-144026, Pb.
Mob. 94170-64350

**ਚੰਦੇ: ਇਕ ਅੰਕ:40 ਰੁ.,10 ਅੰਕ:400 ਰੁ.,**
**(ਕਾਲਜ ਲਾਇਬਰੇਰੀ ਲਈ 500/-)**
**10 ਅੰਕ: ਡਾਲਰ:50, ਤੇ ਪੌਂਡ: 40**
**ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ**
**ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।**

## ਅੰਦਰ ਪੜ੍ਹੋ

ਸੰਪਾਦਕੀ : ਸਾਹਿਤ ਲਿਖਣ ਵਾਲੀ ਨਾਰੀ ਤੇ ਸਾਹਿਤ ਵਿਚਲੀ ਨਾਰੀ-2

***ਸੱਤ ਕਹਾਣੀਆਂ***

1. ਆਈ ਪੁਰੇ ਦੀ ਵਾਅ /-ਨੈਣ ਸੁੱਖ-3
2. ਬੇਬੀ ਘਰ /-ਗੁਲ ਚੌਹਾਨ-16
3. ਬੀ ਪੌਜ਼ੇਟਿਵ ਯਾਰ/-ਬਲੀਜੀਤ -24
4. ਅੰਗਿਆਰੀ/-ਰਘਬੀਰ ਸਿੰਘ ਮਾਨ-34
5. ਉਹ ਕੁੜੀ/ - ਗੁਰਦੀਪ ਸਿੰਘ ਢੁੱਡੀ-46
6. ਨਾਬਰ /-ਮਲਕੀਤ ਜੌੜਾ-52
7. ਫੱਤੂ ਦੀਆਂ ਧੀਆਂ/-ਬੇਅੰਤ ਬਾਜਵਾ-56

***ਆਲੋਚਨਾ***

1. 21ਵੀਂ ਸਦੀ ਦੀ ਪੰਜਾਬੀ ਕਹਾਣੀ-ਦਲਿਤ ਸਰੋਕਾਰ ਅਤੇ ਸੰਵਾਦ/-ਡਾ. ਗੁਰਮੇਲ ਸਿੰਘ 58
2. 'ਇਕ ਹੋਰ ਜਨਮ' ਦੀ ਦ੍ਰਿਸ਼ਟੀ/ -ਡਾ. ਕੇਵਲ ਸਿੰਘ ਪਰਵਾਨਾ-68
3. ਆਧੁਨਿਕ ਔਰਤ ਦੀ ਤ੍ਰਾਸਦਿਕ ਸਥਿਤੀ ਦਾ ਬਿਰਤਾਂਤ: ਕਾਲੀ ਕਥਾ -ਡਾ. ਪਰਗਟ ਸਿੰਘ ਟਿਵਾਣਾ-72
4. ਰੂਹ 'ਤੇ ਉਕਰੇ ਚਿੱਤਰ - ਇਕ ਅਧਿਐਨ/ - ਸੁਰਿੰਦਰ ਸੋਹਲ-76
5. ਚੜ੍ਹਦੇ ਸੂਰਜ ਦੀ ਲਾਲੀ ਦੀ ਦ੍ਰਿਸ਼ਟੀ / -ਡਾ. ਭੁਪਿੰਦਰ ਕੌਰ-88
6. ਪੈਂਤੀ ਹਾੜ੍ਹ ਦਾ ਸਮਕਾਲੀ ਯਥਾਰਥ / -ਡਾ. ਸੁਖਪਾਲ ਕੌਰ -89

ਮੇਰਾ ਸਟੱਡੀ ਟੇਬਲ /-ਭਗਵੰਤ ਰਸੂਲਪੁਰੀ-91
ਪਰਚੇ ਦੀ ਜਾਨ-95

**ਤੁਸੀਂ ਚੰਦੇ ਬੈਂਕ 'ਚ ਵੀ ਜ਼ਮਾ ਕਰਵਾ ਸਕਦੇ ਹੋ**
Account Name
**Kahani Dhara**
Current Account: 30111525066
IFS Code: SBIN0002394
State Bank of India
Khurla Kingra, Jalandhar

**ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Kirhanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ 10 ਅਪ੍ਰੈਲ, 2019) ਟਾਇਟਲ ਪੇਂਟਿੰਗ: ਸਵੀ ਸਵਰਕਰ**



# *ਸੰਪਾਦਕੀ : ਸਾਹਿਤ ਲਿਖਣ ਵਾਲੀ ਨਾਰੀ ਤੇ ਸਾਹਿਤ ਵਿਚਲੀ ਨਾਰੀ*

*ਅਜੋਕੇ ਸਮੇਂ, ਹਰ ਖੇਤਰ ਵਿਚ ਨਾਰੀ ਕੇਂਦਰ ਵਿਚ ਏ, ਚਾਹੇ ਉਹ ਰਾਜਨੀਤੀ ਹੋਵੇ, ਸਮਾਜ ਹੋਵੇ, ਕਿੱਤਾ ਹੋਵੇ, ਪਰਿਵਾਰ ਹੋਵੇ, ਬਜ਼ਾਰ ਹੋਵੇ ਜਾਂ ਸਾਹਿਤ ਪਰ ਨਾਰੀ ਕਿਸੇ ਵੀ ਖੇਤਰ ਦੇ ਕੇਂਦਰ ਵਿਚ ਨਹੀਂ। ਜਿਹਨੂੰ ਪਿਤਰ ਸੱਤਾ ਕਿਹਾ ਜਾਂਦਾ ਏ, ਉਹ ਨਾਰੀ ਨੂੰ ਹਰ ਖੇਤਰ ਵਿਚ ਹਾਸ਼ੀਏ ਤੇ ਧੱਕਦੀ ਆ ਰਹੀ ਏ। ਜਦੋਂ ਹਰ ਫੈਸਲਾ ਕਰਨ ਵਾਲਾ ਮਰਦ ਹੋਵੇ ਤਾਂ ਅਜਿਹੀ, ਸਥਿਤੀ ਬਣਦੀ ਏ। ਭਾਰਤੀ ਰਾਜਨੀਤੀ 'ਚ, ਨੌਕਰੀਆਂ 'ਚ ਤੇ ਪਰਿਵਾਰਾਂ ਵਿਚ ਨਾਰੀ ਨੂੰ ਹਾਸ਼ੀਏ 'ਤੇ ਸੁੱਟ ਦਿੱਤਾ ਗਿਆ ਏ। ਪਰ ਏਥੇ ਮੈਂ ਪੰਜਾਬੀ ਸਾਹਿਤ ਵਿਚਲੀ ਨਾਰੀ ਤੇ ਸਾਹਿਤ ਲਿਖਣ ਵਾਲੀ ਨਾਰੀ ਦੀ ਗੱਲ ਹੀ ਕਰਾਂਗਾ, ਕਿਉਂਕਿ ਮੇਰੇ ਕੋਲ ਲਾ ਪਾ ਕੇ ਇਕ ਪੰਨਾ ਹੀ ਹੁੰਦਾ ਏ, ਜਿਹਦੇ 'ਚ ਇਸ਼ਾਰੇ ਮਾਤਰ ਗੱਲ ਕਰਨੀ ਹੁੰਦੇ ਏ।*

*ਪੰਜਾਬੀ ਸਾਹਿਤ ਵਿਚ ਨਾਰੀ 'ਤੇ ਢੇਰ ਸਾਰਾ ਸਾਹਿਤ ਲਿਖਿਆ ਗਿਆ ਏ ਤੇ ਲਿਖਿਆ ਜਾ ਰਿਹਾ ਏ। ਚਾਹੇ ਉਹ ਨਾਵਲ ਏ, ਕਹਾਣੀ ਏ ਜਾਂ ਕਵਿਤਾ ਏ। ਹਰ ਲੇਖਕ ਨਾਰੀਵਾਦੀ ਲੇਖਕ ਅਖਵਾਉਣਾ ਆਪਣਾ ਧਰਮ ਸਮਝਦਾ ਏ। ਸਾਡੇ ਕੋਲ ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ, ਦਲੀਪ ਕੌਰ ਟਿਵਾਣਾ, ਵੀਨਾ ਵਰਮਾਂ, ਬਚਿੰਤ ਕੌਰ, ਚੰਦਨ ਨੇਗੀ ਅਜਿਹੇ ਨਾਂ ਹਨ ਜਿਨ੍ਹਾਂ ਨੇ ਮਰਦਾਨਗੀ ਦੇ ਬੋਝ ਨੂੰ ਪਰੇ ਸੁੱਟ ਕੇ ਨਿੱਜੀ ਤੌਰ 'ਤੇ ਆਪਣੇ ਆਪ ਨੂੰ ਮਰਦ ਦੇ ਭਾਰ ਤੋਂ ਮੁਕਤ ਕੀਤਾ ਤੇ ਪੂਰੀ ਸੰਵੇਦਨਾ ਨਾਲ ਨਾਰੀ ਦੇ ਹੱਕ ਵਿਚ ਲਿਖਿਆ ਅਤੇ ਨਿੱਜੀ ਤੌਰ ਤੇ ਜੀਵਿਆ ਵੀ। ਪੰਜਾਬੀ ਸਾਹਿਤ ਵਿਚ ਪਹਿਲਾਂ ਵੀ ਸਾਹਿਤ ਲਿਖਣ ਵਾਲੀਆਂ ਨਾਰੀਆਂ ਦੀ ਘਾਟ ਰਹੀ ਏ... ਇਹ ਘਾਟ ਹੁਣ ਵੀ ਰੜਕਦੀ ਏ। ਹੁਣ ਸਥਿਤੀ ਇਹ ਏ ਕਿ ਕਵਿਤਾ ਦੇ ਖੇਤਰ ਵਿਚ ਸਾਡੇ ਕੋਲ ਲਿਖਣ ਵਾਲੀਆਂ ਨਾਰੀਆਂ ਤਾਂ ਹਨ ਪਰ ਗਲਪ ਦੇ ਖੇਤਰ ਵਿਚ ਇਨ੍ਹਾਂ ਦੀ ਹੋਂਦ ਜੀਰੋ ਦੇ ਬਰਾਬਰ ਏ। ਇਹ ਗੱਲ ਸੋਚਣ ਵਾਲੀ ਏ ਕਿ ਅਜੋਕੇ ਸਮੇਂ ਵਿਚ ਨਾਰੀ ਕਵਿਤਾ ਵੱਲ ਹੀ ਕਿਓਂ ਜਾ ਰਹੀ ਏ... ਉਹ ਨਾਵਲ ਜਾਂ ਕਹਾਣੀ ਵੱਲ ਕਿਓਂ ਨਹੀਂ ਆ ਰਹੀ। ਦੋ-ਚਾਰ ਤੋਂ ਬਾਅਦ ਸਾਡੀ ਗਿਣਤੀ ਰੁਕ ਜਾਂਦੀ ਏ। ਨਾਰੀਆ ਪੱਤਰਕਾਰੀ ਵੱਲ ਜਾ ਰਹੀਆਂ ਨੇ, ਸਕਰੀਨ ਵੱਲ ਖਿੱਚੀਆਂ ਜਾ ਰਹੀਆਂ ਨੇ, ਖੱਪਤਵਾਦੀ ਬਜ਼ਾਰ ਵੱਲ ਜਾ ਰਹੀਆਂ ਨੇ, ਇਹਦੇ ਕਾਰਨ ਸਾਨੂੰ ਲੱਭਣੇ ਪੈਣਗੇ। ਮੈਨੂੰ ਲੱਗਦਾ ਏ ਇਹਦੇ ਪਿੱਛੇ ਅਨੇਕਾਂ ਇਤਿਹਾਸਕ, ਸਮਾਜਿਕ, ਪਿੱਤਰ-ਸੱਤਾ ਦੇ ਕਾਰਨ ਲੁਕੇ ਹੋਏ ਨੇ। ਇਹ ਸਾਰੇ ਵਰਤਾਰੇ ਉਨ੍ਹਾਂ ਦੇ ਦਿਮਾ.ਗ ਦਾ .ਫਰੇਮ ਵਰਕ ਕਰ ਰਹੇ ਨੇ।*

*ਮਰਦ ਲੇਖਕ ਨਾਰੀ ਬਾਰੇ ਲਿਖ ਰਿਹਾ ਏ, ਇਹ ਬਹੁਤ ਚੰਗੀ ਗੱਲ ਏ। ਉਹੋ ਜਿਹਦੀ ਸੋਚ ਨਾਰੀ+ਵਾਦੀ ਏ, ਜੋ ਸਮਾਜ ਵਿਚ ਸਮਾਨਤਾ ਚਾਹੁੰਦਾ ਏ ਤੇ ਜੋ ਨਾਰੀ ਪੀੜਾ ਨੂੰ ਆਪਣੇ ਬਿਰਤਾਂਤ ਦਾ ਹਿੱਸਾ ਬਣਾਉਣਾ ਆਪਣਾ ਮੁੱਢਲਾ ਧਰਮ ਸਮਝਦਾ ਏ, ਪਰ ਜੇ ਨਾਰੀ ਖੁਦ ਆਪਣੀ ਪੀੜਾ, ਆਪਣੇ ਸ਼ੋਸ਼ਣ ਅਤੇ ਆਪਣੀ ਮਨੋ ਅਵਸਥਾ ਲਿਖੇ ਤਾਂ ਉਹ ਵੱਧ ਯਥਾਰਥਵਾਦੀ ਹੋਵੇਗੀ। ਇਹ ਕਨਸੀਵ ਕਰਨ 'ਤੇ ਨਿਰਭਰ ਕਰਦਾ ਏ ਕਿ ਨਾਰੀ , ਨਾਰੀ ਦੇ ਵਿਰੋਧੀ ਵਰਤਾਰੇ ਨੂੰ ਕਿਵੇਂ ਕਨਸੀਵ ਕਰਦੀ ਏ ਅਤੇ ਉਸ ਨੂੰ ਕਿਵੇਂ ਪ੍ਰਗਟ ਕਰਦੀ ਏ। ਅੱਜ ਕੁਝ ਨਵੀਆਂ ਕਵਿਤਰੀਆਂ ਬਹੁਤ ਮਹੀਨ ਤੰਦਾਂ ਆਪਣੀਆਂ ਕਵਿਤਾਵਾਂ ਵਿਚ ਲੈ ਕੇ ਆ ਰਹੀਆਂ ਨੇ। ਉਨ੍ਹਾਂ ਵਿਚ ਬਹੁਤ ਅੱਗ ਏ, ਸਮਾਜਿਕ ਸਿਸਟਮ ਪ੍ਰਤੀ। ਜੇ ਕਿਤੇ ਨਾਰੀ ਕਹਾਣੀ ਪੜ੍ਹਨ ਨੂੰ ਮਿਲਦੀ ਏ ਤਾਂ ਉਹ ਰਵਾਇਤੀ ਜਿਹੀਆਂ ਗੱਲਾਂ ਕਰ ਰਹੀ ਹੁੰਦੀ ਏ। ਜਿਵੇਂ ਨਾਰੀ ਖੁਦ ਹੀ ਨਾਰੀਵਾਦੀ ਬਿਰਤਾਂਤ ਨੂੰ ਰਪੀਟ ਕਰ ਰਹੀ ਹੋਵੇ।*

*ਜਿਸ ਤਰ੍ਹਾਂ ਅਜੀਤ ਕੌਰ ਮੱਧਵਰਗੀ ਪਰਿਵਾਰ ਵਿਚ ਵਿਚਰਦੀ ਔਰਤ ਦੀ ਤ੍ਰਾਸਦੀ ਨੂੰ, ਉਹਦੀਆਂ ਭਾਵਨਾਵਾਂ ਨੂੰ ਪੇਸ਼ ਕਰਦੀ ਸੀ ਜਾਂ ਵੀਨਾ ਵਰਮਾ ਔਰਤ ਦੀ ਮਰਦਾਨਗੀ ਵਿਚ ਪਿਸ ਰਹੀ ਔਰਤ ਦੀ ਦੇਹ ਨੂੰ ਪੇਸ਼ ਕਰਦੀ ਸੀ ਜਾਂ ਪਾਲ ਕੌਰ ਸਮਾਜਿਕ ਤੇ ਇਤਿਹਾਸਕ ਪ੍ਰਸੰਗ ਵਿਚ ਨਾਰੀ ਦੇ ਦਮਨ ਦੀ ਗੱਲ ਕਰਦੀ ਏ। ਇਹ ਗੱਲਾਂ ਸਮਕਾਲ ਵਿਚ ਨਾਰੀ ਕਲਮਾਂ ਵਿਚ ਬਹੁਤ ਘੱਟ ਲੱਭਦੀਆਂ ਨੇ।*

*'**ਕਹਾਣੀ ਧਾਰਾ**' ਪਿਤਰ-ਸੱਤਾ 'ਤੇ ਸਵਾਲ ਖੜ੍ਹੇ ਕਰਨ ਵਾਲਾ ਸਾਹਿਤ ਪਹਿਲਾਂ ਵੀ ਪ੍ਰਕਾਸ਼ਤ ਕਰਦਾ ਆ ਰਿਹਾ ਏ, ਇਸ ਅੰਕ ਵਿਚ ਪਿਤਰ ਸੱਤਾ ਨੂੰ ਸਵਾਲਾਂ ਦੇ ਘੇਰੇ ਵਿਚ ਲਿਉਣ ਵਾਲੀਆਂ ਕਹਾਣੀਆਂ ਤੁਹਾਨੂੰ ਪੜ੍ਹਨ ਨੂੰ ਮਿਲ ਜਾਣਗੀਆਂ। ਪਰ ਇਹ ਕੌੜਾ ਸੱਚ ਏ ਕਾਲਜ ਵਿਚ ਪੜ੍ਹ ਰਹੀ ਨਾਰੀ, ਸਾਹਿਤ ਤੇ ਕਲਾ ਨਾਲ ਨਹੀਂ ਜੁੜ ਰਹੀ, ਉਨ੍ਹਾਂ ਦੇ ਦਿਮਾਗ ਦਾ ਫਰੇਮ ਬਜ਼ਾਰ ਬਣਾ ਰਿਹਾ ਏ? ਉਨ੍ਹਾਂ ਦਾ ਪਰਿਵਾਰ ਬਣਾ ਰਿਹਾ ਏ? ਜਾਂ ਪਰਿਵਾਰ ਦੇ ਮਰਦ ਬਣਾ ਰਹੇ ਨੇ। ਇਨ੍ਹਾਂ 'ਤੇ ਚਿੰਤਨ ਤੇ ਚਿੰਤਾ ਕਰਨ ਦਾ ਸਮਾਂ ਏ। ਇਸ ਮੁੱਦੇ 'ਤੇ ਸੰਵਾਦ ਕਰਨਾ ਜ਼ਰੂਰੀ ਏ।*

***- ਭਗਵੰਤ ਰਸੂਲਪੁਰੀ***

## ਕਹਾਣੀ / ਆਈ ਪੂਰੇ ਦੀ ਵਾਅ / - ਨੈਣ ਸੁੱਖ

ਆਈ ਪੂਰੇ ਦੀ ਵਾਅ, ਤਮਾਕੂ ਵੈਹ ਪਿਆ
ਸੂਬੇ ਮੰਝੀ ਡਾਹੀ ਤੇ ਰੱਖਾ ਢੈਹ ਪਿਆ

ਮੇਲ ਆਈਆਂ ਸਈਆਂ ਦਾ ਗੌਣ ਸੁਣ ਕੇ ਸੂਬੇ ਦੇ ਘਰੋਂ ਭਾਗੀ ਸੰਗਦਿਆਂ ਗੁੜ੍ਹਕਦੇ ਦੇਓਰ ਰੱਖੇ ਤੋਂ ਘੁੰਡ ਕੱਢ ਲਿਆ, ਜਿਹਨੇ ਬਾਂਹ ਉੱਤੇ ਸ਼ਗਨਾਂ ਦਾ ਗਾਨਾ ਬੰਨ੍ਹਿਆ ਹੋਇਆ। ਰੱਖੇ ਦੀਆਂ ਮਾਈਆਂ ਹੋਏ ਛੇ ਦਿਨ ਹੋ ਗਏ, ਅੱਜ ਸਤਵੇਂ ਦਿਨ ਖਾਰਾ। ਭਰਜਾਈ ਭਾਗੀ ਘੜੋਲੀ ਚੁੱਕਣੀ ਜਿਹਦੇ ਲਈ ਓਹ ਲੀਰਾਂ ਦਾ ਇਨੂੰ ਵਲ੍ਹੇਟ ਰਹੀ।

1921, ਪੂਰੇ ਦੀ ਵਾਅ ਵਗਦਿਆਂ ਬਿਮਾਰ ਲੰਮੇ ਪਏ ਪਾਦਰੀ ਆਈ ਡੀ ਸ਼ਹਿਬਾਜ਼ ਨੂੰ ਛੇਆਠ ਵਰ੍ਹੇ ਪਿੱਛੇ, ਭੁਲਵਾਲ ਜ਼ਿਲ੍ਹਾ ਸ਼ਾਹਪੁਰ ਤੋਂ ਸੈਂਕੜੇ ਕੋਹ ਦੁਰਾਡੇ ਤੀਜੇ ਜ਼ਿਲ੍ਹੇ ਸਿਆਲਕੋਟ ਦੇ ਸ਼ਹਿਰ ਜ਼ਫ਼ਰਵਾਲ ਉਡਾ ਕੇ ਲੈ ਗਈ, ਜਿੱਥੇ ਓਹਦੀ ਦੀਨਦਾਰ ਬਰਾਦਰੀ ਵਿਆਹ ਰਚਾਇਆ ਹੋਇਆ। ਜਾਂਗਲੀ ਵਸੇਬ ਦੀ ਵਲਾਕੀ ਵਿੱਚ ਬੁੱਢੇਪਾ ਹੰਡਾਂਦਾ ਗੋਂਦਲ ਬਾਰ ਦੇ ਨਵੇਂ ਉੱਸਰੇ ਗਿਰਜਾਘਰ ਦੀ ਬਾਰੀ 'ਚੋਂ ਮਾੜੀ ਜੇਹੀ ਆਕੜ ਲੈਂਦਿਆਂ ਗਭਰੂ ਹੋ ਕੇ ਸਿਹਰੇ ਸਮੇਂ ਮਾਝੇ ਅੱਪੜ ਗਿਆ ਜਿੱਥੇ ਬਜਵਾਤ ਵਿੱਚ ਰੌਣਕ ਮੇਲਾ ਖਿੜਿਆ ਹੋਇਆ-

ਹੁਣ ਓਹ ਮਸੀਹੀ ਬਰਾਦਰੀ ਦਾ ਸਿਰਕੱਢ ਜੀਅ ਤੇ ਓਹਦੇ ਨਾਂ ਨਾਲ ਡੀ ਡੀ (ਡਾਕਟਰ ਆਫ਼ ਡਿਵਿਨਟੀ) ਦਾ ਫੁੰਮਣ ਫੱਬਿਆ ਪਰ ਓਹਨੂੰ ਅਪਨਾ ਲਗੰਦਿਆ ਪਿਛੋਕੜ ਕਦੀ ਵਿੱਸਰਿਆ ਨਾ। ਓਹ ਚੰਗਾ ਜਾਣੂ ਕਿਹ ਅਛੂਤ ਮੁਸਲਮਾਨ ਹੋ ਕੇ ਮੁਸੱਲੀ (ਮੁਸਲਮ ਲੱਲੀ) ਯਾਂ ਦੀਨਦਾਰ, ਸਿੱਖ ਹੋ ਕੇ ਮਜ਼੍ਹਬੀ ਸਿੱਖ ਤੇ ਮਸੀਹ ਹੋ ਕੇ ਕਿਰਨੇ, ਕਿਰਨੇ ਦਾ ਮਤਲਬ ਬਰਾਦਰੀ 'ਚੋਂ ਕਿਰ ਗਏ, ਕਿਰਨੇ ਮਗਰੋਂ ਇਸਾਈ ਅਖਵਾਏ। ਜੇਹੜੇ ਅਛੂਤ, ਕਿਸੇ ਮਜ਼੍ਹਬ ਦੇ ਮੇਚੇ ਵਿੱਚ ਪੂਰੇ ਨਾ ਆਏ, ਓਹ ਲੱਲੀ ਫ਼ਕ ਲੱਲਾ (ਕਰਿਸ਼ਨ ਮਹਾਰਾਜ) ਦੇ ਭਗਤ ਹੋਣ ਵਜੋਂ ਲੱਲੀ ਤੇ ਲਾਲਾਂ ਵਾਲੀ ਸਰਕਾਰ (ਸਖ਼ੀ ਸਰਵਰ) ਦੇ ਫ਼ਕ ਏਹਨਾਂ ਅਛੂਤਾਂ ਦੀ ਵਸਤੀ ਮਾਝੇ ਵਿੱਚ ਠੱਠੀ ਤੇ ਦੁਆਬੇ ਵਿੱਚ ਚਮਾਰਲੀ। ਅਛੂਤ ਹਿੰਦੂ ਹੋ ਕੇ ਮੇਘ ਜੇਹੜੇ ਅਪਣੇ ਆਪ ਨੂੰ ਦੂਜੇ ਅਛੂਤਾਂ ਤੋਂ ਉੱਚਾ ਜਾਨਣ। ਮੇਘ ਬਰਾਦਰੀ ਮਾਨਣ ਲਈ ਅਪਣਾ ਬ੍ਰਾਹਮਣ ਪਿਛੋਕੜ ਘੜਿਆ...

ਅਖੇ ਪੁਰਾਣੇ ਸਮੇਂ ਕੋਈ ਚਾਰ ਭਰਾ ਹੋਏ ਜਿਹਨਾਂ ਦਾ ਘਰ ਬਾਹਰ ਸਾਂਝਾ, ਵਿਖਰਿਪ ਕੋਈ ਨਾ। ਕੁਦਰਤ ਦਾ ਕਰਨਾ, ਵੇਹੜੇ ਵਿੱਚ ਓਹਨਾਂ ਦੀ ਗਾਂ ਚਲਾਨਾ ਕਰ ਗਈ। ਮੋਈ ਗਊ ਮਾਤਾ ਨੂੰ ਕਿਵੇਂ ਬਿੱਲੇ ਲਾਈਏ, ਉੱਚੀ ਜਾਤੀ ਦੇ ਜੀਆਂ ਨੂੰ ਸਿਆਪਾ ਪੈ ਗਿਆ। ਓਹਨਾਂ ਦਾ ਧਰਮੀ ਘਰ ਮੰਦਰ ਸਮਾਨ, ਸਾਹਮਣੇ ਦਾਨ ਪੇਟੀ ਪਈ ਹੋਵੇ, ਓਧਰ ਪੂਜਾ ਪਾਠ ਦਾ ਅਸਥਾਨ, ਏਧਰ ਗਊ ਮਾਤਾ ਦੀ ਖੁਰਲੀ, ਵਿਚਕਾਰ ਥੜੀ ਉੱਤੇ ਤੁਲਸੀ ਦਾ ਬੂਟਾ। ਚੁਮਾਰ ਅਛੂਤ ਅੰਦਰ ਆਵੇ ਕੀਕਣ, ਬ੍ਰਾਹਮਣ ਮੁਰਦਾਰ ਨੂੰ ਹੱਥ ਨਾ ਲਾਣਾ। ਕੋਈ ਉਪਾ ਨਾ ਹੋਇਆ ਤੇ ਓੜਕ ਨਿੱਕੇ ਭਰਾ ਏਸ ਨੀਚ ਅਛੂਤੀ ਕੰਮ ਦੀ ਏਸ ਸ਼ਰਤ 'ਤੇ ਹਾਮੀ ਭਰੀ ਕਿਹ ਓਹ ਕਿਧਰੇ ਭਰਾ ਘੱਤੀ 'ਚੋਂ ਵਿੱਛੜੇ ਨਾ। ਪਰ ਜਦੋਂ ਓਹ ਪਲੀਤ ਮੁਰਦਾਰ ਨੂੰ ਘਰੋਂ ਬਾਹਰ ਸੁੱਟ ਕੇ ਪਰਤਿਆ, ਵੱਡੇ ਮਾਂ ਜਾਇਆਂ ਛੀ ਛੀ ਕਰਦਿਆਂ ਨੱਕ ਉੱਤੇ ਹੱਥ ਰੱਖ ਕੇ ਮੂੰਹ ਫੇਰ ਲਏ, ਮੱਥੇ ਲੱਗਣ ਤੋਂ ਇਨਕਾਰੀ ਕਿਹ ਓਹ ਹੁਣ ਓਹਨਾਂ ਲਈ ਅਛੂਤ। ਪਰ ਪਰ੍ਹਾਂ ਪਰ੍ਹਾਂ ਹੋਂਦਿਆਂ ਨੂੰ ਨਿੱਕੇ ਭਰਾ ਉੱਤੇ ਦਯਾ ਆਈ ਤੇ ਓਹਨਾਂ ਮਿਲਣੀ ਲਈ ਓਹਨੂੰ ਚੌਥੇ ਦਿਨ ਦਾ ਵਚਨ ਦਿੱਤਾ। ਓਹ ਚੌਥੇ ਦਿਨ ਆਇਆ ਤੇ ਚੌਥੇ ਹਫ਼ਤੇ ਦੀ ਤਾਰੀਕ ਪਈ। ਚੌਥਾ ਹਫ਼ਤਾ ਵਧਦਾ ਵਧਦਾ ਚੌਥਾ ਮਹੀਨਾ ਜੇਹੜਾ ਅੱਗੋਂ ਚੌਥਾ ਵਰ੍ਹਾ ਹੋਇਆ, ਗੱਲ



ਓੜਕ ਚੌਥੇ ਯੁੱਗ ਉੱਤੇ ਮੁੱਕੀ। "ਪਰਾਨ ਜਾਏ ਪਰ ਵਚਨ ਨਾ ਜਾਏ!" ਚਤਾਰਦੇ ਬ੍ਰਾਹਮਣ ਪੰਡਤਾਂ ਦੇ ਗਵੇੜ ਮੁਜਬ ਹੁਣ ਏਹ ਚੌਥਾ ਯੁੱਗ-

ਮੁਰਦਾਰ ਨੂੰ ਹੱਥ ਲਾਇਆਂ ਪਾਪੀ ਹੋਏ ਪੀੜ੍ਹੀਓ ਪੀੜ੍ਹੀ ਅਛੂਤ ਮੇਘ। ਮੇਘ ਓਸ ਲੱਠ ਨੂੰ ਆਖਦੇ ਜੇਹੜੀ ਪਿੰਡ ਦੇ ਸਾਂਝੇ ਛੱਪੜ ਵਿੱਚ ਨੱਪੀ ਹੋਵੇ ਜੀਹਦੇ ਤੋਂ ਡੂੰਘਾਈ ਕੱਢਦੇ। ਜਿੱਥੇ ਸਿਆਲ ਵਿੱਚ ਕੰਮੀ ਸੇਪੀ ਠਰਦਿਆਂ ਖਲੋ ਕੇ ਮਾਲਕਾਂ ਦੀ 'ਸਣ' ਕੱਢਦੇ। ਛੱਪੜ ਵਿੱਚ ਗਾਲਣ ਲਈ ਦੱਬੀ ਸਣ ਪਾਣੀ ਵਿੱਚ ਭਿਓਂ ਭਿਓਂ ਛਿੱਲਦੇ, ਇੰਜ ਓਹ ਟੁੱਟਦੀ ਨਾ, ਪਿਲਛੀ ਤੋਂ ਪੂਰੀ ਪੂਰੀ ਲਹਿੰਦੀ ਤੇ ਏਵੇਂ ਹੀ ਏਥੇ ਪਰਾਲੀ ਦੇ ਖੱਬੜ ਵੱਟਦੇ। ਹਿੰਦੂ ਹੋਏ ਅਛੂਤ ਨੂੰ ਮੇਘ ਤਾਂ ਆਖਦੇ ਕਿਹ ਓਹ ਹਿੰਦੂ ਧਰਮ ਧਾਰਨ ਕਰਕੇ ਅੱਧੇ ਪਲੀਤੀ 'ਚੋਂ ਬਾਹਰ ਆ ਗਏ ਪਰ ਅੱਧੇ ਅਜੇ ਪਲੀਤੀ ਦੇ ਅੰਦਰ ਕਿਓਂ ਜੇ ਓਹ ਅਪਣੇ ਨੀਚ ਕਰਮਾਂ ਵਜੋਂ ਅਛੂਤ। ਜੱਗ ਭਾਣੇ ਜੇਹੜੇ ਬਦਜ਼ਾਤ ਤੇ ਕਮਜਾਤ, ਓਹਨਾਂ ਵਿੱਚ ਵੀ ਜਾਤਾਂ: ਸਾਰਸਤ, ਸਾਰਸਰ, ਢਬੂਰ, ਪਹੋਤ, ਸੋਧੇ, ਚਾਵਰੀਏ, ਹੰਗਲੇ, ਮਹਿਰੀਏ, ਲੋਕਹਾਰੇ, ਕਲਿਆਨੇ, ਮਕਿਆਨੇ, ਬੀਨਵਾਲ ਤੇ ਚੰਡਾਲ, ਗਿਣਦਿਆਂ ਪਾਦਰੀ ਆਈ ਡੀ ਸ਼ਹਿਬਾਜ਼ ਦੇ ਮੁੱਖ ਉੱਤੇ ਨਿੱਕੀ ਜੇਹੀ ਹਾਸੀ ਖਿੰਡ ਗਈ-

ਹੁਣ ਭਾਵੇਂ ਅੱਖੋਂ ਪੂਰਾ ਨਾ ਦਿਸਦਾ ਪਰ ਚਿੱਤ ਵਿੱਚ ਪਿਛਲੱਗ ਸਾਂਗੇ ਹਰੇ ਰਹੇ, ਪਾਦਰੀ ਆਈ ਡੀ ਸ਼ਹਿਬਾਜ਼ ਵਿਚਾਰੇ ਪਿਆ ਕਿਹ ਕਦੀ 'ਹੁੱਕ ਪਾਣੀ ਬੰਦ' ਵੱਡੀ ਸਜ਼ਾ ਰਹੀ। ਜੁਰਮੀ ਹੁੱਕ ਪਾਣੀ ਪੀਂਦਾ ਰਹਿੰਦਾ ਪਰ ਵੱਖਰਿਆਂ, ਵਸਤੀ ਦੇ ਲੋਕ ਓਹਦੇ ਨਾਲ ਹੁੱਕ ਪਾਣੀ ਦੀ ਸਾਂਝ ਤਰੋੜ ਲੈਂਦੇ। ਕੀਹ ਅਛੂਤ ਜਮਾਂਦਰੂ ਜੁਰਮੀ, ਚੌਧਰੀ ਕੀਹ, ਕੰਮੀਆਂ ਨਾਲ ਵੀ ਓਹਨਾਂ ਦਾ ਹੁੱਕ ਪਾਣੀ ਸਾਂਝਾ ਨਾ। ਅਪਣੇ ਆਪ ਨਾਲ ਏਹ ਬੁਝਾਰਤ ਪਾਂਦਿਆਂ ਪਾਦਰੀ, ਦੀਨਦਾਰਾਂ ਦਾ ਮੁੰਡਾ, ਜੇਹੜਾ ਮੁਸਲਮਾਨ ਹੋ ਕੇ ਵੀ ਪਲੀਤ। ਅੰਗਰੇਜ਼ ਰਾਜ ਨੂੰ ਫੁਲਦਿਆਂ ਫਲਦਿਆਂ ਵੇਖ ਰਹਿਆ-

ਮਹਿਕਮਾ ਮਾਲ ਦਾ ਬੰਦੋਬਸਤ ਹੋਇਆ, ਮੁਰੱਬਾਬੰਦੀ ਦੀ ਚਿੰਤਾ ਭੋਏਂਵਾਲਾਂ ਨੂੰ, ਕੰਮੀਆਂ ਤੇ ਅਛੂਤਾਂ ਨਾਂ ਮਰਲਾ ਨਾ ਲੱਗਾ। ਪਰ ਪੁਰਾਣੀ ਪਰਚੱਲਤ ਸੇਪ ਕ ਹੋਈ। ਵੱਡੇ ਕੰਮੀ ਤਰਖਾਣ, ਲੌਹਾਰ, ਕਮ੍ਹਾਰ (ਘੁਮਿਆਰ) ਤੇ ਨਾਈ ਲਿਖੀਚੇ ਜਿਹਨਾਂ ਭੋਏਂਵਾਲਾਂ ਦੇ ਸੇਪੀ, ਓਹ ਏਹਨਾਂ ਨੂੰ ਹਾੜੀ ਸਾਓਣੀ ਫ਼ੀ ਹੱਲ ਇੱਕ ਭਰੀ ਸੇਪ ਦੇਂਦੇ। ਧੀਆਂ ਪੁੱਤਰਾਂ ਦੇ ਵਿਆਹਵਾਂ ਉੱਤੇ ਆਟਾ, ਗੁੜ ਤੇ ਚੌਲ ਏਹਨਾਂ ਨੂੰ ਅਪਣੇ ਜ਼ਮੀਨਦਾਰਾਂ ਕੋਲੋਂ ਮੰਗਿਆਂ ਲੱਭਦੇ। ਵੱਡੇ ਕੰਮੀ ਕੋਈ ਕੱਟੀ ਵੱਛੀ ਕਿੱਲੇ ਤੇ ਜ਼ਰੂਰ ਬੰਨ੍ਹਦੇ ਜਿਹਦੇ ਲਈ ਪੱਠੇ, ਪਰਾਲੀ ਤੇ ਤੂੜੀ ਜ਼ਮੀਨਦਾਰਾਂ ਕੋਲੋਂ ਮੰਗ ਲੈਂਦੇ। ਏਹ ਕੱਟੀ ਵੱਛੀ ਅਕਸਰ ਜ਼ਮੀਨਦਾਰਾਂ ਦੀ ਹੋਂਦੀ, ਕੰਮੀ ਏਹਨੂੰ ਦੇਹਾਰੇ (ਅਧਿਆਰੇ) 'ਤੇ ਪਾਲਦੇ। ਜਦੋਂ ਏਹ ਕੱਟੀ ਵੱਛੀ ਮੱਝ ਗਾਂ ਬਣੇ, ਏਹਦਾ ਮੁੱਲ ਪਵੇ। ਚੋਣ ਮਾਲਕ ਦੀ, ਓਹਦੀ ਮਰਜ਼ੀ ਅੱਧ ਤਾਰ ਕੇ ਮੱਝ ਗਾਂ ਲਵੇ, ਭਾਵੇਂ ਅੱਧ ਲੈ ਕੇ ਮੱਝ ਗਾਂ ਕੰਮੀ ਨੂੰ ਦੇਵੇ, ਜਿਵੇਂ ਓਹਨੂੰ ਵਾਰਾ ਖਾਵੇ। ਜੇਹੜੇ ਕੰਮੀ ਦੇ ਕਿੱਲੇ ਉੱਤੇ ਮੱਝ ਗਾਂ ਬੱਝੀ ਹੋਂਦੀ, ਲੋੜ ਪਿਆਂ ਓਹਨੂੰ ਕ ਲੱਭ ਜਾਂਦਾ। ਮੋਚੀ, ਜੁਲਾਹਿਆ ਤੇ ਮਰਾਸੀ ਨਿੱਕੇ ਕੰਮੀ ਜਿਹਨਾਂ ਨੂੰ 'ਕੰਮੀ ਕਮੀਨ' ਆਖਣ। ਕੰਮ ਦੀ ਕਮਿੱਤਨ ਤੇ ਲਾਗੀ ਬਣ ਕੇ ਲਾਗ ਦੇ ਹੱਕ ਨਿੱਕੇ ਕੰਮੀਆਂ ਬਾਰੇ ਏਹ ਦੱਸਦੇ ਕਿਹ ਏਹ ਵੀ ਕਦੀ ਅਛੂਤਾਂ ਵਾਂਗੂ ਅਛੂਤ ਰਹੇ। ਮੋਚੀ ਪਹਿਲਾਂ ਚਮਾਰ ਹੋਏ, ਮੁਰਦਾਰ ਦੀ ਖੱਲ ਲਾਹਣਾ ਏਨਾ ਦਾ ਕੰਮ ਤੇ ਮੁਰਦਾਰ ਦੀਆਂ ਆਂਦਰਾਂ ਸੁਕਾ ਕੇ ਤੰਦੀ ਦੀ ਰੱਸੀ ਵੱਟਣ ਜਿਹਦੇ ਨਾਲ ਤੀਲੀਆਂ ਜੋੜ ਕੇ ਛੱਜ ਬੰਨ੍ਹੇ ਜਾਵਨ। ਜੁਲਾਹੇ ਕਦੀ ਕੂਚੀ ਰਹੇ ਜੇਹੜੇ ਮੁਰਦਾਰ ਦੇ ਵਾਲਾਂ ਨੂੰ ਵੱਟ ਕੇ ਬੋਰੇ ਤੇ ਗੋਦੜ ਉਣਦੇ। ਮਰਾਸੀ ਪਹਿਲਾਂ ਡੂਮ ਰਹੇ। ਨਿੱਕੇ ਕੰਮੀਆਂ ਨੂੰ ਦੁੱਧ ਲੱਸੀ ਜ਼ਮੀਨਦਾਰਾਂ ਘਰੋਂ ਮੰਗਣਾ ਪਵੇ।

ਅਛੂਤ ਜੇ ਕਦੀ ਚੌਧਰੀਆਂ ਦੇ ਬੂਹੇ ਉੱਤੇ ਸਵਾਲੀ ਓਹਨੂੰ ਜੂਠਾ, ਕਾਣਾ, ਬੇਹਾ ਬਰੂਹੋਂ ਬਾਹਰ ਖਲੋਤੇ ਨੂੰ ਲੱਭਦਾ, ਬੂਹਾ ਟੱਪਣ ਤੋਂ ਡਾਢੀ ਮਨਾਹੀ। ਅੰਗਰੇਜ਼ਾਂ ਦੇ ਬੰਦੋਬਸਤ ਵਿੱਚ ਹੱਕ ਤੇ ਹਿੱਸੇਦਾਰਾਂ ਦੇ ਨਾਂ,

ਅਛੂਤ ਖਾਤੇ 'ਚੋਂ ਬਾਹਰ, ਵਾਧੂ ਤੇ ਫ਼ਾਲਤੂ ਪਰ ਵਗਾਰ ਬੁਤੀ ਲਈ ਹਾਜ਼ਰ। ਫ਼ਸਲਾਂ ਦੀ ਬਿਜਾਈ, ਗਹਾਈ ਤੇ ਵਾਢੀ, ਰੁੱਖਾਂ ਦੀ ਛੰਗਾਈ, ਕਮਾਦਾਂ ਦੀ ਛਿਲਾਈ ਤੇ ਭਾਵੇਂ ਕੋਠਿਆਂ ਦੀ ਲਿਪਾਈ ਜਿੱਥੇ ਬੰਦਿਆਂ ਦੀ ਥੋੜ੍ਹ, ਓਥੇ ਅਛੂਤਾਂ ਦੀ ਲੋੜ ਪਵੇ ਜਿਹਨਾਂ ਨੂੰ ਜਜਮਾਨੀ ਲੱਭਦੀ ਜੇਹੜੀ ਕੋਈ ਮਿੱਥੀ ਹੋਈ ਨਾ, ਦਇਆਵਾਨਾਂ ਦੀ ਮੇਹਰਬਾਨੀ, ਜੋ ਮਰਜ਼ੀ ਦਾਨ ਕਰਨ। ਗੰਦਗੀ ਦਾ ਹੂੰਝਣ ਤੇ ਮੁਰਦਾਰ ਪੂਰਾ ਅਛੂਤਾਂ ਦਾ, ਜੇਹੜੇ ਕੰਮੀਆਂ ਦੇ ਪਿੱਛੇ ਪਿੱਛੇ ਬਾਲਨ ਤੇ ਵਾਢੀਆਂ ਮਗਰੋਂ ਮੁੰਜਰਾਂ ਤੇ ਸਿੱਟੇ ਚੁਗਣ, ਪਿੜ ਹੂੰਝਣ। ਜਾਂਦੀ ਰੁੱਤੇ ਖੱਖੜੀਆਂ ਤੇ ਹਦਵਾਨਿਆਂ ਦੀ ਲੋਟੀ ਪਵੇ, ਅਛੂਤ ਵੀ ਵਾੜੀ ਵਿੱਚ ਵੜਣ।

ਅਛੂਤ ਪਿੰਡੋਂ ਬਾਹਰ ਨੀਵੇਂ ਪਾਸੇ ਅਕਸਰ ਦੱਖਣ ਤੇ ਲਹਿੰਦੀ ਬਾਹੀ, ਰੂੜੀਆਂ ਤੇ ਘੋਲਿਆਂ ਵਿੱਚ ਕੁੱਲੇ ਛੱਤਦੇ। ਏਹ ਥਾਂ ਸ਼ਾਮਲਾਟ ਹੋਂਦੀ ਜਿਹਦੇ ਹਿੱਸੇਦਾਰ ਭੋਏਂਵਾਲ। ਅਚਾਰ ਨੂੰ ਉੱਲੀ ਲੱਗੇ, ਵੜੀਆਂ ਨੂੰ ਕੀੜੀ ਪੈ ਜਾਏ, ਸਾਓਣ ਭਾਦਰੋਂ ਦੀ ਰੁੱਤੇ ਚਾਟੀ ਵਿੱਚ ਪੁਰਾਣਾ ਕਾਲਾ ਗੁੜ ਗਿਸਲ ਕੇ ਰਾਬ ਬਣ ਜਾਏ, ਚੌਧਰਾਣੀ ਦਿਆਲੂ ਬਣ ਕੇ ਭਾਂਡਾ ਅਛੂਤਾਂ ਵੱਲ ਮੁਧਾ ਦੇਂਦੀ ਜਿਹਨਾਂ ਦੀ ਮੌਜ ਹੋ ਜਾਏ। ਚੌਧਰੀਆਂ ਦੇ ਹੁੱਕੇ ਨੂੰ ਜੇ ਅਛੂਤ ਮੂੰਹ ਲਾ ਦੇਂਦਾ ਹੁੱਕਾ ਵੀ ਭੱਜਦਾ ਤੇ ਅਛੂਤ ਦੇ ਪਾਸੇ ਵੀ। ਪਾਣੀ ਪੀਣ ਲਈ ਖੂਹ ਦੇ ਪਾੜਛੇ ਨੂੰ ਮੂੰਹ ਲਾ ਕੇ ਵਿਚਾਰਾ ਅਛੂਤ ਕਿੱਧਰ ਜਾਏ, ਚੌਧਰੀ ਡਾਂਗਾ ਲੈ ਕੇ ਓਹਦੇ ਪਿੱਛੇ। ਪਰ ਨਿੱਕੇ ਵਾਹੀਵਾਨ ਜੇਹੜੇ ਕਾਮਾ ਰੱਖਣ ਜੋਗੇ ਨਾ, ਕਿਸੇ ਅਛੂਤ ਨੂੰ ਸੀਰੀ ਰੱਖ ਲੈਂਦੇ, ਬਹਿਕ ਤੇ ਛੰਨ ਵਿੱਚ ਹੁੱਕਾ ਵੀ ਰਲ ਕੇ ਪੀਂਦੇ।

ਲੱਸੀ ਮੰਗਣ ਗਿਆ ਦੀਨਦਾਰਾਂ ਦਾ ਮੁੰਡਾ ਕੀਹ ਕਰ ਬੈਠਾ ਕਿਹ ਓਹਦਾ ਭਾਂਡਾ ਘੜਵੰਜੀ ਨੂੰ ਲੱਗ ਗਿਆ, ਦੁੱਧ ਰਿੜਕਦੀ ਨੱਕ ਚੜ੍ਹੀ ਚੌਧਰਾਣੀ ਦੁਰ ਦੁਰ ਕਰਦਿਆਂ ਪੈਰੋਂ ਜੁੱਤੀ ਲਾਹੀ, ਮਾਰਦੀ ਕੀਹ, ਗੁਨਾਹੀਂ ਜਾਂਦਾ ਨਾ ਦਿਸਿਆ।"ਵੇ ਤੇਰੇ ਦਾਦੇ ਦਾਹੜੀ ਹੱਗਿਆ!" ਚੌਧਰਾਣੀ ਦੀ ਗਾਹਲ ਕੰਨੀਂ ਪਈ, ਪਾਦਰੀ ਆਈ ਡੀ ਸ਼ਹਿਬਾਜ਼ ਅਪਣੀ ਦਾਹੜੀ ਨੂੰ ਹੱਥ ਲਾਇਆ "ਮੈਂ ਹੁਣ ਆਪ ਦਾਦਾ!" ਜਿਹਦੇ ਚੇਤੇ ਵਿੱਚ ਯਾਦਾਂ ਦੀ ਬਹਾਰ, ਲੜੀਵਾਰ–

**ਪੁਰੇ ਦੀ ਵਾਅ ਪਾਦਰੀ ਆਈ ਡੀ ਸ਼ਹਿਬਾਜ਼ ਨੂੰ ਪੂਰਾ ਪੰਜਾਬ ਫਰਾ ਰਹੀ...**

ਲਹਿੰਦੇ ਦੇ ਜਾਂਗਲੀ ਅਛੂਤਾਂ ਦੂਜੇ ਬੇਦੀਨ ਬਾਰ ਵਾਸੀਆਂ ਵਾਂਗੂ ਜੇਹੜਾ ਮਜ਼ਬ ਕ ਓਹ ਸੂਫ਼ੀਆਂ ਦਾ ਇਸਲਾਮ। ਬਾਰ ਦੇ ਬਾਹਲੇ ਅਛੂਤ ਦੋ ਫ਼ਕੀਰ ਪੀਰਾਂ, ਭਾਵਨ ਸ਼ਾਹ ਤੇ ਕਬੀਰ ਸ਼ਾਹ ਦੇ ਮੁਸੱਲਾ ਚੁੱਕ ਮੁਰੀਦ ਜਿਹਦੀ ਵਜ੍ਹੋਂ ਓਹ ਮੁਸੱਲੀ ਅਖਵਾਏ। ਜਿਹਨਾਂ ਮਗਰੋਂ ਅਪਣੇ ਆਪ ਨੂੰ ਕਾਗ਼ਜ਼ਾਂ ਵਿੱਚ ਮੁਸਲਿਮ ਸ਼ੇਖ਼ ਲਿਖਵਾਇਆ। ਮੁਸੱਲੀ ਸਫ਼ਾਈ ਸੁੱਥਰਾਈ ਲਈ ਬੌਂਕਰ ਮਾਂਜਾ ਨਹੀਂ, ਵਸੇਬ ਦੇ ਏਸ ਲੜਾਕੇ ਵਰਗ ਰੁਜ਼ਗਾਰ ਲਈ ਡਾਂਗ ਸੋਟਾ ਫੜ੍ਹਿਆ। ਮਾਝੇ ਤੇ ਦੁਆਬੇ ਵਿੱਚ ਦੀਨਦਾਰ, ਮੇਘ, ਮਜ਼੍ਹਬੀ ਸਿੱਖ ਤੇ ਕਿਰਨੇ ਸਭ ਪੌਂਦ ਵਾਲਮੀਕੀ ਰਹੇ। ਓਹ ਵਾਲਮੀਕੀ ਕਿਵੇਂ ਤੇ ਕਦੋਂ ਹੋਏ, ਏਹ ਕਹਾਣੀ ਇੰਜ–

ਪੰਜਾਬ ਵਿੱਚ ਇੱਕ ਹਿੰਦੂ ਬ੍ਰਾਹਮਣ ਪੰਡਤ ਭਗਵਾਨ ਦਾਸ ਜੇਹੜਾ ਵਾਲਮੀਕੀ ਜੋਗੀ ਹੋ ਗਿਆ। ਓਹ ਫ਼ਾਰਸੀ ਦਾ ਆਲਮ ਤੇ ਸੰਸਕ੍ਰਿਤ ਦਾ ਵਿਦਵਾਨ, ਕਦਰਦਾਨ ਤੇ ਮੇਹਰਬਾਨ ਸ਼ਹਿਜ਼ਾਦੇ ਦਾਰਾ ਸ਼ਿਕੋਹ ਦਾ ਸੰਗਤੀ ਬਣਿਆ। ਓਹ ਰੱਜ ਸੋਹਣਾ ਜਿਹਨੂੰ ਲਾਲ ਬਾਣਾਂ ਸੁਹਾਵੇ। ਹਰ ਵੇਲੇ ਲਹੌਰ ਦੇ ਸੂਬੇਦਾਰ ਦਾਰਾ ਸ਼ਿਕੋਹ ਦਾ ਸਾਥ, ਰਿਆਇਆ ਭਾਣੇ ਓਹ ਵੀ ਮੁਗ਼ਲ ਹਾਕ ਦਾ ਜੀਅ। ਓਹ ਸ਼ਹਿਜ਼ਾਦਾ ਲਾਲ ਬੇਗ਼ ਧੁੰਮ ਗਿਆ ਪਰ ਰਾਜ ਮਹਿਲ ਵਿੱਚ ਕਿਸੇ ਖ਼ਿਦਮਤਗਾਰ ਓਹਨੂੰ ਸ਼ਹਿਜ਼ਾਦਾ ਕੀਹ ਸੱਦਿਆ, ਓਹਦੇ ਅੰਦਰ ਦਾ ਜੋਗੀ ਜਾਗ ਪਿਆ ਤੇ ਦਾਰਾ ਸ਼ਿਕੋਹ ਦੇ ਦਰਵੇਸ਼ੀ ਦਰਬਾਰ ਨੂੰ ਤੱਜ ਤਿਆਗ ਕੇ ਜਾਂਦਿਆਂ ਆਖਣ ਲੱਗਾ, "ਮੇਰੀਆਂ ਨਾਸਾਂ ਵਿੱਚ ਦੁਨੀਆਦਾਰੀ ਦੀ ਗੰਦੀ ਮੁਸ਼ਕ, ਮੇਰਾ ਸਾਹ ਔਖਾ, ਸੌਖਿਆਂ ਹੋਵਣ ਲਈ



ਹੁਣ ਰਹਿੰਦੀ ਸਾਰੀ ਹਯਾਤੀ ਮੈਂ ਗੰਦਗੀ ਸਾਫ਼ ਕਰਨੀ!" ਗੰਦਗੀ ਹੂੰਝਦੇ ਸ਼ਹਿਜ਼ਾਦੇ ਲਾਲ ਬੇਗ਼ ਪਿੱਛੇ ਲੱਗ ਕੇ ਅਛੂਤ ਵਾਲਮੀਕੀ ਹੋਏ ਜਿਹਨਾਂ ਦੀ ਵਾਲਮੀਕੀ ਪਛਾਣ ਸਹਿਜੇ ਸਹਿਜੇ ਧਰਮ ਬਣੀ–

ਅਛੂਤ ਵਾਲਮੀਕੀਆਂ ਦਾ ਭੌਏਂ ਭਾਂਡਾ ਭਾਵੇਂ ਕੋਈ ਨਾ ਪਰ ਨਿਮਾਣਿਆਂ ਕੋਲ ਮੰਨਣ ਮਾਨਣ ਲਈ ਬਥੇਰਾ ਨਿੱਕ ਸੁੱਕ। ਰਾਮ ਕਥਨ ਮਾਲਾ 'ਰਮਾਇਣ' ਦਾ ਰਚਨਹਾਰ ਬਾਲਮੀਕ ਸਵਾਮੀ ਓਹਨਾਂ ਦਾ 'ਬਾਲਾ ਸ਼ਾਹ' ਤੇ ਸੱਪਾਂ ਵਾਲੀ ਸਰਕਾਰ 'ਗੁੱਗਾ ਪੀਰ'। ਮੋਏ ਅਛੂਤ ਦਾ ਕਫ਼ਨ ਦਫ਼ਨ ਮੁਸਲਮਾਨਾਂ ਵਾਂਗੂੰ ਪਰ ਮੌਲਵੀ ਜਨਾਜ਼ਾ ਨਾ ਪੜ੍ਹਾਏ, ਹਿੰਦੂ ਪੰਡਤ ਰਮਾਇਣ ਦਾ ਪਾਠ ਕਰੇ। ਅਮ੍ਰਿਤ ਪਿਆਲਾ ਵਾਲਮੀਕੀਆਂ ਤੇ ਸਿੱਖਾਂ ਵਿੱਚ ਇੱਕੋ ਜੇਹਾ ਜਿਹਦੇ ਵਿੱਚ ਗੁਰੂ ਦਾ ਚੇਲਾ ਹੋਵਣ ਲਈ ਅਮ੍ਰਿਤ ਛੱਕਦੇ। ਦਿਨ ਰਾਤ, ਓਹਨਾਂ ਲਈ ਅਨ੍ਹੇਰੇ ਤੇ ਚਾਨਣ ਦਾ ਯੁੱਧ ਜਿਹਨੂੰ ਓਹ 'ਵਾਰ' ਕਹਿੰਦੇ ਜੇਹੜੇ ਸੱਤ: ਬੋਹਨੀ, ਡੰਨ, ਮਾਂਗੀ, ਚੌਥਾ, ਚਰਾਗੀ, ਛੰਨ ਤੇ ਸੱਤਾ। ਬੋਹਨੀ ਨੂੰ ਪੀਰ ਵਾਰ ਵੀ ਕਹਿੰਦੇ ਕਿਓਂ ਜੇ ਏਹ ਓਹਨਾਂ ਦੇ ਗੁਰੂ ਬਾਲਾ ਸ਼ਾਹ ਦਾ ਜੰਮਣ ਦਿਹਾੜ ਜਿੱਦਣ ਓਹ ਸ਼ਾਮੀਂ ਪੂਜਾ ਪਾਠ ਕਰਦੇ ਜਿਹਨੂੰ ਓਹ 'ਸਤਿ ਸੰਗ' ਆਖਣ। ਸਤਿਸੰਗ ਦੋ ਚੌਂਕੀਆਂ: ਪਹਿਲੀ ਚੌਂਕੀ 'ਸੰਗਤ' ਤੇ ਦੂਜੀ 'ਮੰਗਤ'। ਸੰਗਤ ਵਿੱਚ ਓਹ ਰਲ ਕੇ ਸੱਤ ਵਾਰੀ ਹੋਕਦੇ, "ਸਤਿਨਾਮ!" ਮਗਰੋਂ ਕਿੰਗ ਤੇ ਘੜਾ ਵੱਜਣ ਲੱਗ ਪੈਂਦੇ, ਗੁਰੂ ਦੇ ਚੇਲੇ ਲੋਕਧਾਰਾ 'ਚੋਂ ਪੁੰਗਰੇ ਇੰਜ ਦੇ ਬੋਲ ਗਾਵਣ :

*ਅਸੀਂ ਰੂੜੀ 'ਚੋਂ ਨਿਕਲੇ ਕੀੜੇ,*
*ਪਾਕ ਪੀਰ ਦੇ ਦਵਾਰੇ ਜਾਵਣਾ,*
*ਨਾਮ ਜਪ ਲੈ ਨਿਮਾਨੀਏ ਜਿੰਦੇ,*
*ਹਮੇਸ਼ ਜਿਹਨੇ ਕੰਮ ਆਵਣਾ*
ਸੰਗਤ ਮਗਰੋਂ ਮੰਗਤ ਵਿੱਚ ਏਹ ਬਾਣੀ:
*ਸਤਿਗੁਰ ਸਤਿਗੁਰ ਬਾਲਾ ਸ਼ਾਹ,*
*ਲਾਲ ਬੇਗ ਦੇ ਨਾਂ ਦੀ ਵੇਲ,*
*ਪੀਰਾ ਅਸਾਨੂੰ ਰੱਬ ਮਲਾ,*
*ਜਿਊਂਦਿਆਂ ਦਾ ਰੱਖੀਂ ਮੇਲ,*
*ਮੋਇਆਂ ਨੂੰ ਮੋੜ ਲਿਆ,*
*ਰਲਿਆਂ ਰਲੇ ਖਾਣ ਪੀਣ,*
*ਆਮੀਨ ਆਮੀਨ!*

ਸਤਿਸੰਗ ਲਈ ਵਲੀ ਜਗ੍ਹਾ ਮਿੱਟੀ ਗਾਰੇ ਦੀ ਪਰ ਓਹਨੂੰ ਆਖਣ 'ਪੱਕੀ ਥਾਂ', ਜੇਹੜੀ ਓਹ ਕਿਸੇ ਬੁੱਢੇ ਰੁੱਖ ਲਾਗੇ, ਰਾਹ ਦੇ ਕੰਢੇ ਬਨਾਂਦੇ। ਬੁੱਢੇ ਰੁੱਖ ਦੇ ਮੁੱਢ ਨਾਲ ਘੜਵੰਜੀ ਉੱਤੇ ਘੜਾ ਰੱਖਦੇ ਜਿਹਨੂੰ ਓਹ ਲੰਘਦੇ ਰਾਹੀਆਂ ਲਈ ਸੱਜਰਾ ਭਰਦੇ ਰਹਿੰਦੇ।

ਪੱਕੀ ਥਾਂ ਕੀਹ: ਕੰਧੋਲੀ 'ਤੇ ਚੌਂਕੀ। ਕੰਧੋਲੀ ਇੱਕ ਗਿੱਠ ਤੇ ਇੱਕ ਚੱਪਾ ਮੋਟੀ ਮਹਿਰਾਬੀ ਕੰਧ ਜੇਹੜੀ ਦੋ ਹੱਥ ਉੱਚੀ ਤੇ ਚਾਰ ਹੱਥ ਲੰਮੀ। ਕੰਧੋਲੀ ਪੱਕੀ ਥਾਂ ਦਾ ਇੱਕ ਪਾਸਾ, ਰਹਿੰਦੇ ਤਿੰਨ ਪਾਸੇ ਚਾਰ ਹੱਥ ਲੰਮੀ, ਚੱਪਾ ਮੋਟੀ ਤੇ ਇੱਕ ਗਿੱਠ ਉੱਚੀ ਬੰਨ੍ਹੀ ਦੀ ਵਲਗਣ, ਏਹ ਹੋਈ ਚੌਂਕੀ। ਕੰਧੋਲੀ ਵਿੱਚ ਚਾਰ ਆਲ੍ਹੇ: ਇੱਕ ਉੱਪਰ, ਇੱਕ ਭੁੰਜੇ ਤੇ ਦੋ ਵਿਚਕਾਰ ਸੱਜੇ ਖੱਬੇ। ਉੱਪਰਲੇ ਆਲ੍ਹੇ ਵਿੱਚ ਪੰਛੀਆਂ ਲਈ ਚੋਗਾ ਪਾਂਦੇ ਤੇ ਵਿਚਕਾਰਲਿਆਂ ਵਿੱਚ ਸ਼ਾਮੀਂ ਦੋ ਦੀਵੇ ਬਾਲਦੇ। ਇੱਕ ਬਾਲੇ ਸ਼ਾਹ ਤੇ ਦੂਜਾ ਗੁੱਗੇ ਪੀਰ ਦੇ ਨਾਂ ਦਾ। ਹੇਠਲੇ ਆਲ੍ਹੇ ਵਿੱਚ ਜਿਹਨੇ ਸੁੱਖਿਆ ਹੋਂਦਾ ਓਹ ਪੱਕਿਆ ਅੰਨ ਪਾਂਦਾ ਜਿਹਨੂੰ ਗਾਲੜ, ਚੂਹੇ, ਬਿੱਲੀਆਂ ਤੇ ਕੁੱਤੇ

ਖਾਂਦੇ। ਬਰਾਦਰੀ ਵਿੱਚ ਜੇਹੜਾ ਜਵਾਨ ਬਿਮਾਰ ਹੋਂਦਾ, ਓਹ ਵਲ ਹੋਵਣ ਲਈ ਪੱਕੀ ਥਾਂ ਦਾ ਧਿਆਨ ਕਰੇ, ਏਸ ਆਹਰ ਨੂੰ ਸੇਵਾ ਕਹਿੰਦੇ। ਅਛੂਤ ਮੰਨਤ ਮੁਰਾਦਾਂ ਲਈ ਭੰਡਾਰਾ ਸੁੱਖਦੇ। ਭੰਡਾਰੇ ਦਾ ਦਿਨ ਚੌਥਾ (ਜੁਮੇਰਾਤ)। ਭੰਡਾਰਾ ਕੀਹ: ਪਹਿਲਾਂ ਫੁੰਮਨੀਆਂ ਮਗਰੋਂ ਲੰਗਰ। ਪੱਕੀ ਥਾਂ ਦਵਾਲੇ ਢੋਲ ਅੱਗੇ ਨੱਚਦਿਆਂ ਫੁੰਮਣ ਹੋਣਾ ਫੁੰਮਨੀਆਂ। ਲੰਗਰ ਵਿੱਚ ਗੁੜ, ਫੁੱਲੜੀਆਂ, ਮਰੂੰਡਾ, ਪਤਾਸੇ ਯਾਂ ਮਿੱਠਾ ਰੋਟ ਵੰਡਦੇ-

ਸਤ ਸੰਗ, ਅਮ੍ਰਿਤ ਪਿਆਲਾ, ਭੰਡਾਰਾ ਤੇ ਭਾਵੇਂ ਪਰ੍ਹਿਆ ਪੰਚਾਇਤ, ਪਰਧਾਨ ਤੇ ਆਗੂ 'ਪੀਰ ਪੰਚ'। ਜੇਹੜਾ ਪੰਜ ਪੀਰ ਪੰਚਾਂ ਉੱਤੇ ਸਰਪੰਚ ਓਹ 'ਨਸ਼ਾਨਦਾਰ' ਅਖਵਾਵੇ। ਪਹਿਲਾ ਨਸ਼ਾਨਦਾਰ ਗੁਜ਼ਰ ਜਾਂਦਾ ਤੇ ਅਗਲੇ ਦੀ ਚੋਣ ਇੰਜ ਕਿਹ ਪੰਜਾਂ 'ਚੋਂ ਸਭ ਤੋਂ ਵੱਡੇ ਪੀਰ ਦੀ ਵੇਲ ਹੋਕਦਿਆਂ ਖੱਬੀ ਵੀਨੀ ਉੱਤੇ ਓਹ ਜ਼ਹਿਰੀ ਨਾਗ ਲੜਾਇਆ ਜਾਂਦਾ ਜਿਹਦੇ ਡੰਗਿਆਂ ਕੋਈ ਜਾਨਦਾਰ ਮੋਇਆ ਹੋਵੇ। ਏਹ ਪੀਰ ਪੰਚ ਜੇ ਨਾ ਬਚਦਾ, ਓਹਨੂੰ ਪਾਪੀ ਮਿੱਥਿਆ ਜਾਵੇ ਜਿਹਦਾ ਮੁਰਦਾ ਰੋਲਦਿਆਂ ਲੈ ਜਾ ਕੇ ਕੱਢੇ ਟੋਏ ਵਿੱਚ ਦੱਬ ਦੇਂਦੇ, ਕਫ਼ਨ ਦਫ਼ਨ ਨਾ ਰਮਾਇਣ ਦਾ ਪਾਠ। ਬੋਲੋਂ ਥਿੜਕਣਾ, ਅਨਿਆਂ ਕਰਨਾ ਤੇ ਧਿਆਨ ਵਿੱਚ ਗੁਮਾਨ ਵੱਡੇ ਪਾਪ। ਮੋਏ ਪਾਪੀ ਪੀਰ ਪੰਚ ਮਗਰੋਂ ਏਹਦੋਂ ਨਿੱਕੇ ਦੀ ਵਾਰੀ। ਜੇਹੜਾ ਜ਼ਹਿਰੀ ਨਾਗ ਦੇ ਡੰਗਿਆਂ ਜੀਊਂਦਾ ਰਵੇ, ਓਹ ਨਸ਼ਾਨਦਾਰ। ਨਸ਼ਾਨ ਕੀਹ:ਫਨ ਖਲਾਰੀ ਖਲੋਤੇ ਜ਼ਹਿਰੀ ਨਾਗ ਦਾ ਚਿੱਤਰ। ਜਿੱਥੇ ਨਾਗ ਡੰਗ ਮਾਰੇ, ਓਥੇ 'ਚਿਤੇਰਾ' ਸੂਈ ਨਾਲ ਪੱਛਦਿਆਂ ਨੀਲ ਝੱਸਦਾ ਜਾਏ, ਇੰਜ ਨਾਗ ਦਾ ਚਿੱਤਰ ਬਣੇ।

ਵਰ੍ਹੇ ਵਾਰ ਅਛੂਤਾਂ ਦਾ ਮੇਲਾ, ਸਾਓਣ ਦਾ ਮਹੀਨਾ ਤੇ ਚੰਨ ਦੀ ਪੰਦਰ੍ਹਵੀਂ। ਦਿਨੇਂ ਰੁੱਸੇ ਮਿਲਦੇ ਤੇ ਰਾਤੀਂ ਗੁੱਗੇ ਪੀਰ ਦੀ ਜੰਜ ਚੜ੍ਹਦੀ। ਅਪਣੇ ਸਭ ਤੋਂ ਵਡੇਰੇ ਬਾਬੇ ਯਾਂ ਮਾਈ ਨੂੰ ਚੁੱਕਿਆ ਹੋਏ, ਪੱਕੀ ਥਾਂ ਦੇ ਸੱਤ ਫੇਰੇ। ਚਿੱਮਟਾ, ਛੈਨ੍ਹਾ ਤੇ ਢੋਲਕੀ ਵੱਜਦੀ, ਝੰਡਾ ਚੁੱਕ ਕੇ ਗਾਂਦੇ ਕੀਹ:

*ਜੀਓ, ਜੀਓ*
*ਉੱਚਾ ਪਿੰਡ ਭਰਮੀ, ਨੀਵਾਂ ਪਾਸ ਲੁੱਚਾ*
*ਜੀਓ, ਜੀਓ*
*ਗੁੱਗਾ ਪੀਰ ਅਧਰਮੀ, ਝੰਡਾ ਜਿਹਦਾ ਉੱਚਾ*
*ਜੀਓ, ਜੀਓ*

ਯਾਦਾਂ ਦੇ ਮੇਲੇ ਵਿੱਚ ਰਲੇ ਪਾਦਰੀ ਆਈ ਡੀ ਸ਼ਹਿਬਾਜ਼ ਦਾ ਤਰਾਹ ਨਿਕਲ ਗਿਆ ਜਦੋਂ ਕੰਨਾਂ ਵਿੱਚ ਦੀਨਦਾਰ ਦੇ ਮੁੰਡੇ ਇਮਾਮਦੀਨ ਦੀ ਵਾਜ ਪਈ, "ਸੁਲੇਮਾਨ ਪੈਗ਼ੰਬਰ ਧਰੋਈ ਧਰੋਈ!" ਪੁਰੇ ਦੀ ਨਿੰਮੀ ਨਿੰਮੀ ਵਾਅ ਵਿੱਚ ਝੁਲੀਆਂ ਯਾਦਾਂ ਹੁਣ ਵਾ ਵਰੋਲਾ। ਵੱਸਦੇ ਹੱਸਦੇ ਮੇਲੇ 'ਚੋਂ ਅਛੂਤ ਕਿਰਨ ਲੱਗ ਪਏ...

**ਆਈ ਪੁਰੇ ਦੀ ਵਾਅ....**

ਕੰਪਨੀ ਬਹਾਦਰ ਦੀ ਸਰਕਾਰ, ਸਿਆਲਕੋਟ ਦਾ ਇਲਾਕ ਮਿਸ਼ਨਰੀਆਂ ਦੇ ਹਵਾਲੇ ਜਿੱਥੇ ਚਰਚ, ਮਿਸ਼ਨ ਸਕੂਲ ਤੇ ਮਿਸ਼ਨ ਹਸਪਤਾਲ ਮਗਰੋਂ ਬਣੇ, ਅਗਦੋਂ ਕਹਾਣੀ ਹੋਰਵੇਂ-

ਮਿਸ਼ਨਰੀ ਸਕਾਟ, ਜਿਹਦਾ ਪੁਰਾਣਾ ਨਾਂ ਜਾਰਜ ਵਾਸ਼ਿੰਗਟਨ ਸਕਾਟ, ਸਿਆਲਕੋਟੋਂ ਬਾਈਬਲ ਮੁਕੱਤੇ ਰਾਸ਼ਨ ਪਾਣੀ ਲੈ ਕੇ ਘੋੜੀ ਉੱਤੇ ਬੈਂਹਦਾ। ਪਹਿਲਾਂ ਓਹ ਜ਼ਫ਼ਰਵਾਲ ਜਾਂਦਾ, ਫ਼ੇਰ ਏਥੋਂ ਨਾਰੋਵਾਲ, ਜਿੱਥੋਂ ਪਸਰੂਰ ਨੂੰ ਮੂੰਹ ਕਰਦਾ ਤੇ ਪਸਰੂਰੋਂ ਮੁੜ ਸਿਆਲਕੋਟ। ਚਮੜੀ ਗੋਰੀ ਪਰ ਪੰਜਾਬੀ ਵੇਸ। ਦੇਸੀ ਚੋਲਾ, ਢਿੱਲਾ ਪਜਾਮਾ, ਜੱਟਕੀ ਜੁੱਤੀ ਤੇ ਸਿਰ ਉੱਤੇ ਕਿਸਾਨੀ ਪੱਗ। ਰਾਹ ਵਿੱਚ ਜਿੱਥੇ ਮੋਈ ਮਾਰੀ ਖ਼ਲਕ ਓਥੇ ਮਿਸ਼ਨਰੀ ਦੀ ਘੋੜੀ ਖਲੋ ਜਾਏ। ਗੋਰਾ ਮਿਸ਼ਨਰੀ ਪਲੀਤਾਂ ਤੋਂ ਉਪਰੈਤ ਕਰੈਹਤ ਨਾ ਕਰਦਾ, ਸਗੋਂ ਓਹਨਾਂ ਨੂੰ ਥਾਪੜਦਿਆਂ ਮੇਹਰ ਦੀ ਨਜ਼ਰੀਂ ਵੇਖਦਾ, ਦਵੱਲਿਓਂ ਧੁਤਕਾਰਿਆਂ ਨੂੰ ਅੰਦਰੋਂ ਖਿੱਚ ਪਵੇ। ਵਾਲਮੀਕੀ,



ਮੇਘ, ਦੀਨਦਾਰ ਤੇ ਮਜ਼ਬੀ ਸਿੱਖ ਮੇਹਰਬਾਨ ਪਰੌਹਣੇ ਦੀ ਸਵਾਰੀ ਪਿੱਛੇ ਲੱਗ ਗਏ। ਅਛੂਤਾਂ ਦੇ ਦੋ ਪੀਰ ਪੰਚ, ਜਿਹਨਾਂ ਦੇ ਨਾਂ ਭਜਨਾ ਤੇ ਮੰਗਨਾ, ਪੂਰਾ ਸੌ ਕੋਹ ਮਿਸ਼ਨਰੀ ਸਕਾਟ ਦੀ ਘੋੜੀ ਮਗਰ ਲੱਗ ਕੇ ਓਹਦੀ ਵੇਲ ਹੋਕਦੇ ਗਏ। ਯਸੂ ਮਸੀਹ ਦੀ ਬਸ਼ਾਰਤ ਅਛੂਤਾਂ ਇੰਜ ਸੁਣੀ ਜਿਵੇਂ ਓਹ ਓਹਨਾਂ ਦੇ ਨਾਂ ਪਿਆਰਾਂ ਭਰੀ ਚਿੱਠੀ ਆਈ। ਜ਼ਫ਼ਰਵਾਲ, ਜੰਦਰਾਂ, ਸੁਖੋ ਚੱਕ ਤੇ ਮਰਾਲੀ, ਏਧਰ ਨਿੱਤ ਆਇਆ ਮਿਸ਼ਨਰੀ ਸਕਾਟ ਜੀਕਣ ਏਸ ਜੂਹ ਦਾ ਜੀਅ ਹੋਵੇ। ਜਦੋਂ ਆਵੇ, ਕੋਈ ਸੁੱਖ ਸੁਨੇਹਾ ਲਿਆਵੇ। ਬੁੱਤੀਆਂ ਕੱਢ ਕੱਢ ਹੰਡ ਗਿਆਂ ਨੂੰ ਮਿਸ਼ਨਰੀ ਸਕਾਟ ਵਧਾਈ ਦਿੱਤੀ ਕਿਹ ਐਤਵਾਰ ਦੇ ਦਿਨ ਕੰਮ ਤੋਂ ਛੁੱਟੀ, ਏਹ ਅਬਾਦਤ ਦਾ ਦਿਨ। ਛੁੱਟੀ ਲਈ ਕਈ ਬਰਾਦਰੀ 'ਚੋਂ ਕਿਰ ਗਏ। ਕਿਰਨਿਆਂ ਨੂੰ ਜਜਮਾਨਾ ਧੱਕੇ ਜ਼ੋਰੀਂ ਐਤਵਾਰ ਨੂੰ ਕੰਮ ਲਈ ਵੰਗਾਰਿਆ, ਮਿਸ਼ਨਰੀ ਸਕਾਟ ਪੁਲਸ ਲੈ ਕੇ ਬੌਹੜਿਆ ਜਿਹਦੇ ਅੱਗੇ ਜ਼ਮੀਨਦਾਰ ਬੇ ਵਸ। ਭਜਨਾ ਦੇ ਬੁੱਢੇ ਮਾਪੇ, ਸੁਨਾਖੀ ਤੇ ਦਵਾਨਾ, ਗੋਰੇ ਮਿਸ਼ਨਰੀ ਸਕਾਟ ਦੇ ਪੈਰੀਂ ਪੈ ਗਏ। "ਸਾਨੂੰ ਸਾਡਾ ਪੁੱਤਰ ਮੋੜਦੇ!" ਪਰ ਭਜਨਾ ਬਰਾਦਰੀ ਵਿੱਚ ਕੀਹ ਪਰਤਦਾ, ਓਹਦੀ ਘਰ ਵਾਲੀ ਰਾਮਦਈ ਵੀ ਕਿਰ ਗਈ। ਇੱਕ ਇੱਕ ਕਿਰਦੇ ਕਿਰਨਿਆਂ ਦਾ ਇੱਜੜ ਮਿਸ਼ਨਰੀ ਸਕਾਟ ਦੇ ਮਗਰੇ ਮਗਰ-

ਅਗਲੇ ਦਿਨ ਵਿਆਹ ਰਾਤੀਂ ਰਹਿਮੀ ਅਪਣੇ ਕੁੜਮ ਮੱਖਣ ਦਾ ਨਾਂ ਲੈ ਕੇ ਧੀ ਪੀਪੋ ਦਾ ਸੁਹਾਗ ਗਾ ਰਹੀ, "ਚੋਣਾਂ ਵਿੱਚੋਂ ਚੋਣ ਮੱਖਣ ਮੇਰੇ ਮਨ ਵਸਦਾ!" ਪਰ ਏਹ ਸੁਹਾਗ ਵੈਣ ਬਣਿਆ, ਜਦੋਂ ਖ਼ਬਰ ਆਈ ਕਿਹ ਮੱਖਣ ਸਣ ਟੱਬਰਾ ਕਿਰ ਗਿਆ। ਕਾਲੂ, ਦੁੱਲਾ, ਲਾਲੂ, ਰਾਮਾ, ਪਿਆਰਾ, ਜੱਸੂ, ਲਾਹਨੂੰ, ਗੰਡੂ ਤੇ ਰਹਿਮਾ, ਪੂਰੀ ਬਰਾਦਰੀ ਮਸੀਹੀ ਹੋਵਣ ਨੂੰ ਤਿਆਰ, ਨਸ਼ਾਨਦਾਰ ਦਿਆਲਾ ਮਿਸ਼ਨਰੀ ਸਕਾਟ ਅੱਗੇ ਚਾਰ ਅਰਜ਼ਾਂ ਲੈ ਕੇ ਹਾਜ਼ਰ ਹੋਇਆ ਤੇ ਹੱਥ ਜੋੜ ਕੇ ਬੋਲਿਆ:

* ਫ਼ਸਲਾਂ ਦੀ ਬਿਜਾਈ ਤੇ ਵਾਢੀ ਸਮੇਂ ਬਰਾਦਰੀ 'ਚੋਂ ਕਿਰਨ ਦੀ ਰੋਕ ਹੋਵੇ!
* ਐਤਵਾਰ ਦੇ ਦਿਨ ਕਿਰਨਿਆਂ ਨੂੰ ਕੰਮ ਦੀ ਮਨਾਹੀ ਨਾ ਹੋਵੇ!
* ਕਿਰਨਿਆਂ ਨੂੰ ਪੁਰਾਣੇ ਧਰਮ ਦੇ ਢੰਗ ਨਾਲ ਮਰਨੇ ਪਰਨੇ ਦੀ ਛੋਟ ਹੋਵੇ!
* ਯਸੂ ਮਸੀਹ ਦੇ ਨਾਲ ਨਾਲ ਕਿਰਨਿਆਂ ਨੂੰ ਬਾਲਾ ਸ਼ਾਹ ਤੇ ਗੁੱਗੇ ਪੀਰ ਦੇ ਮੰਨਣ ਮਾਨਣ ਦੀ ਖੁੱਲ ਹੋਵੇ!

ਸ਼ਰਤਾਂ ਸੁਣ ਕੇ ਹਰ ਵੇਲੇ ਹੱਸਮੁੱਖ ਮਿਸ਼ਨਰੀ ਸਕਾਟ ਦੇ ਮੱਥੇ ਉੱਤੇ ਓਬੜ ਤਿਊੜੀ ਆ ਗਈ, ਘੁਰਾਖੀ ਪਾ ਲਈ ਤੇ ਕਚੀਚੀ ਵੱਟ ਕੇ ਪੰਜਾਬੀ ਬੋਲਣੀ ਭੁੱਲ ਗਿਆ, ਤੇ ਅਪਣੀ ਬੋਲੀ ਵਿੱਚ ਖਰਵਾ ਬੋਲਿਆ,

"No, man can cross a river on two boats. You must forsake all for Christ, or you will not be counted worthy of Him!"

ਏਸ ਬੁਲਾਰੇ ਨੂੰ ਸਗਵਾਂ ਤਿੱਖਾ ਮਾਂ ਬੋਲੀ ਵਿੱਚ ਅਹਿਸਾਨ ਉੱਲਾਹ ਪਰਤਾਇਆ। ਅਹਿਸਾਨ ਉੱਲਾਹ, ਓਹਦੀ ਬਰਾਦਰੀ ਦਾ ਬੰਦਾ, ਪਾਦਰੀ ਆਈ ਡੀ ਸ਼ਹਿਬਾਜ਼ ਸਿਹਾਨ ਲਿਆ ਜਿਹਨੂੰ ਚੇਤੇ ਆਇਆ ਕਿਹ ਕਿਵੇਂ ਅਹਿਸਾਨ ਉੱਲਾਹ ਮਸੀਹ ਹੋ ਕੇ ਇੰਗਲੈਂਡ ਗਿਆ, ਓਥੋਂ ਅੰਗਰੇਜ਼ੀ ਸਿੱਖ ਦੇ ਆਇਆ, ਹੁਣ ਨਾਰੋਵਾਲ ਦੇ ਐਂਗਲੀਕਨ ਚਰਚ ਵਿੱਚ ਪਾਦਰੀ।

ਅਪਣੇ ਘਰਾਂ ਨੂੰ ਕਈ ਕਿਰਨੇ ਛੱਡ ਕੇ ਇਕੱਲੇ ਮਿਸ਼ਨ ਵਿੱਚ ਆ ਗਏ ਪਰ ਯਾਦਾਂ ਪੀਘਾਂ ਝੂਟਦੀਆਂ ਰਹਿਣ। ਓਹਨਾਂ ਨੂੰ ਵੌਹਟੀ, ਬਾਲ, ਮਾਪੇ, ਭੈਣ, ਭਰਾ, ਯਾਰ-ਬੇਲੀ, ਬਾਲਾ ਸ਼ਾਹ ਤੇ ਗੁੱਗਾ ਪੀਰ ਚੇਤੇ ਆਓਣੋ ਨਾ ਰਹਿੰਦੇ, ਮਿਸ਼ਨਰੀ ਸਕਾਟ ਪਿਛਲਿਆਂ ਨੂੰ ਮਿਲਣ ਤੇ ਘਰ ਜਾਵਣ ਤੋਂ ਕਦੀ ਨਾ ਰੋਕਿਆ, ਕੋਈ ਧਿੰਗ ਧੱਗਾਨ ਨਾ ਕਿਓਂ ਜੇ ਓਹ ਮਸੀਹੀ ਹੋਵਣ ਦਾ ਵਚਨ ਦੇ ਕੇ ਜਾਂਦੇ। ਏਹ ਓਹਨੂੰ ਪੱਕ ਕਿਹ ਕਿਰਨੇ ਮਗਰੋਂ ਅਸਲ ਅਸੀਲ ਤੇ ਵਚਨ ਦੇ ਪੱਕੇ। ਜ਼ਮੀਨਦਾਰਾਂ ਨੂੰ ਏਹ ਚਾਨਣ ਕਿਹ ਓਹ ਕਿਰਨਿਆਂ

ਨਾਲ ਜ਼ੋਰ ਜ਼ਬਰਦਸਤੀ ਕਰਨ ਜੋਗੇ ਨਾ, ਓਹਨਾਂ ਕ ਕੰਮ ਕੀਤਾ। ਸ਼ਾਮਲਾਟ ਉੱਤੇ ਮਾਲਕ ਖਾਤੇਦਾਰਾਂ ਦਾ ਹੱਕ ਜਿੱਥੋਂ ਕਿਰਨੇ ਬੇਦਖ਼ਲ ਹੋਏ। ਬੇਘਰ ਹੋਏ ਮਾੜੇ ਮਸੀਹੀ ਮਿਸ਼ਨਰੀ ਸਕਾਟ ਦਾ ਰਾਹ ਵੇਖਣ ਲੱਗ ਪਏ ਜੇਹੜਾ ਓਹਨਾਂ ਦੀ ਮਦਦ ਲਈ ਅੱਪੜ ਪਿਆ। ਓਹਨੇ ਅਪਣੀ ਸਰਕਾਰ ਕੋਲੋਂ ਨਥਾਵਿਆਂ ਲਈ ਥਾਂ ਲਈ। ਕਿਰਨਿਆਂ ਲਈ ਦੋ ਨਵੀਆਂ ਵਸਤੀਆਂ ਵੱਸੀਆਂ। ਨਵਾਂ ਪਿੰਡ ਤੇ ਸਕਾਟ ਗੜ੍ਹ। ਸਾਲਵੇਸ਼ਨ ਆਰਮੀ ਦੇ ਜਨਰਲ ਬੂਥ ਏਸ ਇਲਾਕ ਦਾ ਦੌਰਾ ਕੀਤਾ, ਪੂਰੀ ਜੂਹ ਵਿੱਚ ਗੱਲ ਹੁਲ ਗਈ।

*"ਮਸੀਹੀ ਮਜ਼੍ਹਬ ਹਾਕਮਾਂ ਦਾ॥"*

ਰਿਆਇਆ ਨੂੰ ਕੰਨ ਹੋ ਗਏ।

ਸਿਆਲਕੋਟ ਵਿੱਚ ਟੈਨਰੀ ਲੱਗ ਗਈ, ਪਿੰਡਾਂ 'ਚੋਂ ਚਿੱਕੇ ਅਛੂਤ ਚਮਾਰਾਂ ਨੂੰ ਰੁਜ਼ਗਾਰ ਲੱਭਾ, ਚੌਧਰੀਆਂ ਦੀ ਮੁਥਾਜੀ ਮੁੱਕੀ। ਗੁਜਰਾਂਵਾਲੇ ਮਿਸ਼ਨ ਦਾ ਇੰਡਸਟਰੀਅਲ ਹੋਮ ਬਣਿਆ ਜਿੱਥੇ ਕੰਮ ਸਿੱਖਣ ਲਈ ਕਿਰਨੇ ਦਾਖ਼ਲ ਹੋਏ, ਪਰ ਇਲਾਕ ਵਿੱਚ ਤਰਥੱਲੀ ਓਦਣ ਆਈ ਜਦੋਂ ਲੱਭੂ ਮੱਲ ਤੇ ਨੱਥੂ ਬਾਜਵਾ ਅਪਣੀ ਬਰਾਦਰੀ 'ਚੋਂ ਕਿਰ ਗਏ। ਖੱਤਰੀਆਂ ਤੇ ਜੱਟਾਂ ਨੂੰ ਢੇਰ ਝੋਰਾ, ਝੁਖਦਿਆਂ ਨੂੰ ਪਰਚਾਵਣ ਲਈ ਆਰੀਆ ਸਮਾਜੀ ਪੰਡਤ ਤੇ ਅਹਿਮਦੀ ਮੁਰੱਬੀ ਅੱਪੜ ਪਏ। ਆਰੀਆ ਸਮਾਜੀਆਂ ਹਿੰਦੂਆਂ ਨੂੰ ਕਿਰਨ ਤੋਂ ਡੱਕ ਲਿਆ ਤੇ ਅਹਿਮਦੀਆਂ ਜੱਟਾਂ ਨੂੰ ਰਲਾਦਿਆਂ ਅਪਣੀ ਜਮਾਇਤ ਦੀ ਗਿਣਤੀ ਵਧਾਈ, ਪਰ ਅਛੂਤ ਵਾਂਝੇ ਵਰਗ ਮਸੀਹੀ ਮਿਸ਼ਨ ਦੇ ਹਵਾਲੇ–

ਅਪਣੇ ਪਾਸੇ ਦੀ ਵਾਅ, ਯਾਦਾਂ ਵਿੱਚ ਕਈ ਮੁੱਖ ਲਹਿਰਦੇ ਆਏ, ਜਵਾਹਰ, ਫ਼ਕ ਪਰੇਮਾ, ਚੁਗ਼ੱਤਾ, ਦਿਤ ਪਰ ਵਿੱਸਰੇ ਸਮੇਂ ਦੀ ਕਥਾ ਦਾ ਮੁੱਖ ਪਾਤਰ ਮਸਤਾ ਅੱਖੀਆਂ ਵਿੱਚ ਟਿਕ ਈ ਗਿਆ, ਪਰਾਂਹ ਹੀ ਨਾ ਹੋਵੇ। ਵਾਅ ਪਾਦਰੀ ਆਈ ਡੀ ਸ਼ਹਿਬਾਜ਼ ਨੂੰ ਕਿੱਥੋਂ ਕਿੱਥੇ ਲੈ ਗਈ–

ਰਾਮ ਰਾਮ ਜਪਦਾ ਪਿੰਡ ਸੱਤਪੁਰ, ਜਿੱਥੋਂ ਦੇ ਆਰੀਆ ਸਮਾਜੀ ਪੰਡਤ ਜਵਾਲਾ ਨਾਥ ਤੇ ਬਿਆਜੜ ਭੋਏਵਾਲ ਚੌਧਰੀ ਨੰਦ ਲਾਲ ਦੀ ਪੂਰੀ ਜੂਹ ਵਿੱਚ ਜੈ ਜੈ ਕਾਰ। ਕੋਠੇ ਟੱਪਣਾ ਬੱਲ੍ਹਾ, ਚੌਧਰੀ ਦਾ ਮੁੰਡਾ, ਪੂਰਾ ਨਾਂ ਬਲਰਾਜ ਕੁਮਾਰ ਚੌਧਰੀ, ਮਸ ਫੁਟ ਰਹੀ ਪਰ ਬਾਲਾਂ ਵਿੱਚ ਬਾਲ, ਸਾਰਾ ਪਿੰਡ ਓਹਦੇ ਲਾਡ ਲਡਾਏ। ਹਨੂਮਾਨ ਜੀ ਦਾ ਵੇਸ ਵਟਾਈ ਫਿਰੇ। ਸੰਧੂਰ ਵਿੱਚ ਨ੍ਹਾਤਾ, ਸਿਰ ਉੱਤੇ ਸੁਨਿਹਰਾ ਮੁਕਟ, ਮੋਢੇ ਸੁਨਿਹਰੀ ਪਹਿਲਵਾਨੀ ਗੁਰਜ ਤੇ ਪਿੱਛੇ ਪੂਛਲ। ਲੰਮੀ ਛਾਲ ਮਾਰ ਕੇ ਇਕ ਕੋਠੇ 'ਤੋਂ ਦੂਜੇ ਕੋਠੇ ਤੇ ਕਦੀ ਕਿਸੇ ਰੁੱਖ਼ ਉੱਤੇ ਚੜ੍ਹ ਕੇ ਟੀਸ਼ੀ ਤੋਂ ਸਿਰ ਕੱਢ ਲਏ। ਕੋਈ ਹੋੜ ਹਟਕ ਨਾ, ਜੇਹੜਾ ਵੇਖੇ ਸਗੋਂ ਪਰਨਾਮ ਕਰੇ। ਗਲੀ ਗਲੀ, ਜੈ ਬਜਰੰਗ ਬਲੀ। ਚੌਧਰੀ ਨੰਦ ਲਾਲ ਦੀ ਹਵੇਲੀ ਦੇ ਪਿਛਵਾੜੇ, ਕੁਝ ਦੁਰਾਡੀ ਰੋਹੀ ਜਿਹਦੇ ਵਿੱਚ ਸ੍ਹਾਂਸੀ ਅਛੂਤਾਂ ਦੇ ਝੁੱਗੇ। ਜਿੱਧਰ ਹਵੇਲੀ ਦੀ ਛੱਤ ਉਪਰੋਂ ਵੇਖਦਿਆਂ ਬੱਲ੍ਹਾ ਖ਼ੁਸ਼ ਹੋਵੇ:

*ਅਸੀਂ ਉੱਚੇ ਚਬਾਰੇ*

*ਤੁਸੀਂ ਕੀੜੀਆਂ ਦੇ ਦਾਰੇ*

ਦੂਜੇ ਬਾਲ ਸਿਰ ਨੀਵੇਂ ਕਰ ਲੈਂਦੇ ਪਰ ਮਸਤੂ ਅੱਗੋਂ ਓਹਦੇ ਝੀਂਘੇ ਲਾਵੇ।

ਉੱਚੀ ਜਾਤੀ ਦੇ ਬ੍ਰਾਹਮਣ ਪੰਡਤ ਜਵਾਲਾ ਨਾਥ ਮੂਜਬ ਅਛੂਤਾਂ ਸਤਪੁਰ ਨੂੰ ਭਰਿਸ਼ਟ ਕੀਤਾ ਹੋਇਆ ਜਿਹਨਾਂ ਨੂੰ ਏਥੋਂ ਕੱਢਣ ਲਈ ਓਹਨੇ ਵਾਧੂ ਉਪਰਾਲੇ ਕੀਤੇ ਪਰ ਚੌਧਰੀ ਨੰਦ ਲਾਲ ਦੀ ਪਰਧਾਨਗੀ ਵਿੱਚ ਪਰ੍ਹਿਆ ਪੰਡਤ ਨਾਲ ਸਹਿਮਤ ਨਾ ਹੋਈ। ਸਹਿਮ ਵਹਿਮ ਦੀ ਰੁੱਤੇ ਬੇਵਸੀ ਪਵਿੱਤਰ ਵਸੇਬੇ ਨੂੰ ਅਛੂਤਾਂ ਦਾ ਮਥਾਜ ਕੀਤਾ ਹੋਇਆ। ਘਰਾਂ ਅੰਦਰ ਬਾਹਰਲੇ ਬਿੱਲੇ, ਕੇਹੜੇ ਵੇਲੇ ਕਿਧਰੋਂ ਕੀਵੇਂ ਅੰਦਰ ਆ ਵੜਦੇ, ਕੋਈ ਸਮਝ ਨਾ ਆਵੇ। ਢੱਠੇ ਕੋਠਿਆਂ ਦੇ ਮਲਬੇ ਹੇਠ, ਘਰਾਂ ਦੀਆਂ ਪਿਛਲੀਆਂ ਕੋਠੜੀਆਂ ਵਿੱਚ ਜੁੜੇ ਵਸਤ



ਵਲੇਵੇ ਓਹਲੇ, ਤੇ ਬਾਲਣ ਵਾਲੇ ਅੰਦਰਾਂ ਵਿੱਚ ਲੁਕੇ ਡਰਾਵਣੇ ਧਾਰੀਦਾਰ ਭੂਸਲੇ ਬਾਘੜ ਬਿੱਲੇ ਦੇ ਹਮਲੇ ਦਾ ਹੌਲ ਰ੍ਹਵੇ ਜਿਹਨੂੰ ਸ੍ਹਾਂਸੀਆਂ ਦੇ ਕੁੱਤੇ ਸੁੰਘਦਿਆਂ ਕੱਢ ਕੇ ਲੜਦਿਆਂ ਮਾਰਦੇ। ਸੁੱਖ ਦਾ ਸਾਹ ਲੈਂਦੇ, ਚੌਧਰਾਣੀਆਂ ਸ੍ਹਾਂਸੀਆਂ ਨੂੰ ਦੂਰੋਂ ਬੇਹਾ ਟੁੱਕਰ ਪਾਂਦੀਆਂ ਜੇਹੜਾ ਕਜਾਕ ਕੁੱਤੇ ਖਾਂਦੇ, ਸ੍ਹਾਂਸੀ ਚਾਈਂ ਚਾਈਂ ਘਰ ਜਾ ਕੇ ਬਿੱਲਾ ਚਾੜ੍ਹਦੇ।

ਬੱਲ੍ਹੇ ਦੇ ਲੇਖ ਹਰ ਗਏ ਜਿਦਨ ਓਹ ਮਹਾਰਾਜ ਉੱਚੇ ਚਬਾਰੇ ਤੋਂ ਕੀੜੀਆਂ ਦੇ ਦਾਰੇ ਪਧਾਰਿਆ। ਮਸਤੂ ਤੇ ਖ਼ੌਰੇ ਓਹਦੇ ਸੁਆਗਤ ਲਈ ਏਹ ਈ ਡੰਗ ਉਡੀਕ ਰਹਿਆ। ਮਸਤੂ ਆਕੜ ਕੇ ਸੈਨਾਪਤੀ, ਅਪਣੀ ਕੁਤੀਕ ਸੈਨਾ ਨੂੰ ਓਹਨੇ ਹਨੂਮਾਨ ਵੱਲ ਲਲਕਾਰਿਆ। ਮਲੂਟੇ ਸ਼ੂਕਦੇ ਕੁੱਤੇ ਸੁਨਹਿਰੀ ਬਜਰੰਗ ਬਲੀ ਵੱਲ ਦੌੜੇ ਜਿਹਨੇ ਬਾਪੂ ਬਾਪੂ ਕਰਦਿਆਂ ਸ਼ੂਟ ਵੱਟੀ। ਦੌੜਦਿਆਂ ਮੁਕਟ ਤੇ ਗੁਰਜ ਸੰਭਲਦੇ ਕੀਕਣ। ਰਣਭੂਮੀ ਵਿੱਚ ਰੁਲਦੇ ਦਿੱਸੇ। ਕੁੱਤੇ ਬੱਲ੍ਹੇ ਨੂੰ ਅੱਪੜਦੇ ਜਾਪੇ ਪਰ ਓਹ ਰੁੱਖ ਚੜ੍ਹਣਾ, ਗਾਲੜ ਵਾਂਗੂੰ ਖੁੰਗੀ ਖੁੰਗੀ ਉਤਾਂਹ ਚੜ੍ਹਦਾ ਅਸਮਾਨੇ ਜਾ ਬੈਠਾ। ਭੌਂਕਦੇ ਕੁੱਤੇ ਅਗਲੀਆਂ ਟੰਗਾਂ ਚੁੱਕ ਕੇ ਹੁੰਭਲੀਆਂ ਮਾਰ ਮਾਰ ਰੁੱਖ ਨੂੰ ਨੌਂਹਦਰਦੇ ਹੇਠ ਭੁੰਜੇ ਈ ਰਹਿ ਗਏ। ਹਾਰੇ ਹੋਏ ਮਸਤੂ ਨੂੰ ਠੁੱਠ ਵਖਾਂਦਿਆਂ ਬੱਲ੍ਹਾ ਖਿੜ ਖਿੜ ਹੱਸਿਆ। ਓਹਨੇ ਡੱਬ 'ਚੋਂ ਰੋਟੀ ਕੱਢੀ ਤੇ ਪਿਆਰ ਨਾਲ ਪੁਚਕਾਰਦਿਆਂ ਬੁਰਕੀ ਬੁਰਕੀ ਕੁੱਤਿਆਂ ਨੂੰ ਪਾਈ ਜਾਵੇ। ਜੇਹੜਾ ਕੁੱਤਾ ਖਾਵੇ, ਡਿਗਦਿਆਂ ਓਹਦੇ ਮੂੰਹ 'ਚੋਂ ਝੱਗ ਛੁੱਟ ਜਾਏ।

ਖ਼ਬਰ ਉੱਡ ਗਈ, ਪਿੰਡ ਇਕੱਠਾ ਹੋਇਆ, ਪੰਡਤ ਜਵਾਲਾ ਨਾਥ ਤੇ ਚੌਧਰੀ ਨੰਦ ਲਾਲ ਦੇ ਅੱਪੜਣ ਤਾਈਂ ਬੱਲ੍ਹੇ ਦੀ ਬੱਲੇ ਬੱਲੇ ਹੋ ਰਹੀ। ਅਛੂਤ ਚੌਧਰੀ ਦੇ ਪੈਰੀਂ ਕੀਹ ਪੈਂਦੇ, ਮੋਏ ਕੁੱਤਿਆਂ ਉੱਤੇ ਹਾਏ ਸਿਆਪਾ। ਚੌਧਰੀ ਅਪਣੀ ਜੁੱਤੀ ਨੂੰ ਹੱਥ ਕੀਹ ਪਾਇਆ, ਵੇਖਦੇ ਵੇਖਦੇ ਪੂਰੇ ਪਿੰਡ ਦੀਆਂ ਜੁੱਤੀਆਂ, ਤੇ ਮਸਤੂ ਦਾ ਸਿਰ। ਚੌਧਰੀ ਰੱਸੀ ਤੇ ਕਿੱਲਾ ਮੰਗਵਾਇਆ ਜਿਹਦੇ ਨਾਲ ਮਸਤੂ ਨੂੰ ਬੰਨ੍ਹਿਓ ਨੇ। ਮਰੀਂਦੜ ਮਸਤੂ ਬਥੇਰਾ ਏਧਰ ਓਧਰ ਨੱਸਣ ਲਈ ਟਿੱਲ ਲਾਇਆ ਪਰ ਰੱਸੀ ਜਿੰਨੀ ਲੰਮੀ, ਓਹ ਈ ਓਹਦੀ ਹੱਦ। ਓਹਦੀ ਬੱਸ ਹੋ ਗਈ ਤੇ ਓਹ ਲੰਮਾ ਪੈ ਗਿਆ, ਮਾਰਨ ਆਏ ਵੀ ਥੱਕ ਕੇ ਪੋਲੇ ਪੈਰੀਂ ਪਾਉਣ ਲੱਗੇ ਪਰ ਪੰਡਤ ਰੌਲਾ ਪਾ ਦਿੱਤਾ, "ਏਹ ਜੁੱਤੀਆਂ ਭਿਟ ਗਈਆਂ!" ਸਭਨਾਂ ਓਹ ਜੁੱਤੀਆਂ ਕਿੱਲੇ ਨਾਲ ਈ ਸੁੱਟ ਦਿੱਤੀਆਂ। "ਮਸਤੂ ਸੱਤ ਦਿਨ ਬੱਧਾ ਰਹਿਣਾ!" ਜਾਂਦਿਆਂ ਚੌਧਰੀ ਅਛੂਤਾਂ ਲਈ ਹੁਕਮ ਛੱਡ ਗਿਆ। "ਜੈ ਹਨੂਮਾਨ!" ਰਾਜ ਕੁਮਾਰ ਯੋਧਾ ਪਰਜਾ ਦੇ ਮੋਢਿਆਂ ਉੱਤੇ ਬਿਰਾਜਮਾਨ, ਜੇਤੂ ਜਿੱਤ ਕੇ ਜਾ ਰਹੇ। ਪਿੱਛੇ ਲਿਤਰਾਂ ਉੱਤੇ ਮਸਤੂ ਬੱਧਾ ਪਿਆ, ਪਰਾਂਹ ਕੁੱਤੇ ਮੋਏ ਪਏ, ਦੁਆਲੇ ਸ੍ਹਾਂਸੀ ਸੋਗੀ।

ਸੱਤ ਦਿਨ ਮੁੱਕੇ, ਮੋਈ ਰੋਹੀ ਜੀ ਪਈ। ਰੱਸੀ, ਕਿੱਲਾ ਤੇ ਜੁੱਤੀਆਂ ਦੀ ਢੇਰੀ, ਏਹ ਸਜ਼ਾ ਦਾ ਸਾਮਾਨ ਜਿਹਦੇ ਨਾਲ ਮਸਤੂ ਖੇਡ ਰਚਾਈ। ਹੇਠ ਜੁੱਤੀਆਂ 'ਚੋਂ ਖੁਸ਼ੀਆਂ ਖਿੜ ਖਿੜ ਹੱਸੀਆਂ। ਉਪਰੋਂ ਬਾਰੀ 'ਚੋਂ ਝਾਕਦਿਆਂ, ਚਬਾਰੇ ਦੇ ਮੰਦਰ ਵਿੱਚ ਮੂਰਤ ਹੋਏ ਹਨੂਮਾਨ ਦੇ ਅੰਦਰ ਦਾ ਬਾਲ ਖੇਡਣ ਮੰਗੇ। ਓਹ ਉਪਰੋਂ ਲੱਥਾ ਤੇ ਰੋਹੀ ਵਿੱਚ ਆ ਬਾਲਾਂ ਨਾਲ ਰਲਿਆ ਜਿੱਥੇ ਖੇਡਣ ਲਈ ਖਡਾਰ ਪੁੱਗ ਰਹੇ:

*ਏਂਗਨ ਮੇਂਗਨ ਤਲੀ ਤਲੇਂਗਨ*

*ਸਾਵਾ ਪੀਲਾ ਡਕਰਾ*

*ਗੁੜ ਖਾਈਂ, ਵੇਲ ਵਧਾਈਂ*

*ਵਧ ਵਧ ਮੂਲੀ ਦਿਆ ਪੱਤਰਾ*

ਪੁੱਗਣ ਪਗਾਨ ਮਸਤੂ ਦੇ ਹੱਥ ਵੱਸ, ਸਾਰੇ ਪੁੱਗ ਗਏ, ਬੱਲ੍ਹਾ ਪੁੱਗਣੋ ਰਹਿ ਗਿਆ ਜਿਹਨੂੰ ਕਿੱਲੇ ਨਾਲ ਬੱਝੀ ਰੱਸੀ ਫੜਾਇਓ ਨੇ, ਓਹ ਜੁੱਤੀਆਂ ਦਾ ਰਾਖਾ। ਕੰਗਾਲ ਅਛੂਤਾਂ ਦੇ ਬਾਲ ਕਾਂਗੜੀ ਪਰ ਚੋਖੇ ਤਰਿਖੇ। ਕੋਈ ਏਧਰੋਂ ਝੁਰਾਟ ਮਾਰੇ ਤੇ ਜੁੱਤੀ ਲੈ ਜਾਏ, ਕੋਈ ਓਧਰੋਂ ਸ਼ਾਂ ਕਰਦਾ ਆਵੇ। ਬੱਲ੍ਹਾ ਪਲਿਆ ਚੰਗਾ ਪਰ

ਢਿੱਲਾ ਫੋਸੜ, ਓਹਨੇ ਕਿਸੇ ਨੂੰ ਨਾ ਛੋਹਿਆ, ਸਭ ਜੁੱਤੀਆਂ ਚੁੱਕੀਆਂ ਗਈਆਂ। ਹਨੂਮਾਨ ਦੇ ਵੇਸ ਵਿੱਚ ਬੱਲ੍ਹੇ ਨੂੰ ਅੱਗੇ ਲੱਗ ਕੇ ਨੱਸਣਾ ਪਿਆ, ਜਦੋਂ ਅਛੂਤਾਂ ਦੇ ਬਾਲ ਓਹਨੂੰ ਜੁੱਤੀਆਂ ਮਾਰਨ ਪਏ। ਬੱਲ੍ਹੇ ਪਿੰਡ ਨੂੰ ਮੂੰਹ ਕੀਤਾ, ਪਿੱਛੇ ਅਛੂਤਾਂ ਦੇ ਬਾਲ। ਬੱਲ੍ਹੇ ਦੀ ਪੁਕਾਰ ਸੁਣ ਕੇ ਬਜਰੰਗ ਦਲ ਦੇ ਲੱਠ ਬਰਦਾਰ ਜੱਥੇ ਅੱਪੜਦਿਆਂ ਝੱਟ ਨਾ ਲਾਇਆ। ਯਰਕਿਆ ਮਸਤੂ ਕਿਧਰੇ ਮੂੰਹ ਕਰ ਗਿਆ, ਪਿੱਛੇ ਰੋਹੀ 'ਚੋਂ ਲੰਬੂ ਅਸਮਾਨੀ ਚੜ੍ਹੇ। ਜੇਹੜਾ ਅਛੂਤ ਹੱਥ ਆਇਆ, ਚੌਧਰੀਆਂ ਓਹਨੂੰ ਕਿੱਲੇ ਨਾਲ ਬੰਨ੍ਹ ਕੇ ਮਾਰਿਆ। ਜੋ ਵਾਪਰੀ, ਲੋਕਾਈ ਵਿੱਚ ਲੁਕਦੀ ਕੀਕੁਣ, ਕਹਾਣੀ ਆਮ ਹੋਈ, ਬਾਂਦਰ ਕਿੱਲਾ ਪੂਰੇ ਮਾਝੇ ਖੇਡੀ।

ਮਸਤੂ ਨਾਂ ਵੀ ਵਟਾਏ ਤੇ ਰੂਪ ਵੀ। ਮਸਤੂ ਰਾਮ, ਮਸਤਾਨ ਖ਼ਾਨ, ਮਸਤੂ ਮਸੀਹ ਤੇ ਮਸਤਾ ਸਿੰਘ। ਮੰਦਰ, ਮਸੀਤ, ਮਿਸ਼ਨ ਤੇ ਗੁਰਦਵਾਰਾ। ਮਸਤੂ ਰੁਲ ਰੁਲ ਪੜ੍ਹਿਆ ਤੇ ਪੜ੍ਹ ਪੜ੍ਹ ਰੁਲਿਆ। ਸਵਾਦੀ ਲੋਭਾਂ ਲਈ ਵਾਧੇ ਪਈ ਖੋਹ ਖੁਸ ਤੇ ਅਬੜ ਦਬੜ ਤੋਂ ਪਰਾਂਹ ਰਹਿੰਦਿਆਂ ਗੁੰਝਲ ਗੁੰਝਲ ਘੋਰ ਅਚੰਭੇ ਓਹਨੂੰ ਘੇਰਾ ਪਾਇਆ। ਸਵਾਹਰੇ ਸਫ਼ਰ ਦੀ ਗੋਲ ਗਵਾਚੀ ਤੇ ਸੂਝਲ ਸੋਚ ਨਾਬਰ ਸਵਾਲ ਨਾਲ ਉੱਧਲ ਗਈ। ਕੁਦਰਤ, ਮਨੁੱਖ, ਵਸਤ, ਮੱਲ ਤੇ ਧਰਮ, ਸਭ ਬੁਝਾਰਤ ਹੋਏ। ਓਹਨੇ ਰੀਤਲ ਵਿਚਾਰ ਲੀਹ ਕੀਹ ਛੱਡੀ, ਹੋਂਦ ਦੀ ਸਾਰ ਸੰਤਾਪ ਬਣੀ ਤੇ ਬੇਗਾਨਗੀ ਦਾ ਰੋਗ ਦਿਵਾਨਗੀ। ਅੰਦਰੇ ਅੰਦਰ ਧੁਖ਼ਦਿਆਂ ਓੜਕ ਓਹ ਪਟਾਕ ਪਿਆ:

*ਹਰ ਵਿੱਚ ਹਰ, ਤੇ ਕਾਹਦਾ ਡਰ*

ਬੁੱਢੇ ਪਾਦਰੀ ਆਈ ਡੀ ਸ਼ਹਿਬਾਜ਼ ਨੂੰ ਚੱਕਰ ਆ ਗਿਆ ਜਿਹਦੇ ਸਾਹਮਣੇ ਮਸਤਾ ਮਸਤਿਆ ਹੋਇਆ। ਸਭ ਮਾਨ ਤੇ ਆਦਰ ਓਹਦੇ ਲਈ ਜੁੱਤੀਆਂ ਦੀ ਢੇਰੀ, ਬਾਂਦਰ ਰਾਖੇ ਨੂੰ ਵੇਹਰਦਿਆਂ ਹੋਕੀ ਜਾਏ:

*ਪਵਿੱਤਰ ਪੋਥੀਆਂ ਸਿਆਸੀ ਸਮਾਜੀ ਚਾਲਬਾਜ਼ੀ!*

*ਬੰਦੇ ਤੋਂ ਉਪਰ ਕੋਈ ਹਸਤੀ ਨਾ!*

*ਮਰਨੋਂ ਮਗਰ ਅਗਲਾ ਜਹਾਨ, ਸਭ ਵਹਿਮ ਗਮਾਨ!*

*ਏਹ ਜੀਵਨ ਰੱਜ ਹੰਢਾਓ ਤੇ ਖ਼ੌਫ਼ਾਂ ਨੂੰ ਮਗਰੋਂ ਲਾਹੋ!*

ਪੰਡਤ, ਪਾਦਰੀ, ਮੌਲਵੀ ਤੇ ਸੰਤ ਓਹਦੇ ਖ਼ਿਲਾਫ਼ ਪਰ ਕੁਝ ਹਮਾਤੜ ਅਛੂਤਾਂ ਓਹਨੂੰ ਗੁਰੂ ਮੰਨ ਲਿਆ, ਓਹਦੀ ਸੇਵਾ ਤੇ ਟਹਿਲ ਟਕੋਰ ਹੋਵਣ ਲੱਗ ਪਈ। ਮੰਨਣਹਾਰ ਭਾਵੇਂ ਮਾੜੇ ਪਰ ਅਪਣੇ ਸਤਿਗੁਰ ਦੇ ਖਾਵਣ ਪਾਵਣ, ਹੁੱਕ ਤੰਬਾਕੂ ਤੇ ਭੰਗ ਪੋਸਤ ਦਾ ਪਰਬੰਧ ਕਰੀ ਰੱਖਣ, ਜੇਹੜਾ ਅਪਣੇ ਵਿਚਾਰ ਪਰਚਾਰਦਾ ਫਿਰੇ, ਅੱਗੇ ਅੱਗੇ ਗੁਰੂ ਮਸਤਾ ਤੇ ਪਿੱਛੇ ਪਿੱਛੇ ਓਹਦੇ ਦੋ ਚੇਲੇ, ਜਵਾਹਰ ਤੇ ਫ਼ਕ ਜਿਹਨਾਂ ਨੂੰ ਓਹਨੇ ਪੜ੍ਹਣਾ ਲਿਖਣਾ ਸਿਖਾਇਆ। ਪਰਦੇਸੀ ਮਿਸ਼ਨਰੀ ਸਕਾਟ ਨਾਲ ਟਾਕਰਾ ਹੋਇਆ, ਜੀਹਦੀਆਂ ਦਲੀਲਾਂ ਨਾਲ ਸਿਰ ਫਿਰਿਆ ਮਸਤਾ ਆਪ ਨਾ ਢੱਠਾ ਪਰ ਬਿਨ ਤਨਖ਼ਾਹੋਂ ਨੌਕਰ, ਓਹਦੇ ਦੋਵੇਂ ਚੇਲੇ, ਪਰੌਹਣਾਚਾਰੀ ਕਰਦਿਆਂ ਗੋਰੇ ਮਿਸ਼ਨਰੀ ਸਕਾਟ ਦੀਆਂ ਗੱਲਾਂ ਵਿੱਚ ਆ ਕੇ ਅਪਣੇ ਗੁਰੂ ਨੂੰ ਛੱਡ ਗਏ। ਪਰਤੇ ਓਦੋਂ ਜਦੋਂ ਓਹ ਜਵਾਹਰ ਮਸੀਹ ਤੇ ਫ਼ਕ ਮਸੀਹ, ਦੋਨਾਂ ਪਾਦਰੀਆਂ ਨੂੰ ਮਹੀਨੇ ਦੀ ਨਕ ਤਨਖ਼ਾਹ ਮਿਲੇ। ਅੱਜ ਤਾਈਂ ਅਛੂਤਾਂ ਦੀ ਤਲੀ ਉੱਤੇ ਪੈਸਾ ਅਣਹੋਣੀ ਗੱਲ, ਇਲਾਕ ਵਿੱਚ ਧੁੰਮ ਪੈ ਗਈ:

*ਲਹਿਰਾਂ ਬਹਿਰਾਂ, ਦਰਿਆਓਂ ਨਹਿਰਾਂ*

ਏਹ ਗਾਓਣ ਆਮ ਹੋਇਆ। ਬੇਰੁਜ਼ਗਾਰ ਕੋਈ ਭੁੱਖਾ ਕਿਓਂ ਮਰੇ, ਨਹਿਰਾਂ ਦੀ ਖਟਾਈ ਲਈ ਮਜ਼ਦੂਰਾਂ ਦੀ ਭਰਤੀ ਖੁੱਲ੍ਹੀ। ਓਧਰੋਂ ਲਹਿੰਦੇ ਪੰਜਾਬ ਵਿੱਚ ਕਨਾਲ ਕਲੋਨੀਆਂ ਵੱਸਣ ਦਾ ਸੁਨੇਹਾ ਆਇਆ, ਜਿੱਥੇ ਜ਼ਮੀਨਾਂ ਦੀ ਆਬਾਦਕਾਰੀ ਲਈ ਸਿਆਲਕੋਟੀਆਂ ਨੂੰ ਵੀ ਮੁਰੱਬੇ ਮਿਲਣੇ-

ਪਾਦਰੀ ਆਈ ਡੀ ਸ਼ਹਿਬਾਜ਼ ਏਥੇ ਰੁਕਣਾ ਚਾਹਿਆ ਪਰ ਯਾਦਾਂ ਦੀ ਨਹਿਰ ਵਗਦੀ ਗਈ-

ਨਹਿਰਾਂ ਤੇ ਮਜ਼ਦੂਰੀ ਕਰਦੇ ਮਾੜੇ ਮਸਕੀਨ ਕਿਰਨੇ ਜੇਹੜੇ ਕਦੀ ਜ਼ਮੀਨਦਾਰਾਂ ਦੇ ਕਾਮੇ ਰਹੇ, ਮਸੀਹੀ



ਹਾਕਮਾਂ ਦੀ ਬਾਦਸ਼ਾਹੀ ਅੰਦਰ ਕੈਨਾਲ ਕਾਲੋਨੀਆਂ ਵਿੱਚ ਭੋਂਏ ਦੀ ਆਸ ਲਾਈ ਬੈਠੇ। ਕਿਰਨਿਆਂ ਰਲ ਕੇ ਟੋਲੀਆਂ ਵਿੱਚ ਪਾਦਰੀਆਂ ਜਵਾਹਰ ਮਸੀਹ ਤੇ ਫ਼ਕ ਮਸੀਹ ਨੂੰ ਮਿਲ ਕੇ ਭੋਏਂ ਦੀ ਮੰਗ ਕੀਤੀ। ਏਹ ਦੁਨੀਆਂਦਾਰੀ ਦੇ ਮਾਮਲੇ, ਨਵੇਂ ਤੇ ਨਿੱਕੇ ਪਾਦਰੀ, ਜਵਾਹਰ ਮਸੀਹ ਤੇ ਫ਼ਕੀਰੀਆ ਮਸੀਹ ਓਹਨਾਂ ਦੀ ਕੀਹ ਮਦਦ ਕਰਦੇ, ਓਹ ਪੁਰਾਣੇ ਤੇ ਵੱਡੇ ਪਾਦਰੀ ਅਹਿਸਾਨ ਉੱਲਾਹ ਨੂੰ ਮਿਲੇ ਜਿਹਨੇ ਕਿਰਨਿਆਂ ਵੱਲੋਂ ਅੰਗਰੇਜ਼ੀ ਵਿੱਚ ਕਾਲੋਨੀ ਅਫ਼ਸਰ ਨੂੰ ਚਿੱਠੀ ਪਾਈ ਜਿਹਦਾ ਜਵਾਬ ਏਹ ਆਇਆ:

No, because you untouchables are not classed as agriculturists.

ਪਾਦਰੀ ਅਹਿਸਾਨ ਉੱਲਾਹ ਪਾਦਰੀ ਜਵਾਹਰ ਮਸੀਹ ਤੇ ਪਾਦਰੀ ਫ਼ਕ ਮਸੀਹ ਨਿੰਮੋਝਾਣ ਸੋਚੇ ਪਏ ਕਿਹ ਓਹ ਕਿਵੇਂ ਕਰਿਸਚਨ ਅੰਗਰੇਜ਼ ਸਰਕਾਰ ਦਾ ਇਨਕਾਰ ਕਿਰਨਿਆਂ ਨੂੰ ਦੱਸਣ ਜੇਹੜੇ ਮਸੀਹੀ ਹੋ ਕੇ ਵੀ ਅਛੂਤ ਰਹੇ। ਜਦੋਂ ਕਿਹ ਜੇਹੜੇ ਜ਼ਮੀਨਦਾਰ ਮਸੀਹੀ ਹੋਏ, ਓਹ ਮੁਸਲਮਾਨ, ਹਿੰਦੂ ਤੇ ਸਿੱਖ ਜ਼ਮੀਨਦਾਰਾਂ ਵਾਂਗੂੰ ਘੋੜੀਪਾਲ ਮੁਰੱਬਿਆਂ ਦੇ ਹੱਕ ਪਾਦਰੀ, ਸਵਾਲੀ ਕਿਰਨਿਆਂ ਅੱਗੇ ਨਿਗੱਲੇ ਹੋ ਖਲੋਤੇ-

ਹਟਕੋਰੇ ਲੈਂਦਿਆਂ, ਪਾਦਰੀ ਆਈ ਡੀ ਸ਼ਹਿਬਾਜ਼ ਦੇ ਸੰਘ ਵਿੱਚ ਹੋਕਾ ਫਸਿਆ ਕਿਹ ਰੌਲਾ ਪੈ ਗਿਆ:

ਮਰਦਾਂ ਹੱਥ ਮੈਦਾਨ, ਮਰਦਾਂ ਹੱਥ ਮੈਦਾਨ

ਏਹ ਮਸਤੇ ਦੀ ਲਲਕਾਰ ਜੇਹੜਾ ਕਿਰਨਹਾਰਾਂ ਦੀ ਕੁਜਾਕੀ ਨੂੰ ਕੋਝੀ ਕਰਤੂਤ ਕੈਹ ਕੇ ਭੰਡਦਾ ਫਿਰੇ ਤੇ ਕਾਲੇ ਕਿੱਕਰ ਦਾ ਸੱਜਰਾ ਘੜਾਇਆ ਕਿੱਲਾ ਹੁਲਾਂਦਾ ਜਾ ਰਹਿਆ, "ਜਿਹਨੇ ਪੜਵਾਣੀ, ਪਿੜ ਵਿੱਚ ਆਵੇ!" ਓਹ ਏਸ ਸ਼ਰਾਰਤ ਰਾਹੀਂ ਪਾਦਰੀ ਜਵਾਹਰ ਮਸੀਹ ਤੇ ਫ਼ਕ ਮਸੀਹ ਨੂੰ ਚੋਂਬੜ ਰਹਿਆ ਜੇਹੜੇ ਕਿਰਨਿਆਂ ਲਈ ਭੋਏਂ ਦੇ ਕਿੱਲੇ ਮੰਗਣ ਗਏ। ਪਾਦਰੀਆਂ ਨੂੰ ਠੁੱਠ ਛਿੱਬੀ ਵਖਾਂਦਾ ਮਸਤਾ, ਪਾਦਰੀ ਆਈ ਡੀ ਸ਼ਹਿਬਾਜ਼ ਨੂੰ ਉੱਕਾ ਚੰਗਾ ਨਾ ਲੱਗਾ ਪਰ ਲੱਕੜ ਦੇ ਕਿੱਲੇ ਓਹਦੀਆਂ ਯਾਦਾਂ ਨੂੰ ਕੁਤਕਤਾੜੀ ਜ਼ਰੂਰ ਕੱਢੀ ਤੇ ਯਾਦਾਂ ਦੀ ਅਖ਼ਬਾਰ ਅਗਲੀ ਖ਼ਬਰ:

*ਲੁਧਿਆਣੇ ਤੇ ਸਿਆਲਕੋਟ ਯਤੀਮਖ਼ਾਨੇ ਉੱਸਰ ਰਹੇ।*

"ਯਤੀਮ ਕਿੱਥੇ?" ਮਸਤਾ, ਪਾਦਰੀ ਜਵਾਹਰ ਮਸੀਹ ਤੇ ਪਾਦਰੀ ਫ਼ਕ ਨੂੰ ਛੇੜਦਿਆਂ ਇੰਜ ਪੁੱਛੇ ਜਿਵੇਂ ਓਹਨੇ ਏਹ ਬੁਝਾਰਤ ਬੁੱਝੀ ਹੋਈ। ਏਧਰੋਂ ਯਤੀਮਖ਼ਾਨੇ ਛੱਤੇ ਗਏ, ਓਧਰੋਂ 1901 ਦਾ ਕਾਲ ਪੈ ਗਿਆ। ਘਰਾਂ ਦੇ ਘਰ ਉੱਜੜ ਗਏ, ਟੱਬਰਾਂ ਦੇ ਟੱਬਰ ਪਿੰਜਰ ਹੋ ਕੇ ਰੁਲਦੇ ਫਿਰਣ। ਭੁੱਖਾਂ ਦੁੱਖਾਂ ਦੀ ਰੁੱਤ, ਰੱਜੇ ਰੁੱਖੇ ਹੋ ਗਏ। ਲਾਵਾਰਸ ਬਾਲ ਜਿਹਨਾਂ ਦੇ ਮਾਪੇ ਮੋਏ, ਓਹਨਾਂ ਦੇ ਵਾਰਸ ਪਾਦਰੀ ਬਣੇ। ਬੇਘਰ ਯਤੀਮਾਂ ਦੇ ਘਰ ਹੁਣ ਮਿਸ਼ਨ ਦੇ ਯਤੀਮਖ਼ਾਨੇ। ਜਿਧਰ ਵੇਖੋ, ਕਾਲ ਤੇ ਮੌਤ, ਉਜਾੜ ਈ ਉਜਾੜ, ਦੁਖੀਆਂ ਦੇ ਵੈਣ ਤੇ ਹਾੜੇ। ਮਸਤੇ ਰੱਜ ਕੇ ਭੰਗ ਪੀਤੀ, ਉੱਚੀ ਉੱਚੀ ਹੱਸਦਾ ਫਿਰੇ ਕਿਹ ਓਹਨੂੰ ਪਾਦਰੀ ਜਵਾਹਰ ਮਸੀਹ ਤੇ ਪਾਦਰੀ ਫ਼ਕ ਮਸੀਹ ਟੱਕਰ ਗਏ। ਪਾਦਰੀ ਰਾਹ ਵਲਾਨ ਲੱਗੇ, ਮਸਤੇ ਓਹਨਾਂ ਨੂੰ ਫੜਦਿਆਂ ਅਪਣਾ ਹਾਸਾ ਡੱਕ ਲਿਆ। ਦੋਵੇਂ ਬਾਹਵਾਂ ਓਹਨੇ ਪਾਦਰੀਆਂ ਦੇ ਮੋਢਿਆਂ ਉੱਤੇ ਰੱਖੀਆਂ, ਨਸ਼ੇ ਵਿੱਚ ਧੁਤ, ਸਹਾਰਾ ਲੈ ਕੇ ਨਾਹਰੇ ਲਾਨ ਲੱਗ ਪਿਆ:

*ਅੰਗਰੇਜ਼ ਰਾਜ, ਜ਼ਿੰਦਾਬਾਦ!*

ਪਾਦਰੀ ਆਈ ਡੀ ਸ਼ਹਿਬਾਜ਼ ਦੇ ਕੰਨਾਂ ਨੂੰ ਮਸਤੇ ਦੇ ਨਾਅਰੇ ਛੇਕ ਰਹੇ ਕਿਹ ਲਾਮ ਲੱਗ ਗਈ- ਅਛੂਤਾਂ ਨੂੰ ਫ਼ੌਜ ਵਿੱਚ ਪਹਿਲੀ ਵਾਰ ਨੌਕਰੀ ਮਿਲੀ। ਗੁਰਦਾਸਪੁਰ, ਸਿਆਲਕੋਟ ਤੇ ਗੁਜਰਾਂਵਾਲੇ ਜ਼ਿਲ੍ਹੇ ਦੇ ਛੇ ਹਜ਼ਾਰ ਕਿਰਨੇ ਨੌਕਰ ਹੋਏ। ਅਫ਼ਸਰ ਕੀਹ, ਓਹ ਫ਼ੌਜੀ ਜਵਾਨ ਵੀ ਨਾ। ਓਹ ਹਸਪਤਾਲ ਅਸਿਸਟੈਂਟ, ਸੇਨੇਟਰੀ ਵਰਕਰਜ਼, ਸਵੀਪਰਜ਼ ਤੇ ਲੇਬਰ ਕਲਾਸ। ਮਸਤੇ ਵਸਤੀ ਵਸਤੀ ਠਿੱਠ ਕਰਦਿਆਂ ਵਧਾਈ ਦਿੱਤੀ, "ਵਾਹ, ਖ਼ਾਕਰੋਬ ਫ਼ੌਜ ਵਿੱਚ ਵੀ ਖ਼ਾਕਰੋਬ ਲੱਗਾ!"

ਲਾਮ ਮੁੱਕੀ ਤੇ ਪੂਰੇ ਪੰਜਾਬ ਦਾ ਨੱਕ ਵਗਿਆ। ਇਨਫ਼ਲੈਂਜ਼ਾ ਵਬਾਈ ਮਰਜ਼, ਜਿਹਦਾ ਇਲਜ਼ਾਮ ਪੰਜਾਬੀ ਇੱਜ਼ਤਦਾਰਾਂ ਅਛੂਤਾਂ ਉੱਤੇ ਲਾਇਆ ਕਿਹ ਏਹ ਬਿਮਾਰੀ ਜੰਗੀ ਮੁਹਾਜ਼ਾਂ ਤੋਂ ਅਛੂਤ ਲੈ ਕੇ ਆਏ ਜਿੱਥੇ ਓਹ ਨੌਕਰ ਹੋ ਕੇ ਗਏ। ਡਾਢੇ ਉੱਚਿਆਂ, ਨੀਵੇ ਅਛੂਤਾਂ 'ਤੇ ਥੂਹ ਥੂਹ ਕੀਤੀ, ਮਾੜਿਆਂ ਦਾ ਕੀਹ ਜ਼ੋਰ। ਪਰ ਅਸਲ ਖ਼ਬਰ ਏਹ ਕਿ ਪੰਜ ਲੱਖ ਪੰਜਾਬੀ ਜੇਹੜੇ ਫ਼ੌਜੀ ਭਰਤੀ ਹੋਏ ਓਹਨਾਂ 'ਚੋਂ ਕੋਈ ਵੀ ਅਛੂਤ ਨਾ, ਸਾਰੇ ਇੱਜ਼ਤਦਾਰ।

ਵਬਾਅ ਦੇ ਸਮੇਂ ਹਰ ਕੋਈ ਦਵਾ ਦਾਰੂ ਲੱਭਦਾ ਫਿਰੇ, ਭੰਗੀ ਮਸਤਾ ਅਸ਼ਰਾਫਾਂ ਭਾਣੇ ਕੱਬਾ ਤੇ ਮੂਰਖ, ਬਿਮਾਰੀ ਤੋਂ ਬਚਿਆ, ਮਚਿਆ ਹੋਇਆ:

*ਅੰਗਰੇਜ਼ ਰਾਜ, ਜ਼ਿੰਦਾਬਾਦ!*

ਮਸਤਾ ਪੂਰਾ ਸ਼ੁਦਾਈ ਲੱਗੇ, ਨਾਅਰੇ ਲਾਂਦਾ ਲਾਂਦਾ ਦੁਆਬੇ ਨੂੰ ਮੂੰਹ ਕਰ ਗਿਆ, ਜਿੱਧਰੋਂ ਉੱਡਦੀ ਉੱਡਦੀ ਖ਼ਬਰ ਆਈ ਕਿਹ ਮਸਤਾ ਅਛੂਤ ਲੀਡਰ ਬਾਬੂ ਮੰਗੂ ਰਾਮ ਮੋਗੋਵਾਲੀਆ ਦੇ ਜੱਥੇ ਵਿੱਚ ਰਲ ਕੇ ਗ਼ਦਰੀ ਹੋ ਗਿਆ-

**ਆਈ ਪੂਰੇ ਦੀ ਵਾਅ, ਪਾਦਰੀ ਆਈ ਡੀ ਸ਼ਹਿਬਾਜ਼ ਲੰਮਾ ਸੁੱਖ ਦਾ ਸਾਹ ਲਿਆ ਤੇ ਯਾਦਾਂ 'ਚੋਂ ਓਹਨੇ ਅਪਣੀ ਭਾਲ ਕੀਤੀ-**

ਅਮਰੀਕਾ ਤੋਂ ਡਾਕਟਰ ਆਫ਼ ਡਵਿਨਟੀ ਦੀ ਡਿਗਰੀ ਤੇ ਸਿਆਲਕੋਟ ਦੇ ਫ਼ਸਟ ਯੂ ਪੀ ਚਰਚ ਦੀ ਪਾਸਬਾਨੀ ਦਾ ਮਾਨ ਪਰ ਏਹ ਬਹੁਤ ਬਾਅਦ ਦੀ ਗੱਲ। ਓਹਨੂੰ ਓਹ ਵੇਲਾ ਚੇਤੇ ਆ ਰਹਿਆ ਜਦੋਂ ਓਹ ਜ਼ਫ਼ਰਵਾਲ ਵਿੱਚ ਦੀਨਦਾਰਾਂ ਦਾ ਬਾਲ ਤੇ ਨਾਂ ਓਹਦਾ ਇਮਾਮਦੀਨ। ਪਰੇਮਾ, ਚੁਗ਼ੱਤਾ ਤੇ ਦਿੱਤ ਓਹਦੇ ਬੇਲੀ, ਓਹਦੀ ਬਰਾਦਰੀ। ਸਰਕਾਰੀ ਸਕੂਲ ਖੁੱਲ੍ਹਾ ਜਿੱਥੇ ਓਹਨਾਂ ਨੂੰ ਵੜਣ ਤੋਂ ਮਨਾਹੀ। ਓਹ ਰਲ ਕੇ ਸਕੂਲ ਦੀ ਵਲਗਣ ਤੋਂ ਝਾਕਦਿਆਂ ਜੱਟਾਂ, ਰਾਜਪੂਤਾਂ, ਗੁੱਜਰਾਂ ਤੇ ਖੱਤਰੀਆਂ ਦੇ ਮੁੰਡਿਆਂ ਨੂੰ ਪੜ੍ਹਦਿਆਂ ਵੇਖਦੇ ਸੱਧਰਦੇ ਸਹਿਕਦੇ ਰਹਿੰਦੇ। ਤਖ਼ਤੀ ਸੁਕਾਓਣਾ ਸਵਾਦੀ ਖੇਡ ਲੱਗੇ, ਓਹਨਾਂ ਦਾ ਵੀ ਏਹ ਖੇਡਣ ਨੂੰ ਜੀ ਕਰੇ। ਪੜ੍ਹਾਕੂ ਲੱਕੜ ਦੀ ਫੱਟੀ ਪਹਿਲਾਂ ਮਲ ਮਲ ਧੋਂਦੇ ਤੇ ਫ਼ੇਰ ਓਹਦੇ ਉੱਤੇ ਹੱਥ ਨਾਲ ਚੀਕਨੀ ਗਾਚੀ ਫ਼ੇਰ ਕੇ ਧੁੱਪੇ ਰੱਖਦੇ। ਕੋਈ ਲਲਕਰਦਾ, "ਭਲਾ ਕੀਹਦੀ ਪਹਿਲਾਂ ਸੁੱਕਦੀ!" ਤਖ਼ਤੀਆਂ ਫੜ੍ਹ ਕੇ ਸਾਰੇ ਪਿੜ ਵਿੱਚ ਆ ਜਾਵਨ ਤੇ ਵਾਅ ਵਿੱਚ ਵਧ ਵਧ ਬਾਹਵਾਂ ਉਲਾਰਦੇ। ਮਗਰੋਂ ਆਠਰੀ ਤਖ਼ਤੀ ਨੂੰ ਲੱਤਾਂ ਵਿੱਚ ਲੈ ਕੇ ਪੈਰਾਂ ਭਾਰ ਬੈਹ ਜਾਵਨ, ਭੌਂਏ ਤੋਂ ਤੀਲਾ ਲੱਭ ਲੈਂਦੇ ਜਿਹਦੇ ਨਾਲ ਭੋਏਂ ਖੋਤਰਦਿਆਂ ਗਾਵਣ ਗਾਂਦੇ। ਇਮਾਮਦੀਨ ਵੀ ਮਸਕੀਨ ਮੁੰਡੀਕੇ ਨਾਲ ਰਲ ਕੇ ਏਹ ਖੇਡ ਖੇਡਣ ਲਈ ਚੌਧਰੀਆਂ ਦੇ ਮੁੰਡੇ ਕੋਲੋਂ ਤਖ਼ਤੀ ਮੰਗੀ:

*ਚੂਹਵਿਆ ਚੂਹਵਿਆ ਮੈਂ ਤੇਰੀ ਖੁੱਡ ਕੱਢਣਾ*

*ਤੂੰ ਮੇਰੀ ਤਖ਼ਤੀ ਸੁਕਾ*

ਪੋਚੀ ਤਖ਼ਤੀ ਲੱਤਾਂ ਵਿੱਚ ਦਿੱਤੀ ਠੰਡੀ ਠਾਰ ਲੱਗੀ ਪਰ ਖੁੱਡ ਵਿੱਚ ਵੜਣ ਲਈ ਚੂਹਾ ਉਤਾਵਲਾ, ਆਕੜਾਂ ਲੈਂਦੇ ਦੀ ਗਰਮੈਸ਼ ਨਾਲ ਤਖ਼ਤੀ ਸਵਾਦੀ ਸੁੱਕੀ-

ਸ਼ੈਤਾਨੀਆਂ ਤੇ ਸ਼ਰਾਰਤਾਂ ਖੇਡਦਿਆਂ ਇਮਾਮਦੀਨ ਤੇ ਓਹਦੇ ਸੰਗੀਆਂ ਨੂੰ ਗੋਰਾ ਮਿਸ਼ਨਰੀ ਈ ਪੀ ਸਵਿਫ਼ਟ ਮਿਲ ਪਿਆ। ਮੋਹਨਾ ਢੰਗ ਤੇ ਸੋਹਨਾ ਬੁਲਾਰਾ, ਖ਼ੁਦਾਵੰਦ ਯਸੂ ਮਸੀਹ ਦੀਆਂ ਗੱਲਾਂ ਦਸਾਂ ਵਰ੍ਹਿਆਂ ਦੇ ਇਮਾਮਦੀਨ ਦੇ ਅੰਦਰ ਲਹਿ ਗਈਆਂ। ਦਿਲ ਦਰਦਾਂ ਨਾਲ ਇੰਜ ਭਰਿਆ ਕਿਹ ਮਿਸ਼ਨਰੀ ਥਾਮਸ ਹੰਟਰ ਤੇ ਓਹਦੀ ਘਰ ਵਾਲੀ ਦੀ ਮਰਨ ਕਹਾਣੀ ਸੁਣ ਕੇ ਕਿੰਨੇ ਦਿਨ ਓਹਦੇ ਅਥਰੂ ਨਾ ਸੁੱਕੇ ਤੇ ਜੋ



ਅਣਹੋਣੀ ਵਾਪਰੀ ਓਹ ਅੱਖੋਂ ਓਹਲੇ ਨਾ ਹੋਵੇ।(ਥਾਮਸ ਹੰਟਰ ਤੇ ਮਿਸਜ਼ ਥਾਮਸ ਹੰਟਰ 1857 ਵਿੱਚ ਚਰਚ ਆਫ਼ ਸਕਾਟਲੈਂਡ ਵੱਲੋਂ ਸਿਆਲਕੋਟ ਆਏ। ਫ਼ੌਜੀ ਬਾਗ਼ੀਆਂ ਲਈ ਏਹ ਫ਼ਰੰਗੀ ਹਾਕਮਾਂ ਦੇ ਜੀਅ, ਓਹ ਏਹਨਾਂ ਨੂੰ ਮਾਰਨ ਲਈ ਪਿੱਛੇ ਲੱਗ ਗਏ। ਖ਼ੂਨੀਆਂ ਅੱਗੇ ਅੱਗੇ ਦੌੜਦੇ ਦੋਵੇਂ ਪਰਦੇਸੀ ਜੀਅ ਕਿਲ੍ਹੇ ਵਿੱਚ ਜਾ ਲੁਕੇ ਜਿੱਥੋਂ ਕੱਢ ਕੇ ਬਾਗ਼ੀਆਂ ਓਹਨਾਂ ਨੂੰ ਬੇਦਰਦੀ ਨਾਲ ਕ ਕੀਤਾ) ਏਹਨਾਂ ਖ਼ੁਦਾ ਦੀ ਰਾਹ ਵਿੱਚ ਮੋਇਆਂ ਦੀ ਯਾਦ ਵਿੱਚ ਸਿਆਲਕੋਟ ਅੰਦਰ ਮਿਸ਼ਨ ਵੱਲੋਂ ਹੰਟਰ ਮੈਮੋਰੀਅਲ ਸਕੂਲ ਖੁੱਲ੍ਹਾ, ਜਿੱਥੇ ਦੀਨਦਾਰਾਂ ਦਾ ਮੁੰਡਾ ਇਮਾਨਦੀਨ ਦਾਖ਼ਲ ਹੋਇਆ। ਏਥੋਂ ਪੜ੍ਹਕੇ ਓਹ ਚਰਚ ਮਿਸ਼ਨਰੀ ਸਕੂਲ ਅੰਮ੍ਰਿਤਸਰ ਵਿੱਚ ਟੀਚਰ ਲੱਗਾ ਜਿੱਥੇ ਓਹਨੇ ਮਿਸ਼ਨਰੀ ਰਾਬਰਟ ਕਲਾਰਕ ਹੱਥੋਂ ਬਪਤਿਸਮਾ ਲਿਆ-

ਓਹ ਯੂ ਪੀ (ਯੂਨਾਈਟਿਡ ਪਰੈੱਸ ਬਾਈਟੇਰੀਅਨ) ਚਰਚ ਵਿੱਚ ਓਦੋਂ ਪਾਦਰੀ ਕਿਹ ਓਹਨਾਂ ਦੇ ਚਰਚ ਸ਼ਾਇਰੀ ਦੇ ਮੁਕਾਬਲੇ ਦਾ ਹੋਕਾ ਦਿੱਤਾ ਜੇਹੜਾ "ਨੂਰ ਅਫ਼ਸ਼ਾਂ" ਰਸਾਲੇ ਵਿੱਚ ਛਪਿਆ। ਏਹ ਮੁਕ ਸ਼ੇਅਰ ਘੜਤ ਦਾ ਹੁਨਰੀ ਪਾਦਰੀ ਇਮਾਮਦੀਨ ਜਿੱਤ ਗਿਆ, ਸ਼ਾਇਰੀ ਵਿੱਚ ਓਹਦਾ ਤਖ਼ੱਲਸ ਸ਼ਹਿਬਾਜ਼। ਓਹਨਾਂ ਦਿਨਾਂ ਵਿੱਚ ਅਮਰੀਕੀ ਮਿਸ਼ਨਰੀ ਡਾਕਟਰ ਐਂਡਰਿਊ ਗੋਰਡਨ ਜ਼ਬੂਰਾਂ ਦੇ ਉਰਦੂ ਤਰਜਮੇ ਲਈ ਜੇਹੜੀ ਕਮੇਟੀ ਬਣਾਈ, ਪਾਦਰੀ ਇਮਾਮਦੀਨ ਸ਼ਹਿਬਾਜ਼ ਵੀ ਓਹਦਾ ਮੈਂਬਰ। ਸੱਠ ਜ਼ਬੂਰਾਂ ਦਾ ਉਰਦੂ ਤਰਜਮਾ ਹੋ ਗਿਆ ਪਰ ਐਵੇਂ ਕਲਮ ਘਸਾਈ, ਧਰਤ ਦੇ ਪੱਛੜੇ ਪੂਰਾਂ ਨੂੰ ਓਹਨੇ ਟੁੰਬਿਆ ਨਾ। ਡਾਕਟਰ ਐਂਡਰਿਊ ਗੋਰਡਨ ਦੇ ਗੁਜਰਨ ਮਗਰੋਂ ਡਾਕਟਰ ਸੈਮੂਅਲ ਮਾਰਟਨ ਕਮੇਟੀ ਦਾ ਪਰਧਾਨ ਜਿਹਨੇ ਪਾਦਰੀ ਇਮਾਮਦੀਨ ਸ਼ਹਿਬਾਜ਼ ਨੂੰ ਤਰਜਮਾਕਾਰਾਂ ਦਾ ਆਗੂ ਬਣਾਇਆ ਜੇਹੜਾ ਧਰਤੀ ਦਾ ਜੀਅ ਤੇ ਦਬੀਲ ਲੋਕਾਈ ਦੀ ਰਗ਼ ਰਗ਼ ਦਾ ਜਾਣੂ, ਓਹਨੇ ਗਵੇੜਿਆ ਕਿਹ ਗ਼ੈਰ ਜ਼ਬਾਨ ਵਿੱਚ ਕੀਤੀ ਗੱਲ ਬਾਹਰੇ ਬਾਹਰ ਪਰ੍ਹਾਂ ਪਰ੍ਹਾਂ, ਮਾਂ ਬੋਲੀ ਵਿੱਚ ਓਹੀਓ ਬੋਲ ਅੰਦਰ ਵੜ ਜਾਂਦੇ। ਜ਼ਬੂਰ ਪੰਜਾਬੀ ਹੋ ਕੇ ਦਿਨਾਂ ਵਿੱਚ ਪੁੱਗਦੇ ਗਏ ਪਰ ਹਾਲੀਂ ਵੀ ਕੋਈ ਘਾਟ, ਓਹ ਏਹ ਕਿਹ ਦੇਸੀ ਬੋਲ ਵਲੈਤੀ ਸੰਗੀਤ ਵਿੱਚ ਗਾਏ ਜਾਵਣ। ਤਰਜਮਾਕਾਰ ਪਾਦਰੀ ਇਮਾਮਦੀਨ ਸ਼ਹਿਬਾਜ਼ ਨੂੰ ਔਹੜਿਆ ਕਿਹ ਮਾਂ ਬੋਲੀ ਇਥਾਵੇਂ ਰਾਗਾਂ ਵਿੱਚ ਸ਼ੋਭਦੀ, ਮਿਸ ਹੈਨਰੀ ਗੋਰਡਨ ਤੇ ਮਿਸ ਮੈਰੀ ਮਾਰਟਨ ਓਹਨੂੰ ਥਾਪੜਿਆ, ਦੇਸੀ ਗਾਇਕੀ ਦੇ ਦੋ ਕਲਾਵੰਤ ਸਾਦਕ ਮਸੀਹ ਤੇ ਰਾਧਾਕਿਸ਼ਨ ਓਹਦੇ ਮਦਦਗਾਰ ਹੋਏ। ਮਾਂ ਬੋਲੀ ਵਿੱਚ ਪਰਤੀ ਲਿਖਤ ਦੇ ਮੂਲ ਮੰਤਰ ਨੂੰ ਧਰਤੀ 'ਚੋਂ ਫੁੱਟੇ ਸੁਰਾਂ ਇੰਜ ਸੁਰ ਕੀਤਾ ਕਿਹ ਸੁਨਣਹਾਰਾਂ ਨੂੰ ਸਰੂਰ ਆਇਆ, "ਪੰਜਾਬੀ ਜ਼ਬੂਰ ਦੇਸੀ ਰਾਗਾਂ ਵਿੱਚ" ਅਮਰ ਹੋਏ। ਅੱਗੋਂ ਤੋਂ ਜੇਹੜਾ ਮਸੀਹੀ ਇਕੱਠ ਹੋਵੇ, ਓਹ ਓਦੋਂ ਸੰਪੂਰਨ ਜਦੋਂ ਪੰਜਾਬੀ ਜ਼ਬੂਰ ਦੇਸੀ ਰਾਗਾਂ ਵਿੱਚ ਗਾਇਆ ਜਾਵੇ। ਜ਼ਬੂਰ ਦੀ ਬਰਕਤ ਇਮਾਨੀ ਗੱਲ ਪਰ ਪਾਦਰੀ ਇਮਾਮਦੀਨ ਸ਼ਹਿਬਾਜ਼ ਦੀ ਵੇਲ ਹੋਕੇ ਬਿਨਾ ਸਰਦਾ ਨਾ ਜਿਹਦੀ ਵਜ੍ਹੋਂ ਮਸੀਹੀ ਇਕੱਠ ਵੱਡੇ ਹੋਂਦੇ ਗਏ-

'ਪੰਜਾਬ ਪਰੇਜ਼ ਐਂਡ ਪਰੇਅਰ ਯੂਨੀਅਨ' ਬਣੀ ਜਿਹਦੇ ਮੈਂਬਰਾਂ ਵਿੱਚ ਸਵਾਲ ਨਾਮਾ ਵਰਤਾਇਆ ਗਿਆ ਕਿਹ ਦੁਆ ਕਿਓਂ, ਕਿੰਨੀ, ਕਿਵੇਂ, ਕਦੋਂ ਤੇ ਕਿੱਥੇ। ਵੰਨ ਸਵੰਨੇ ਜਵਾਬਾਂ ਨੂੰ ਜੋੜ ਕੇ ਵਿਚਾਰ ਵਟਾਂਦਰਾ ਹੋਇਆ ਜਿਹਦੇ ਤੋਂ ਏਹ ਪਰਤੀਤ ਕਿਹ ਏਥੇ ਲੋਕ ਮੇਲੇ ਦੇ ਸ਼ੌਕ ਜਿਹਨਾਂ ਨੂੰ ਵੱਡੇ ਪੱਧਰ ਤੇ ਰਲ ਕੇ ਦੁਆ ਕਰਨ ਦੀ ਸੱਧਰ ਤੇ ਦੂਜਾ ਏਥੇ ਵੱਡੇ ਇਕੱਠ ਦਾ ਰੋਅਬ ਪਵੇ। ਨਾਰਥ ਇੰਡੀਆ ਵਿੱਚ 'ਕਰਿਸਚਨ ਲਾਈਫ਼ ਕਨਵੈਨਸ਼ਨ' ਦੀ ਤਦਬੀਰ ਹੋਈ। ਵੇਲਾ 1904, ਥਾਂ ਸਿਆਲਕੋਟ, ਏਹ ਐਂਗਲੀਕਨ ਕਨਵੈਨਸ਼ਨ ਜੱਗ ਵਿੱਚ ਧੁੰਮਿਆ। ਏਸ ਕਨਵੈਨਸ਼ਨ ਤੋਂ ਪਹਿਲਾਂ ਯੂ ਪੀ ਚਰਚ ਦੇ ਪਾਦਰੀ ਜੌਨ ਹਾਈਡ, ਚਰਚ ਆਫ਼ ਸਕਾਟਲੈਂਡ ਦੇ ਪਾਦਰੀ ਮਕੇਨ ਪੀਟਰਸਨ ਤੇ ਐਂਗਲੀਕਨ ਚਰਚ ਦੇ ਪਾਦਰੀ ਅਹਿਸਾਨ ਉੱਲਾਹ ਤੀਹ ਦਿਨ ਤੇ ਤੀਹ ਰਾਤਾਂ ਦੁਆ ਕੀਤੀ।

'ਸਿਆਲਕੋਟ ਕਨਵੈਨਸ਼ਨ ਦਾ ਦਿਨ ਆਇਆ, ਪਰੀਚਿੰਗ ਹਾਲ ਤੋਂ ਵੱਧ ਪਰੇਅਰ ਰੂਮ ਵਿੱਚ ਰੌਣਕ

ਜਿੱਥੇ ਹਰ ਰਲਤੀ ਨੂੰ ਮੁਕ ਰੂਹ ਦੀ ਮੌਜੂਦਗੀ ਮਹਿਸੂਸ ਹੋਈ। ਸਾਜ਼ਾਂ ਨਾਲ ਆਵਾਜ਼ਾਂ ਰਲੀਆਂ, ਸੁਰਾਂ ਦੇ ਸਮੁੰਦਰ ਵਿੱਚ ਬੋਲ ਲਹਿਰਦੇ ਗਏ:

*ਐ ਮੇਰੇ ਸ਼ਾਹ ਖ਼ੁਦਾ ਵੰਦਾ*
*ਵਡਿਆਈ ਤੇਰੀ ਕਰਾਂਗਾ*
*ਕਿਹ ਤੇਰਾ ਹੈ ਮੁਬਾਰਕ ਨਾਂ*

ਰਾ.ਗ ਦਰਬਾਰੀ ਵਿੱਚ ਏਹ ਜ਼ਬੂਰ ਗਾਇਆ ਜਾ ਰਹਿਆ। ਖ਼ੁਦਾਵੰਦ ਦਾ ਦਰਬਾਰ ਸੱਜਿਆ ਹੋਇਆ, ਜਿੱਥੇ ਮਸੀਹੀ ਮੇਲ ਚੰਗਾ ਢੁੱਕਿਆ। ਕਨਵੈਨਸ਼ਨ ਦਾ ਲਾੜਾ ਸੱਠਾਂ ਸਾਲਾਂ ਦਾ ਬੁੱਢਾ ਪਾਦਰੀ ਆਈ ਡੀ ਸ਼ਹਿਬਾਜ਼ ਡੀ ਡੀ ਜਿਹਨੂੰ ਵਾਧੂ ਰੂਪ ਚੜ੍ਹਿਆ! ਅੰਦਰ ਆਵਨ ਤੋਂ ਪਹਿਲਾਂ ਬਾਹਰ ਰਲਤੀ ਕਤਾਰਾਂ ਵਿੱਚ ਖਲੋਤੇ ਅਪਣੀ ਵਾਰੀ ਉਡੀਕ ਰਹੇ, ਕਿਤਾਬ "ਪੰਜਾਬੀ ਜ਼ਬੂਰ ਦੇਸੀ ਰਾ.ਗਾਂ ਵਿੱਚ" ਜੇਹੜੀ ਤਿੰਨ ਹਜ਼ਾਰ ਦੀ ਗਿਣਤੀ ਵਿੱਚ ਛਪੀ, ਲੈਂਦੇ ਆਵਨ। ਅੰਦਰ ਰਾ.ਗ ਭੀਮ ਪਲਾਸੀ ਵਿੱਚ, "ਸਾਰੇ ਲੋਕੋ ਸਾਡੇ ਰੱਬ ਨੂੰ ਧੰਨ ਧੰਨ ਆਖ ਕੇ ਗਾਓ।" ਰਾਗ ਭੈਰਵੀ ਦੀ ਵਾਰੀ ਆਈ, "ਖ਼ੁਦਾ ਅਪਣੇ ਭਾਈਆਂ ਨੂੰ ਮੈਂ ਤੇਰਾ ਨਾਂ ਸੁਣਾਵਾਂਗਾ।" ਰਾਗ ਬਲਾਵਲ ਕਿਓਂ ਪਿੱਛੇ ਰਹਿੰਦਾ, "ਮੈਂ ਸਬਰ ਦੇ ਨਾਲ ਆਸ ਰੱਖ ਕੇ।"

ਅਗਲੀ ਕ ਵਿਚਕਾਰ ਬੈਠੇ ਹਰਮਨ ਪਿਆਰੇ ਪਾਦਰੀ ਆਈ ਡੀ ਸ਼ਹਿਬਾਜ਼ ਡੀ ਡੀ ਦੀ ਨਜ਼ਰ ਭਾਵੇਂ ਕਮਜ਼ੋਰ, ਪਰ ਓਹਨੂੰ ਅਮ੍ਰਿਤਸਰ, ਗੁਰਦਾਸਪੁਰ, ਲੁਧਿਆਨਾ, ਹਾਫ਼ਿਜ਼ਆਬਾਦ, ਸਾਂਗਲਾ ਹਿੱਲ ਤੇ ਖਾਨਕਾਹ ਡੋਗਰਾਂ ਤੋਂ ਆਏ ਜਾਣੂ ਨੇੜੇ ਹੋ ਹੋ ਮਿਲਦੇ ਦਿੱਸ ਰਹੇ। ਓਹ ਖੁਸ਼ੀ ਨਾਲ ਫ਼ੁੱਲਿਆ, ਏਡਾ ਵੱਡਾ ਇਕੱਠ ਕਿਹ ਬੇਜ਼ਬਾਨ ਵਿੱਚ ਜਾਨ ਪਈ। ਮਸੀਹੀ ਮੁਲਖ ਦੀ ਜੰਜ ਜੁੜੀ ਪਰ ਬਾਹਲੇ ਜਾਂਜੀ ਬੇਘਰ ਤੇ ਲਾਵਰਸ, ਵਿਚਾਰੇ ਅਛੂਤ ਕਿਰਨੇ ਜੇਹੜੇ ਦੀਨਦਾਰਾਂ, ਲੱਲੀ ਫ਼ਕੀਰਾਂ, ਮਜ਼੍ਹਬੀ ਸਿੱਖਾਂ ਤੇ ਮੇਘਾਂ 'ਚੋਂ ਨਿੱਖੜ ਕੇ ਆਏ ਓਹ ਅਸਲੋਂ ਨਿਮਾਣੇ ਅਛੂਤ, ਚੰਗੜ, ਚੁਮਾਰ, ਸ੍ਹਾਂਸੀ, ਗਗੜੇ ਤੇ ਝੀਰ। ਜ਼ਿਮੀਦਾਰ ਮਸੀਹੀ ਗੋਰੇ ਅ.ਫ਼ਸਰਾਂ ਸੰਗ ਆਏ ਜਿਹਨਾਂ ਦੇ ਪਿੱਛੇ ਪਿੱਛੇ ਫਤੇਹਗੜ੍ਹ ਤੇ ਸਕਾਟਗੜ੍ਹ 'ਚੋਂ ਅਪਣੇ ਘਰਾਂ ਦੇ ਮਾਲਕ ਮਸੀਹੀ ਜੱਥੇ ਜਿਹਨਾਂ ਦੀ ਚੜਤਲ ਵੇਖ ਕੇ ਬੇਜ਼ਬਾਨਾਂ ਨੂੰ ਜ਼ਬਾਨ ਮਿਲੀ ਤੇ ਓਹ ਰਾਗ ਮਾਲਕੌਂਸ ਵਿੱਚ ਸੱਚ ਬੋਲ ਰਹੇ, "ਖ਼ੁਦਾ ਵੰਦਾ ਤੂੰ ਲਸ਼ਕਰਾਂ ਦਾ ਖ਼ੁਦਾ ਹੈ-"

**ਆਈ ਪੂਰੇ ਦੀ ਵਾਅ**

ਵੇਲੇ ਤੇ ਥਾਂ ਦੀ ਕ ਤੋਂ ਆਜ਼ਾਦ, ਅੱਲੜ ਯਾਦਾਂ ਵਿੱਚ ਹੱਸਦੇ ਖੇਡਦੇ ਨੂੰ ਖ਼ੌਰੇ ਨਜ਼ਰ ਲੱਗ ਗਈ, ਵੇਖਦੇ ਵੇਖਦੇ ਹੰਡੇ, ਲਾ.ਗਰ, ਬਿਮਾਰ ਬੁੱਢੇ ਦਾ ਸਾਹ ਔਖਾ ਹੋ ਗਿਆ। ਪਾਦਰੀ ਆਈ ਡੀ ਸ਼ਹਿਬਾਜ਼ ਡੀ ਡੀ ਦੀਆਂ ਬੇਨੂਰ ਅੱਖਾਂ ਅਸਮਾਨੀ ਬਾਪ ਨੂੰ ਪੁਕਾਰ ਰਹੀਆਂ, ਬੇਹੋਸ਼ ਹੋਂਦਿਆਂ ਓਹਦੀ ਵਾਜ ਮਰਦੀ ਗਈ:

*ਰੋਜ਼ ਦੀ ਰੋਟੀ ਅੱਜ ਸਾਨੂੰ ਦੇ*
*ਤੇ ਜੇਕਰ ਅਸਾਂ ਅਪਣੇ ਕ ਨੂੰ ਮਾ.ਫ ਕੀਤਾ ਏ*
*ਤੂੰ ਵੀ ਸਾਡੇ ਕ ਸਾਨੂੰ ਮਾ.ਫ ਕਰ।*
*ਸਾਨੂੰ ਅਜ਼ਮਾਇਸ਼ ਵਿੱਚ ਨਾ ਪਾ,*
*ਸਗੋਂ ਬੁਰਿਆਈ ਤੋਂ ਬਚਾ*
*ਕਿਓਂ ਜੋ ਬਾਦਸ਼ਾਹੀ ਤੇ ਜਲਾਲ ਸਦਾ ਤੀਕਰ ਤੇਰੇ ਈ ਨੇ,*
*ਆਮੀਨ!*

***ਲਿੱਪੀਆਂਤਰ : ਪਰਮਜੀਤ ਸਿੰਘ ਮੀਸ਼ਾ (ਡਾ.)***



## ਕਹਾਣੀ/ ਬੇਬੀ ਘਰ / - ਗੁਲ ਚੌਹਾਨ

ਸ਼ਾਮ ਦੇ ਸੱਤ ਹੋ ਗਏ ਹਨ।

ਈਰਾ ਕਿੰਨੇ ਚਿਰ ਦੀ ਬਾਹਰ ਬਾਹਰ ਕਰ ਰਹੀ ਸੀ ਇਸ ਲਈ ਉਸਨੂੰ ਲੈ ਕੇ ਬਾਹਰ ਆ ਖੜੀ ਹਾਂ। ਸਵਾ ਸਾਲ ਦੀ ਹੈ ਪਰ ਸਮਝਦੀ ਹੈ, ਇਹ ਮਾਂ ਪਿਓ ਦੇ ਆਉਣ ਦਾ ਟਾਇਮ ਹੈ। ਮੇਰੀ ਉਂਗਲੀ ਪਕੜਕੇ ਗੇਟ ਵੱਲ ਖਿੱਚਣ ਲੱਗਦੀ ਹੈ। ਸਾਰਾ ਦਿਨ ਚੰਗੀ ਭਲੀ ਪਰ ਜਿਵੇਂ ਹੀ ਸ਼ਾਮ ਉਤਰਦੀ ਹੈ, ਰੀ ਰੀਂ ਸ਼ੁਰੂ ਹੋ ਜਾਵੇਗੀ,ਕੁਝ ਖਾਣ ਜਾਂ ਖੇਡਣ ਨੂੰ ਦਿਆਂ ਤਾਂ ਪਟਕ ਕੇ ਭੁੰਜੇ ਮਾਰਦੀ ਹੈ, ਵਰਚਾਉਣੀ ਔਖੀ ਹੋ ਜਾਂਦੀ ਹੈ। ਕੁੱਛੜ ਚੁੱਕਦੀ ਹਾਂ ਹੇਠਾਂ ਉਤਰਨ ਨੂੰ ਕਰਦੀ ਹੈ, ਥੱਲੇ ਉਤਾਰਦੀ ਹਾਂ ਤਾਂ ਕੁੱਛੜ ਆਉਣ ਦੀ ਜ਼ਿਦ। ਮੇਰੀ ਬਾਂਹ ਥੱਕ ਜਾਂਦੀ ਹੈ।

ਗੌਰਵ ਨੂੰ ਫੋਨ ਕਰਦੀ ਹਾਂ, ਜਵਾਬ ਪ੍ਰਿਆ ਦਿੰਦੀ ਹੈ- ਮਾਮਾ ਜਾਮ ਵਿਚ ਫਸੇ ਹੋਏ ਆਂ। ਬਹੁਤ ਰਸ਼ ਹੈ ਅੱਜ। ਰਸ਼ ਕਿਸ ਦਿਨ ਨਹੀਂ ਹੁੰਦਾ।

ਰੀਆ ਪਰੇ ਪਾਰਕ ਵਿਚ ਅਪਣੀਆਂ ਸਹੇਲੀਆਂ ਨਾਲ ਖੇਡ ਰਹੀ ਹੈ। ਅੱਜ ਕੋਮਲ ਵੀ ਨਹੀਂ ਆਈ, ਨਹੀਂ ਤਾਂ ਮੈਨੂੰ ਕੁਝ ਆਰਾਮ ਹੋ ਜਾਂਦਾ ਹੈ। ਈਰਾ ਨੂੰ ਲੈ ਕੇ ਪਾਰਕ ਵਿਚ ਚਲੀ ਜਾਂਦੀ ਹੈ, ਝੂਲਾ ਝੁਲਾ ਦਿੰਦੀ ਹੈ। ਉਨੀ ਦੇਰ ਵਿਚ ਮੈਂ ਸਬਜ਼ੀ ਕੱਟ ਲੈਨੀ ਹਾਂ ਜਾਂ ਕੋਈ ਦੂਸਰਾ ਕੰਮ ਨਿਪਟਾ ਲੈਨੀ ਹਾਂ। ਕੱਲ ਦੇ ਉਨਾਂ ਦੇ ਨੇਪਾਲ ਤੋਂ ਕੋਈ ਰਿਸ਼ਤੇ ਦਾਰ ਆਏ ਹੋਏ ਹਨ, ਇਸ ਲਈ ਅੱਜ ਛੁੱਟੀ ਤੇ ਹੈ। ਉਹ ਕਿਸੇ ਨੂੰ ਦੱਸਦੇ ਨਹੀਂ ਕਿ ਇਥੇ ਉਨ੍ਹਾਂ ਦੀਆਂ ਕੁੜੀਆਂ ਲੋਕਾਂ ਦੇ ਘਰਾਂ ਦਾ ਕੰਮ ਕਰਦੀਆਂ ਹਨ। ਕੋਮਲ ਆਉਂਦੀ ਹੈ ਤਾਂ ਹੱਥ ਵਿਚ ਕਾਪੀ ਕਿਤਾਬ ਹੁੰਦੀ ਹੈ-ਆਂਢ ਗੁਆਂਢ ਵਿਚ ਦੱਸਿਆ ਹੋਇਆ ਹੈ ਕਿ ਕੁੜੀ ਟਿਊਸ਼ਨ ਪੜ੍ਹਨ ਜਾਦੀਂ ਹੈ।

ਆਈਸ ਕਰੀਮ ਵਾਲਾ ਆ ਗਿਆ ਹੈ। ਹੁਣੇ ਰੀਆ ਭੱਜੀ ਭੱਜੀ ਆਏਗੀ ਤੇ ਅਈਸ ਕਰੀਮ ਲਈ ਜ਼ਿਦ ਕਰੇਗੀ। ਗਲਾ ਖਰਾਬ ਹੈ, ਦਵਾਈ ਲੈ ਰਹੀ ਹੈ, ਮਾਂ ਦਾ ਆਦੇਸ਼ ਹੈ ਕਿ ਆਈਸ ਕਰੀਮ ਬੰਦ ਹੈ, ਬਿਲਕੁਲ ਨਹੀਂ ਲੈ ਕੇ ਦੇਣੀ। ਰੀਆ ਕਹੇਗੀ -ਪਲੀਜ਼ ਅੱਜ ਲੈ ਦੇਵੋ ਨਾ ਦਾਦੀ, ਕੱਲ ਨਾ ਲੈ ਕੇ ਦੇਣਾ, ਦਾਦੀ ਪਰਾਮਿਸ ਮੈਂ ਮੰਮੀ ਨੂੰ ਨਹੀਂ ਦੱਸਾਂਗੀ।

ਡਰਦੀ ਹਾਂ ਮੈਨੂੰ ਬਾਹਰ ਵੇਖਕੇ ,ਇਧਰ ਉਧਰ ਦੀ ਕੋਈ ਔਰਤ ਮੇਰੇ ਕੋਲ ਹੀ ਨਾ ਆ ਖੜੇ। ਮੈਨੂੰ ਇਸ ਤਰਾਂ ਗਗੜੀ ਜਿਹੀ ਬਣੀ ਨੂੰ ਵੇਖ ਲਵੇ। ਕੱਲ ਸਵੇਰੇ ਮੈਂ ਰੀਆ ਨੂੰ ਸਕੂਲ਼ ਵੈਨ ਵਿਚ ਬਿਠਾ ਰਹੀ ਸਾਂ ਕਿ ਪਾਰੁਲ ਦੀ ਦਾਦੀ ਆਪਣੇ ਪੋਤੇ ਨੂੰ ਵੈਨ ਵਿਚ ਬਿਠਾ ਕੇ ਮੇਰੇ ਕੋਲ ਆ ਖੜੀ ਸੀ -ਭੈਣ ਜੀ ਤੁਸੀਂ ਤਾਂ ਕਦੀ ਵਿਖਾਈ ਹੀ ਨਹੀਂ ਦਿੰਦੇ। ਘਰ ਦੇ ਕੰਮ ਤਾਂ ਹੁੰਦੇ ਰਹਿੰਦੇ ਹਨ, ਕਦੀ ਆਪਣੇ ਲਈ ਵੀ ਕੁਝ ਪੱਲ ਕੱਢ ਲਿਆ ਕਰੋ।

ਸਾਰੀਆਂ ਬਣ ਠਣ ਕੇ ਰਹਿੰਦੀਆਂ ਹਨ,ਸੱਜ ਸੰਵਰ ਕੇ, ਝੁੰਡ ਵਿਚ ਖੜੀਆਂ, ਹੀ ਹੀ, ਹੋ ਹੋ ਕਰ ਰਹੀਆਂ, ਜਿਹੜੀਆਂ ਗੈਰ ਹਾਜ਼ਿਰ ਹਨ,ਉਨਾਂ ਨੂੰ ਮਿਰਚ ਮਸਾਲਾ ਲਾ ਲਾ ਪੁਣ ਛਾਣ ਰਹੀਆਂ, ਪਰ ਮੈਨੂੰ ਆਪਣੀ ਹੋਸ਼ ਹੀ ਕਿੱਥੇ ਹੈ। ਟਾਇਮ ਹੀ ਕਦੋਂ ਮਿਲਦਾ ਹੈ ਆਪਣੇ ਲਈ।

ਪ੍ਰਿਆ ਆਖਦੀ ਹੈ -ਮਾਮਾ ਇਹ ਤੁਹਾਡਾ ਘਰ ਹੈ। ਤੁਸੀਂ ਮਹਾਂ ਰਾਣੀ ਦੀ ਤਰਾਂ ਰਹੋ। ਪਰ ਜੇ ਕੋਈ ਮੈਨੂੰ ਇਸ ਤਰਾਂ ਖਿਲਰੀ ਪੁਲਰੀ, ਮੈਲੀ ਕੁਚੈਲੀ ਨੂੰ ਤੱਕੇ ਤਾਂ ਵੇਖਕੇ ਸਹਿਜੇ ਹੀ ਕਹਿ ਉਠੇ ਕਿ ਘਰ ਵਿਚ ਜੀਅ ਲੱਗ ਜਾਂਦਾ ਹੈ।

ਸੋਚਦੀ ਹਾਂ ਉਹ ਜਿਊਂਦਾ ਹੁੰਦਾ ਤਾਂ ਮੇਰਾ ਇਕ ਆਪਣਾ ਘਰ ਹੁੰਦਾ। ਮੈਂ ਮਿਲਣ ਲਈ ਪ੍ਰਾਹੁਣਿਆਂ ਵਾਂਗ ਕੁਝ ਦਿਨ ਏਥੇ ਆਉਂਦੀ,ਖੁਸ਼ਬੂ ਦੀ ਤਰਾਂ, ਕੁਝ ਦਿਨਾਂ ਬਾਦ ਵਾਪਸ ਚਲੀ ਜਾਂਦੀ। ਇਸ ਤਰਾਂ, ਪੁੱਤ ਦੇ ਘਰ ਪੱਕੀ ਤਾਂ ਨਾ ਬੈਠੀ ਹੁੰਦੀ। ਇਸ ਤਰਾਂ ਹਰ ਵਕਤ ਨੂੰਹ ਪੁੱਤ ਦਾ ਮੂਡ ਨੋਟ ਕਰਦੀ। ਡਰਦੀ, ਕੁਝ ਵੀ ਸਹਿਮ ਸਹਿਮ ਕਰਦੀ ਤੇ ਬੋਲਦੀ ਕਿ ਕਿਤੇ ਕੁਝ ਗ਼ਲਤ ਨਾ ਕਰ ਬੋਲ ਹੋ ਜਾਏ, ਕਿਸੇ ਨੂੰ ਕੁਝ ਬੁਰਾ ਨਾ ਲੱਗ ਜਾਏ। ਪਤੀ ਸ਼ਰਾਬੀ ਸੀ, ਸ਼ੋਹਦਾ ਸੀ, ਜਿਹੋ ਜਿਹਾ ਵੀ ਸੀ,ਉਸ ਨਾਲ ਮੇਰਾ ਆਪਣਾ ਇਕ ਘਰ ਤਾਂ ਸੀ। ਮੈਂ ਨਹੀਂ ਕਹਿੰਦੀ ਕਿ ਦੋ ਜੀਆਂ ਵਿਚ ਲੜਾਈ ਮਾੜੀ ਹੁੰਦੀ ਏ ਪਰ ਉਸਦਾ ਲੜਨ ਦਾ ਢੰਗ ਮਾੜਾ ਸੀ। ਉਸਨੂੰ ਲੜਨ ਦਾ ਬਸ ਇਕ ਹੀ ਤਰੀਕਾ ਆਉਂਦਾ ਸੀ। ਜੋ ਕੁਝ ਵੀ ਉਹਦੇ ਕੋਲ ਸੀ, ਸਾਰੇ ਹਥਿਆਰਾਂ ਦੀ ਵਰਤੋਂ ਕਰਦਾ,ਜੀ ਜਾਨ ਲਗਾ ਦਿੰਦਾ, ਹਰ ਹੀਲਾ ਵਰਤਦਾ, ਜਿਵੇਂ ਮੈਂ ਉਸਦੀ ਵਹੁਟੀ ਨਹੀਂ,ਇਕ ਦੁਸ਼ਮਨ ਸਾਂ। ਹਰ ਹਾਲ ਜਿੱਤਦਾ। ਮੇਰੇ ਮਨਾਉਣ, ਮਾਫੀ ਮੰਗਣ, ਹਸਾਉਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ,ਚੁੱਪ ਪੱਥਰ ਹੋ ਜਾਂਦਾ ਤੇ ਕਈ ਕਈ ਦਿਨ ਨਾ ਪਿਘਲਦਾ, ਨਾਰਮਲ ਨਾ ਹੁੰਦਾ। ਕਹਿੰਦੇ ਨੇ ਆਪਸ ਵਿਚ ਕਦੀ ਕਦੀ ਲੜਾਈ ਝਗੜਾ ਕਰਨ ਵਾਲੇ ਪਤੀ ਪਤਨੀ ਦੀ ਉਮਰ ਲੰਮੀ ਹੁੰਦੀ ਏ ਪਰ ਉਹ ਤਾਂ ਮਰ ਵੀ ਜਲਦੀ ਗਿਆ।

ਮਾਮਾ ਜਾਮ ਵਿਚ ਫਸੇ ਹੋਏ ਹਾਂ। ਬਹੁਤ ਰੱਸ਼ ਹੈ ਅੱਜ।

ਹਰ ਦੂਜੇ ਦਿਨ ਇਹ ਸੁਨਣ ਨੂੰ ਮਿਲਦਾ ਹੈ। ਕਿੰਨੇ ਫਸੇ ਹੋਏ ਹਨ। ਕਿੰਨੀ ਡਰਾਉਣ ਵਾਲੀ ਕਾਹਲ, ਕਿੰਨੀ ਨੱਠ ਭੱਜ ਵਿਚ ਜੀਅ ਰਹੇ ਹਨ ਇਹ ਬੱਚੇ। ਜਿਵੇਂ ਅੱਗ ਲੱਗੀ ਹੋਵੇ, ਹਵਾ ਹਨੇਰੀ ਵਾਂਗ ਸਵੇਰੇ ਸੱਤ ਵਜੇ ਹਰ ਹਾਲ ਘਰੋਂ ਨਿਕਲ ਜਾਣਾ ਹੁੰਦਾ ਹੈ। ਵਾਪਸੀ ਤੇ ਫਿਰ ਕੋਈ ਪੱਕਾ ਨਹੀਂ ਕਿ ਸ਼ਾਮ ਦੇ ਸੱਤ ਵੱਜਦੇ ਹਨ, ਅੱਠ ਕਿ ਨੌਂ। ਫ਼ੋਨ ਕਰ ਕਰ ਪੁੱਛਦੀ ਹਾਂ -ਕਿੱਥੇ ਹੋ।

ਮਾਮਾ ਅੱਧੇ ਘੰਟੇ ਵਿਚ ਪਹੁੰਚ ਰਹੇ ਹਾਂ। ਖਾਣੇ ਵਿਚ ਕੀ ਬਣਾਇਆ ਹੈ ਅੱਜ।

ਕੁਝ ਪਸੰਦ ਦਾ ਹੋਵੇਗਾ ਤਾਂ ਠੀਕ, ਨਹੀਂ ਤਾਂ ਸੁਨਣ ਨੂੰ ਮਿਲੇਗਾ-

-ਮਾਮਾ ਤੁਸੀਂ ਕੁਝ ਨਾ ਬਨਾਉਣਾ,ਖਾਣਾ ਬਾਹਰੋਂ ਆ ਜਾਵੇਗਾ। ਅਸੀਂ ਫੋਨ ਕਰ ਦਿੱਤਾ ਹੈ।

ਮੇਰੀ ਇਨੀ ਦੇਰ ਦੀ ਮਿਹਨਤ, ਮੇਰਾ ਕੀਤਾ ਬਣਾਇਆ,ਧਰਿਆ ਧਰਾਇਆ ਰਹਿ ਜਾਂਦਾ ਹੈ। ਪਤਾ ਨਹੀਂ ਸਵੇਰੇ ਸੁੱਟਾਂ ਗੀ, ਕਿ ਨੌਕਰਾਂ ਨੂੰ ਦਿਆਂਗੀ।

ਹੋਟਲ ਤੋਂ ਖਾਣਾ ਆਉਂਦਾ ਹੈ ਤਾਂ ਅੱਧ ਪਚੱਦ ਖਾਣਗੇ। ਕਹੇ ਨਾ ਕਹੇ ਤੇਲ, ਜਿਆਦਾ ਮਿਰਚ ਮਸਾਲੇ ਕਰਕੇ ਅਗਲੇ ਦਿਨ ਗਲ ਫੜਿਆ ਹੋਵੇਗਾ। ਦਵਾਈ ਲਈ ਕੈਮਿਸਟ ਨੂੰ ਫੋਨ ਹੋ ਰਹੇ ਹੋਣਗੇ।

ਨੂੰਹ ਦੀ ਫਰਮਾਇਸ਼ ਹੋਰ ਹੁੰਦੀ ਹੈ,ਪੁੱਤਰ ਦੀ ਹੋਰ। ਇਕ ਨੂੰ ਦਲੀਆ, ਤਾਂ ਦੂਜੇ ਨੂੰ ਆਲੂ ਵਾਲੇ ਪਰੌਂਠੇ,ਰੀਆ ਨੂੰ ਲੰਚ ਲਈ ਪੂਰੀ ਅਤੇ ਆਲੂਆਂ ਦੀ ਸਬਜ਼ੀ ਚਾਹੀਦੀ ਹੈ। ਕਦੀ ਲੂਣ ਅਜਵਾਇਣ ਵਾਲੀ ਪਰੌਂਠੀ ਬਣਾ ਦਿਆਂ ਤਾਂ ਚਿਪਸ ਚਿਪਸ ਖਾ ਆਏਗੀ,ਪਰੌਂਠੀ ਨੂੰ ਹੱਥ ਨਹੀਂ ਲਗਾਇਆ ਹੁੰਦਾ। ਉਵੇਂ ਦੀ ਉਵੇਂ ਟਿਫਨ'ਚ ਪਈ ਹੋਵੇਗੀ। ਇਹੀ ਹਾਲ ਬਰੈਡ ਜੈਮ ਦਾ ਹੁੰਦਾ ਹੈ। ਸ਼ਾਮ ਨੂੰ ਮਾਂ ਆਏਗੀ ਤਾਂ ਪੁੱਛੇਗੀ -ਮਾਮਾ ਰੀਆ ਨੇ ਲੰਚ ਕਰ ਲਿਆ ਸੀ ਨਾ। ਸਵੇਰੇ ਦੁੱਧ ਲਈ ਉਸਨੂੰ ਸੌ ਵਾਰ ਬੋਲਣਾ ਪੈਂਦਾ ਹੈ। ਉਸਦੇ ਅਸਲੇ ਮਸਲੇ ਹੀ ਨਹੀਂ ਮੁਕਦੇ। ਕਦੀ ਦੁੱਧ ਗਰਮ ਹੁੰਦਾ ਹੈ, ਕਦੀ ਠੰਡਾ। ਕਦੀ ਚੀਨੀ ਘੱਟ ਹੁੰਦੀ ਹੈ, ਕਦੀ ਪਏ ਪਏ ਤੇ ਮਲਾਈ ਆ ਗਈ ਹੈ। ਬਾਹਰ ਵੈਨ ਵਾਲਾ ਖੜਾ, ਹਾਰਨ ਤੇ ਹਾਰਨ ਵਜਾਈ ਜਾਂਦਾ ਹੈ। ਕੱਲ ਬੂਟ ਕੱਲ ਕਿੱਥੇ ਉਤਾਰ ਕੇ ਸੁੱਟੇ ਸਨ। ਵਾਲਾਂ ਲਈ ਰਬੜ ਬੈਂਡ ਨਹੀਂ ਮਿਲ ਰਹੇ।

ਨੂੰਹ ਆਫਿਸ ਤੋਂ ਮੁੜਦੀ ਹੈ ਤਾਂ ਛੋਟੀ ਨੂੰ ਪਰੈਮ ਵਿਚ ਪਾ ਕੇ ਘੁਮਾਉਣ ਨਿਕਲ ਜਾਂਦੀ ਹੈ।



ਪੁੱਤਰ ਜਿੰਮ ਚਲਾ ਜਾਂਦਾ ਹੈ ਜਾਂ ਕੰਪਿਊਟਰ ਖੋਲ ਬਹਿੰਦਾ ਹੈ।

ਸਾਰਾ ਹਫ਼ਤਾ ਦੋਹਾਂ ਨੂੰ ਸਿਰ ਖੁਰਕਣ ਦੀ ਵਿਹਲ ਨਹੀਂ। ਮਜ਼ਾਲ ਹੈ ਕੋਈ ਇਕ ਨਜ਼ਰ ਘਰ ਵੱਲ ਵੇਖ ਲਵੇ। ਕੀ ਮੁੱਕ ਗਿਆ ਹੈ, ਕੀ ਲਿਆਉਣ ਵਾਲਾ ਹੈ। ਇਹ ਸਾਰਾ ਕੰਮ ਮੇਰਾ ਹੈ। ਸ਼ਨੀ ਐਤ ਛੁੱਟੀ ਹੁੰਦੀ ਹੈ। ਆਪਸ ਵਿਚ ਲੜ ਪੈਂਦੇ ਹਨ।

ਧੀ ਨੂੰ ਪਾਰਕ ਦੇ ਤਿੰਨ ਚਾਰ ਚੱਕਰ ਲਵਾ ਕੇ ਨੂੰਹ ਆ ਗਈ ਹੈ ਤੇ ਸੱਸ ਦੇ ਗਲ ਵਿਚ ਬਾਹਾਂ ਪਾ ਕੇ ਲਾਡ ਨਾਲ ਆਖਦੀ ਹੈ-

-ਮਾਮਾ ਭੁੱਖ ਲੱਗੀ ਏ।

ਮੈਂ ਇੱਕਲੀ ਕੀ ਕੀ ਕਰਾਂ। ਸ਼ਿਕਾਇਤ ਕਰਦੀ ਹਾਂ ਤਾਂ ਨੂੰਹ ਕਹਿੰਦੀ ਹੈ-

-ਮਾਮਾ ਨੌਕਰ ਰੱਖੋ,ਆਪ ਕਿਓਂ ਕਰਦੇ ਹੋ ਕੰਮ।

ਸੌ ਨਖ਼ਰੇ ਕਰਦੇ ਹਨ, ਗੱਲ ਕਰਨ ਲੱਗੇ ਸੋਚਦੇ ਨਹੀਂ,ਢੰਗ ਦਾ ਨੌਕਰ ਕਿਹੜਾ ਆਸਾਨੀ ਨਾਲ ਮਿਲਦਾ ਹੈ। ਕਪੜੇ ਧੋਣ ਵਾਲੀ ਕਹਿੰਦੀ ਹੈ- ਆਂਟੀ,ਹੋਰ ਲੋਕਾਂ ਦੀਆਂ ਨੂੰਹਾਂ ਵੀ ਤਾਂ ਨੌਕਰੀ ਕਰਦੀਆਂ ਹਨ ਪਰ ਭਾਬੀ ਨੇ ਤਾਂ ਜਿਵੇਂ ਘਰ ਦੇ ਕੰਮ ਨੂੰ ਹੱਥ ਨਾ ਲਾਉਣ ਦੀ ਸੌਂਹ ਖਾ ਰੱਖੀ ਹੈ। ਸਵੇਰੇ ਸਵੇਰੇ ਐਕਸਰਸਾਈਜ਼ ਕਰਨ ਉਪਰ ਚੜ ਜਾਏਗੀ,ਇਨਾਂ ਨਹੀਂ ਕਿ ਵਿਚਾਰੀ ਸੱਸ ਦਾ ਰਸੋਈ ਵਿਚ ਥੋੜਾ ਹੱਥ ਹੀ ਵਟਾ ਦਿਆਂ। ਖਾਣਾ ਬਣ ਗਿਐ,ਪੈਕ ਹੀ ਕਰ ਲਵਾਂ। ਸਫ਼ਾਈ ਵਾਲੀ ਪ੍ਰਿਆ ਦੇ ਕਪੜਿਆਂ ਬਾਰੇ ਕਹਿੰਦੀ ਹੈ -ਆਂਟੀ ਬੁਰਾ ਨਾ ਮੰਨਣਾ, ਸੱਚ ਕਹਾਂ, ਤੁਹਾਡੀ ਨੂੰਹ ਰਾਣੀ ਦੀਆਂ ਡਰੈਸਾਂ ਬੜੀਆਂ ਖਤਰਨਾਕ ਹੁੰਦੀਆਂ ਹਨ। ਆਂਢ ਗੁਆਂਢ ਦੇ ਸਾਰੇ ਆਪਸ ਵਿਚ ਮੂੰਹ ਜੋੜ ਜੋੜ ਗੱਲਾਂ ਕਰਦੇ ਨੇ। ਇਹ ਤਾਂ ਸਿੱਧਾ ਕਿਸੇ ਨੂੰ ਬੁਲਾਵਾ ਦੇਣਾ ਹੈ, ਕਿ ਆ ਬੈਲ ਮੁਝੇ ਮਾਰ। ਆਂਟੀ ਤੁਸੀਂ ਵੱਡੇ ਹੋ, ਵੱਡੇ ਹੋਰ ਕਾਹਦੇ ਲਈ ਹੁੰਦੇ ਨੇ। ਘਰ ਦੇ ਵੱਡਿਆਂ ਨੂੰ ਮਨਾ ਕਰਨਾ ਚਾਹੀਦਾ ਹੈ। ਚੰਗੀ ਸਿਕਸ਼ਾ ਦੇਣੀ ਚਾਹੀਦੀ ਹੈ ਬੱਚਿਆਂ ਨੂੰ।

ਕਹਿਣ ਦਾ ਮਨ ਹੁੰਦਾ ਹੈ- ਭਾਬੀ ਮਹੀਨੇ ਦਾ ਡੇੜ ਲੱਖ ਕਮਾ ਕੇ ਲਿਆਉਂਦੀ ਹੈ। ਕਹੇ ਕੌਣ। ਕਮਾਉਂਦੀ ਹੈ ਤਾਂ ਮੇਰੇ ਲਈ ਥੋੜਾ ਕਮਾ ਕੇ ਲਿਆਉਂਦੀ ਹੈ।

ਸੋਚਨੀ ਆਂ ਇਹ ਵਿਚਾਰੇ ਵੀ ਕਿਹੜਾ ਵਿਹਲੇ ਹਨ। ਕਿੰਨੀ ਜੀ ਤੋੜ ਮਿਹਨਤ ਕਰਦੇ ਹਨ। ਅੱਧੀ ਅੱਧੀ ਰਾਤ ਕੰਪਿਊਟਰ ਅੱਗੇ ਬੈਠੇ ਹਨ।-ਮੰਮੀ ਪਲੀਜ਼ ਦਰਵਾਜ਼ਾ ਬੰਦ ਕਰ ਦਿਓ ਮੇਰੀ ਜ਼ਰੂਰੀ ਕਾਲ ਏ। ਕਪੜੇ ਕਿਤੇ ਲਾਹ ਕੇ ਸੁੱਟੇ ਹੁੰਦੇ ਹਨ ਜੁੱਤੇ ਕਿਤੇ। ਹਫੜਾ-ਤਫੜੀ ਵਿਚ ਸਵੇਰੇ ਪਰਸ ਨਹੀਂ ਮਿਲ ਰਿਹਾ ਹੁੰਦਾ। ਗੱਡੀ ਦੀ ਚਾਬੀ ਕਿੱਥੇ ਹੈ, ਮੈਨੂੰ ਪੁੱਛਣਗੇ -ਮੰਮੀ ਮੇਰਾ ਪਰਸ ਤਾਂ ਨਹੀਂ ਵੇਖਿਆ ਕਿਧਰੇ, ਏਥੇ ਰਾਤ ਟੀ ਵੀ ਕੋਲ ਰੱਖਿਆ ਸੀ। ਕਿੰਨੀ ਵਾਰ ਆਖ ਚੁੱਕੀ ਹਾਂ ਕਿ ਇਕ ਥਾਂ ਰੱਖਿਆ ਕਰੋ,ਚੀਜ਼ ਦਾ ਇਕ ਟਿਕਾਣਾ ਹੋਵੇ ਤਾਂ ਲੋੜ ਵੇਲੇ ਲੱਭਣੀ ਨਹੀਂ ਪੈਂਦੀ।

ਆਪਣੇ ਕਮਰੇ ਵਿਚ ਪਈ ਮਾਂ ਆਪਣੇ ਆਪ ਨਾਲ ਗੱਲਾਂ ਕਰ ਰਹੀ ਹੈ।

ਪੁੱਤਰ ਆਪਣੇ ਕਮਰੇ ਵਿਚ, ਕਿਸੇ ਨਾਲ ਅਮਰੀਕਾ।

ਊਰਜਾ ਦੀ ਵਰਤੋਂ, ਸੰਭਾਲ ਅਤੇ ਸੰਜਮ ਬਾਰੇ ਕਿਸੇ ਅਮਰੀਕਨ ਕੰਪਨੀ ਦਾ ਕੋਈ ਪ੍ਰਾਜੈਕਟ ਹੈ। ਇਕ ਸਮੇਂ ਊਰਜਾ ਦੀ ਕਿੰਨੀ ਖਪਤ ਹੁੰਦੀ ਹੈ, ਦੂਸਰੇ ਵਕਤ ਕਿੰਨੀ। ਲੋੜ ਕਿੰਨੀ ਹੈ। ਆਉਣ ਵਾਲੇ ਸਮੇਂ ਕਿੰਨੀ ਊਰਜਾ ਵੱਧ ਚਾਹੀਦੀ ਹੋਵੇਗੀ ਊਰਜਾ ਬਚਾਈ ਕਿਵੇਂ ਜਾ ਸਕਦੀ ਹੈ, ਡਾਟਾ ਕਲਾਊਡ ਕੰਪਿਊਟਿੰਗ ਫੰਕਸ਼ਨਲ ਪੱਖ ਟੈਕਨੀਕਲ ਪਹਿਲੂ ਕੋਈ ਇਸ਼ੂ ਆ ਗਿਆ ਹੈ। ਸ਼ਿਕਾਗੋ ਵਿਚ ਬੈਠੀ ਕੋਈ ਔਰਤ ਕੁਝ ਪੁੱਛ ਰਹੀ ਹੈ, ਮੁੰਡਾ ਵਿਆਖਿਆ ਕਰ ਰਿਹਾ ਹੈ, ਆਪਣੇ ਕਿਸੇ ਕੁਲੀਗ ਨਾਲ ਡਿਸਕਸ ਕਰ ਰਿਹਾ ਹੈ। ਮੁੰਡੇ ਨੂੰ

ਇਸ ਤਰਾਂ ਸਮੱਸਿਆ ਹੱਲ ਕਰਦੇ ਨੂੰ ਹੁਣ ਭਾਵੇਂ ਸਵੇਰ ਦੇ ਪੰਜ ਵੱਜ ਜਾਣ। ਕੰਪਨੀ ਇਨੇ ਪੈਸੇ ਐਵੇਂ ਤਾਂ ਨਹੀਂ ਦੇ ਦਿੰਦੀ।

ਇਹੀ ਹਾਲ ਨੂੰਹ ਦਾ ਹੈ। ਈਰਾ ਰਾਤ ਨੂੰ ਤਿੰਨ ਚਾਰ ਵਾਰ ਉੱਠਦੀ ਹੈ। ਜਾਗਦਿਆਂ ਹੀ ਮਾਂ ਮਾਂ ਪੂਰੇ ਜ਼ੋਰ ਦੀ ਚੀਕ ਮਾਰਦੀ ਹੈ,ਕਿ ਜਿਵੇਂ ਸ਼ੀਸ਼ੇ ਦਾ ਕੋਈ ਕੀਮਤੀ ਬਰਤਨ ਸੰਭਲਦੇ ਸੰਭਲਦੇ ਹੱਥਾਂ 'ਚੋਂ ਛੁੱਟ, ਫਰਸ਼ 'ਤੇ ਡਿੱਗ ਪਿਆ ਹੋਵੇ, ਕਿ ਜੋ ਵੀ ਜਾਗਦਾ ਹੋਏ ਸੁਣਕੇ ਡਰ ਜਾਏ। ਕਦੀ ਪਿਸ਼ਾਬ ਕਰ ਦਿੱਤਾ ਹੈ ਗਿੱਲੀ ਹੋ ਗਈ ਹੈ, ਜਾਂ ਆਇਆ ਹੈ,ਕਰਨਾ ਹੈ। ਕਦੀ ਦੁੱਧ ਲਈ। ਜਿਵੇਂ ਵੀ ਹੋ, ਉਠੋ। ਦੁੱਧ ਗਰਮ ਕਰੋ। ਜਿਆਦਾ ਗਰਮ ਹੋ ਗਿਆ ਹੈ ਤਾਂ ਠੰਡਾ ਕਰੋ। ਬੋਤਲ ਵਿਚ ਪਾਓ ਤੇ ਨਿੱਪਲ ਹਿਰੋਇਨ ਦੇ ਮੂੰਹ'ਚ ਦਿਓ। ਸੋਚਨੀ ਆਂ ਇਹ ਵਿਚਾਰੀ ਵੀ ਕਿਹੜਾ ਆਰਾਮ ਵਿਚ ਹੈ। ਕਈ ਵਾਰ ਕਿਹਾ ਹੈ ਕੋਈ ਦੂਸਰੀ ਕੰਪਨੀ ਕਿਓਂ ਨਹੀਂ ਢੂੰਡ ਲੈਂਦੀ। ਪੈਸੇ ਬੇਸ਼ਕ ਘੱਟ ਹੋਣ, ਤੇਰੇ ਕੋਲ ਆਪਣੇ ਬੱਚਿਆਂ ਲਈ ਟਾਇਮ ਤਾਂ ਹੋਵੇ। ਘਰ ਸਮੇਂ ਸਿਰ ਮੁੜ ਆਏਂ। ਕਿਵੇਂ ਮਿਸ ਕਰਦੇ ਹਨ ਬੱਚੇ ਮਾਂ ਨੂੰ। ਜਿਵੇਂ ਹੀ ਸ਼ਾਮ ਦੇ ਛੇ ਵੱਜਦੇ ਹਨ ਈਰਾ ਗੇਟ ਵੱਲ ਵੇਖ ਕੇ, ਮਾਮਾ ਮਾਮਾ ਕਰਨ ਲੱਗਦੀ ਹੈ। ਸੋਚਨੀਂ ਆਂ ਜਦੋਂ ਥੋੜੇ ਨਾਲ ਚੱਲ ਸਕਦਾ ਹੈ, ਇਨਾਂ ਆਪਣੇ ਖਰਚੇ ਇਨੇ ਕਿਓਂ ਵਧਾ ਰੱਖੇ ਹਨ। ਪੰਜਾਹ ਲੱਖ ਮਕਾਨ ਦਾ ਲੋਨ ਹੈ ਸਿਰ ਤੇ। ਚਲੋ ਕਹਿੰਦੇ ਨੇ ਟੈਕਸ ਬਚਦਾ ਹੈ। ਵੀਹ ਲੱਖ ਕਾਰ ਦਾ ਹੈ। ਏਨੀ ਕੀ ਜ਼ਰੂਰਤ ਸੀ ਵੱਡੀ ਗੱਡੀ ਦੀ। ਰੋਕਿਆ ਸੀ ਪਰ ਇਹ ਕਰਜ਼ ਲੈਣ ਤੋਂ ਡਰਦੇ ਹੀ ਨਹੀਂ।

-ਮੰਮੀ ਸਾਡੀ ਕੰਪਨੀ ਵਿਚ ਜਿਨੇ ਲੱਖ ਦਾ ਕਿਸੇ ਦਾ ਪੈਕੇਜ ਹੈ ਉਨੇ ਲੱਖ ਦੀ ਗੱਡੀ ਹੈ, ਉਸ ਕੋਲ। ਮੇਰੇ ਇਸ ਟੁਚੱਲ ਜਿਹੇ ਮੋਬਾਇਲ ਤੇ ਹੱਸਦੇ ਨੇ ਸਭ।

ਸਵੇਰ ਹੋਈ ਹੈ, ਮੁੰਡਾ ਜਿੰਮ ਚਲਾ ਗਿਆ ਹੈ,ਨੂੰਹ ਉਪਰ ਟਾਪ ਫਲੋਰ ਤੇ ਕੋਈ ਸੀ ਡੀ ਲਗਾ ਕੇ ਐਕਸਰਸਾਈਜ਼ ਕਰਨ।

ਮੈਂ ਰਸੋਈ ਵਿਚ ਪਿਆਜ਼ ਕੱਟ ਰਹੀ ਹਾਂ।

ਹੁਣ ਜਾ ਕੇ, ਹਾਰ ਗਈ ਹਾਂ ਤਾਂ ਮੈਂ ਕਿਹਾ ਹੈ, ਮੇਰੇ ਵੱਸ ਦੀ ਨਹੀਂ, ਹੁਣ ਵੱਡੀ ਹੋ ਗਈ ਹੈ ਇਹ, ਸਵੇਰੇ ਰੀਆ ਨੂੰ ਸਕੂਲ ਲਈ ਤਿਆਰ ਤੁਸੀਂ ਕਰਿਆ ਕਰੋ। ਮੇਰੀ ਉਮਰ ਵੇਖੋ, ਮੇਰੇ ਕੋਲੋਂ ਇੱਕਲੀ ਤੋਂ ਇਨਾ ਸਾਰਾ ਕੰਮ ਨਹੀਂ ਹੁੰਦਾ।

ਪ੍ਰਿਆ ਕਹਿੰਦੀ ਹੈ -ਮੰਮੀ ਤੁਸੀਂ ਵਿਗਾੜਿਆ ਹੋਇਆ ਹੈ ਆਪਣਾ ਮੁੰਡਾ, ਮੇਰੇ ਆਫਿਸ ਵਿਚ ਜਿੰਨੀਆਂ ਵੀ ਮੈਰਿਡ ਨੇ ਸੱਭ ਦੇ ਹਸਬੈਂਡ ਉਨ੍ਹਾਂ ਨਾਲ ਕੰਮ ਵਿਚ ਹੱਥ ਵਟਾਉਂਦੇ ਨੇ। ਤੁਹਾਡੇ ਮੁੰਡੇ ਨੂੰ ਤਾਂ ਕੰਮ ਕਰਨਾ ਆਪਣੀ ਬੇਇੱਜ਼ਤੀ ਲੱਗਦਾ ਹੈ। ਇਨ੍ਹਾਂ ਨਹੀਂ ਕਿ ਬੱਚੇ ਨੂੰ ਥੋੜ੍ਹੀ ਦੇਰ ਬਾਹਰ ਪਾਰਕ ਵਿਚ ਘੁਮਾ ਲਿਆਵਾਂ, ਪੌਟੀ ਕਰਵਾ ਦਿਆਂ, ਹੋਮ ਵਰਕ ਵੇਖ ਲਵਾਂ। ਕਹਿਣਾ ਚਾਹੁੰਦੀ ਹਾਂ ਤੂੰ ਇਸਦਾ ਪਿਓ ਨਹੀਂ ਨਾ ਵੇਖਿਆ। ਮੈਂ ਤਾਂ ਆਸ ਪਾਸ ਦੇ ਬੰਦਿਆਂ ਨੂੰ ਸਾਰੀ ਉਮਰ ਇੰਝ ਦਾ ਹੀ ਵੇਖਿਆ ਹੈ। ਭਾਵੇਂ ਪੇਕੇ ਸਨ, ਭਾਵੇਂ ਸਹੁਰੇ। ਇਹਦੇ ਪਿਓ ਦਾ ਹਾਲ ਵੀ ਕਿਹੜਾ ਵੱਖਰਾ ਸੀ। ਅਜਿਹੀ ਸਥਿਤੀ ਵਿਚ ਜ਼ਨਾਨੀ ਕੀ ਕਰੇ। ਆਪਣਾ ਘਰ ਬਰਬਾਦ ਕਰ ਲਵੇ। ਕਹਿੰਦੀ ਨਹੀਂ। ਸਾਰੇ ਦਿਨ ਦੀ ਖਪੀ,ਖਰਚ ਹੋਈ ਦਾ ਥੱਕਿਆ ਹੋਇਆ ਚਿਹਰਾ ਵੇਖ ਕੇ ਚੁਪ ਰਹਿਨੀਂ ਆਂ। ਆਫਿਸ ਤੋਂ ਸਾਰੇ ਦਿਨ ਦੀ ਥੱਕੀ ਆਈ ਹੈ। ਉਸਨੂੰ ਆਰਾਮ ਦੀ ਜ਼ਰੂਰਤ ਹੈ ਪਰ ਬੱਚੇ ਸ਼ੋਰ ਕਰ ਰਹੇ ਹਨ, ਭਾਂਤ ਭਾਂਤ ਦੀਆਂ ਮੰਗਾਂ ਕਰ ਰਹੇ ਹਨ। ਉਸਨੂੰ ਆਪਣੀ ਖੇਡ ਵਿਚ ਸ਼ਾਮਿਲ ਕਰਨ ਲਈ ਜ਼ਿਦ ਕਰ ਰਹੇ ਹਨ।

ਵਾਹ ਲਗਦੇ ਜਿਨਾ ਹੋ ਸਕਦਾ ਹੈ,ਉਹ ਬੱਚਿਆਂ ਨੂੰ ਵੀ ਸਮਾਂ ਦਿੰਦੀ ਹੈ। ਜਿਆਦਾ ਸਮਾਂ ਨਾ ਦੇ



ਪਾਉਣ ਦੀ ਅਪਰਾਧ ਭਾਵਨਾ ਦੀ ਮਾਰੀ ਨਵੇਂ ਨਵੇਂ ਤੇ ਮਹਿੰਗੇ ਖਿਡਾਉਣੇ ਚੁੱਕ ਲਿਆਏਗੀ। ਮੇਰੇ ਰੋਕਣ ਦੇ ਬਾਵਜੂਦ ਆਈਸ ਕਰੀਮ ਦੇ,ਚਾਕਲੇਟ ਦੇ ਵੱਡੇ ਪੈਕ ਉਠਾ ਲਿਆਏਗੀ ਘਰ ਖਾ ਖਾ ਬੱਚਿਆਂ ਦੇ ਗਲੇ ਖਰਾਬ ਹੋਣਗੇ,ਖਾਂਸੀ ਕਰਨਗੇ, ਬੁਖਾਰ ਹੋ ਜਾਏਗਾ ਫਿਰ ਉਨਾ ਨੂੰ ਲੈ ਕੇ ਡਾਕਟਰ ਕੋਲ ਭੱਜੀ ਫਿਰੇਗੀ।

-ਮੰਮੀ ਪਕੜੋ ਇਸਨੂੰ, ਇਹ ਜਾਗ ਗਈ ਏ। ਮੈਨੂੰ ਸੌਣ ਨਹੀਂ ਦੇ ਰਹੀ। ਮੇਰਾ ਕੱਲ ਦਾ ਦਿਨ ਬੜਾ ਹੈਕਟਿਕ ਹੈ। ਬਹੁਤ ਕੰਮ ਹੈ ਕੱਲ।

ਘੜੀ ਵੇਖਦੀ ਹਾਂ। ਦੋ ਵੱਜੇ ਹਨ।

ਈਰਾ ਹੋਈ ਸੀ ਤਾਂ ਸੱਭ ਦੀ ਇੱਛਾ ਸੀ ਕਿ ਇਸ ਵਾਰ ਮੁੰਡਾ ਹੋਵੇ। ਇਕ ਕੁੜੀ ਹੈ ਹੀ,ਇਕ ਮੁੰਡਾ ਹੋ ਜਾਏ ਤਾਂ ਪਰਿਵਾਰ ਪੂਰਾ ਹੋ ਜਾਵੇ। ਕੰਮ ਮੁੱਕੇ। ਈਰਾ ਹੋਈ ਸੀ ਤਾਂ ਲੋਕਾਂ ਕੋਲੋਂ ਸੁਨਣ ਨੂੰ ਮਿਲਿਆ ਸੀ - ਫਿਰ ਲਕਸ਼ਮੀ ਆ ਗਈ,ਚਲੋ ਭਗਵਾਨ ਅੱਗੇ ਕੋਈ ਜ਼ੋਰ ਤਾਂ ਨਹੀਂ ਨਾ ਭੈਣ ਜੀ। ਖੁਸ਼ ਵਿਖਾਈ ਦਿੱਤੀ ਸਾਂ ਤਾਂ ਨਾਲ ਦੇ ਸ਼ਰਮਿਆਂ ਦੀ ਪ੍ਰੇਰਣਾ ਬੋਲੀ ਸੀ -ਆਂਟੀ ਸਭ ਕਹਿਣ ਦੀਆਂ ਗੱਲਾਂ ਨੇ, ਘਰ ਵਿਚ ਦੂਸਰੀ ਕੁੜੀ ਹੋਣ ਦੀ ਕੋਈ ਖੁਸ਼ੀ ਨਹੀਂ ਮਨਾਉਂਦਾ। ਪ੍ਰੇਰਣਾ ਹੋਰੀ ਵੀ ਦੋ ਭੈਣਾਂ ਹੀ ਭੈਣਾਂ ਹਨ। ਪ੍ਰੇਰਣਾ ਅਤੇ ਪਰੀ। ਗੌਰਵ ਵੀ ਇਹੀ ਚਾਹੁੰਦਾ ਸੀ ਕਿ ਇਸ ਵਾਰ ਮੁੰਡਾ ਹੋਵੇ। ਮੁੰਡੇ ਲਈ ਮੈਂ ਕਿੱਥੇ ਨਹੀਂ ਸੁੱਖਣਾ ਸੁੱਖੀਆਂ। ਗੌਰਵ ਟੈਸਟ ਲਈ ਕਹਿੰਦਾ ਸੀ ਪਰ ਪ੍ਰਿਆ ਅੜ ਗਈ -ਟੈਸਟ ਤੁਸੀਂ ਬੇਸ਼ਕ ਕਰਵਾ ਲਵੋ ਪਰ ਮੈਂ ਅਬਾਰਸ਼ਨ ਬਿਲਕੁਲ ਨਹੀਂ ਕਰਵਾਵਾਂ ਗੀ। ਪ੍ਰਿਆ ਦੀ ਵੀ ਇਕ ਭੈਣ ਹੈ, ਭਰਾ ਕੋਈ ਨਹੀਂ। ਉਂਝ ਕੁੜੀ ਅਤੇ ਮੁੰਡੇ ਵਿਚ ਫਰਕ ਵੀ ਕੀ ਹੈ ਅੱਜ ਕੱਲ। ਧੀਆਂ ਮਾਂ ਪਿਓ ਬਾਰੇ ਕਿਨਾ ਸੋਚ ਦੀਆਂ ਹਨ। ਪ੍ਰਿਆ ਦੀ ਮਾਂ ਐਸ਼ ਕਰਦੀ ਹੈ। ਮੈਂ ਮੁੰਡੇ ਦੀ ਮਾਂ, ਏਥੇ ਬੱਝੀ ਹੋਈ ਹਾਂ। ਇਹ ਵੀ ਹੈ ਕਿ ਮੇਰਾ ਆਪਣਾ ਘਰ ਨਹੀਂ। ਨਹੀਂ ਤਾਂ ਸ਼ਾਇਦ।

ਮੈਨੂੰ ਪਿਛਲੇ ਦਿਨਾਂ ਤੋਂ ਆਪਣਾ ਪਤੀ ਬੜਾ ਯਾਦ ਆ ਰਿਹਾ ਹੈ। ਸੁਪਨੇ ਵਿਚ ਵੀ ਮਿਲਦਾ ਹੈ। ਮੇਰੀ ਭੈਣ ਸ਼ਰਨ ਆਖਦੀ ਹੈ ਅੱਜ ਕਲ ਸ਼ਰਾਧ ਚਲ ਰਹੇ ਹਨ ਸ਼ਾਇਦ ਇਸ ਕਰਕੇ। ਸ਼ਰਾਧਾਂ ਦੇ ਦਿਨਾਂ ਵਿਚ ਮਰੇ ਹੋਏ ਲੋਕਾਂ ਦੀਆਂ ਆਤਮਾਵਾਂ ਆਉਂਦੀਆਂ ਹਨ। ਕਹਿੰਦੀ ਹੈ -ਤੂੰ ਪੰਡਿਤ ਨੂੰ ਬੁਲਾ ਕੇ ਉਸ ਨੂੰ ਰੋਟੀ ਖਵਾ ਦੇ। ਉਸਦੇ ਨਮਿਤ ਬਨਦਾ ਸਰਦਾ ਅੰਨ ਵਸਤ ਦਾ ਦਾਨ ਕਰਦੇ। ਘਰ ਦੀ ਸੁੱਖ ਸ਼ਾਂਤੀ ਲਈ ਚੰਗਾ ਹੁੰਦਾ ਹੈ। ਮੁੰਡਾ ਬੁਲਾਏ ਤਾਂ ਬੁਲਾਏ, ਮੈਂ ਪੰਡਿਤ ਕਿੱਥੋਂ ਬੁਲਾਵਾਂ। ਮੈਨੂੰ ਸ਼ਰਮ ਆਉਂਦੀ ਹੈ। ਕਲ ਸਵੇਰੇ ਸਾਹਮਣੇ ਵਾਲੀ ਛੱਤ ਤੇ ਬੇਨੀਵਾਲਾਂ ਦਾ ਬੁੱਢਾ ਕੋ ਕੋ ਕਰਕੇ ਕਾਵਾਂ ਨੂੰ ਬੁਲਾ ਰਿਹਾ ਸੀ। ਕਹਿੰਦੇ ਹਨ ਕਾਂ ਤੁਹਾਡੇ ਅਤੇ ਮਰ ਚੁਕੇ ਲੋਕਾਂ ਵਿਚਕਾਰ ਪੁਲ ਦਾ ਕੰਮ ਕਰਦੇ ਹਨ। ਤੁਹਾਡਾ ਦਿੱਤਾ ਅੰਨ ਦਾਨ ਉਨ੍ਹਾਂ ਦੀਆਂ ਆਤਮਾਵਾਂ ਤਕ ਪੁਚਾ ਦਿੰਦੇ ਹਨ। ਉਹ ਦੇਰ ਤਕ ਲੱਗਿਆ ਰਿਹਾ, ਉੱਚੀ ਉੱਚੀ ਗਲਾ ਪਾੜਦਾ, ਬਾਹਾਂ ਉਲਾਰਦਾ ਰਿਹਾ ਪਰ ਕਾਂ ਕਿੱਥੇ ਹਨ ਅੱਜ ਕਲ।

ਉਸਦੀ ਪਤਨੀ ਤਿੰਨ ਚਾਰ ਸਾਲ ਪਹਿਲਾਂ ਦੀ ਮਰ ਚੁੱਕੀ ਹੈ।

ਸ਼ਰਨ ਕਹਿੰਦੀ ਹੈ ਕਾਂ ਨਾ ਮਿਲਣ ਤਾਂ ਖਾਣਾ ਕਿਸੇ ਕੁੱਤੇ ਨੂੰ ਪਾ ਦੇਣਾ ਵੀ ਉਹੀ ਗੱਲ ਹੈ। ਮੈਂ ਸਲਾਹ ਕੀਤੀ ਹੈ, ਮੈਥੋਂ ਇਹ ਕੁਝ ਨਹੀਂ ਹੋਣਾ। ਮੈਂ ਬਸ ਉਸਦੇ ਨਾਂ ਦਾ ਪੰਜ ਸੌ ਇਕ ਰੁਪਏ ਦਾ ਖਾਣ ਪੀਣ ਦਾ ਸਮਾਨ ਗੁਰੂਦੁਆਰੇ ਲੰਗਰ ਲਈ ਦੇ ਆਵਾਂਗੀ।

ਗੌਰਵ ਨੂੰ ਤਿੰਨ ਦਿਨ ਤੋਂ ਆਖ ਰਹੀ ਹਾਂ ਮੈਨੂੰ ਗੁਰੂਦੁਆਰੇ ਲੈ ਚੱਲੇ। ਉਸ ਕੋਲ ਟਾਇਮ ਹੀ ਨਹੀਂ ਹੈ। ਸ਼ਾਮ ਨੂੰ ਮੁੜਦਾ ਹੈ ਤਾਂ ਇਨਾ ਖਾਲੀ ਹੁੰਦਾ ਹੈ ਕਿ ਜ਼ੋਰ ਨਾਲ ਕਹਿ ਵੀ ਨਹੀਂ ਸਕਦੀ।

ਮੰਮੀ ਕੱਲ। ਮੇਰੀ ਅਪਰੇਜ਼ਲ ਹੋਣ ਵਾਲੀ ਹੈ। ਬਹੁਤ ਬਿਜ਼ੀ ਸ਼ੈਡਿਊਲ ਹੈ।

ਅਗਲੇ ਦਿਨ ਤੇ ਪਾ ਦਿੰਦੀ ਹਾਂ।

ਸ਼ਰਨ ਪੁੱਛਦੀ ਹੈ, ਉਹ ਸੁਪਨੇ ਵਿਚ ਤੇਰੇ ਕੋਲੋਂ ਕੁਝ ਮੰਗਦਾ ਤਾਂ ਨਹੀਂ। ਮਰਿਆ ਬੰਦਾ ਸੁਪਨੇ ਵਿਚ ਆ ਕੇ ਕੁਝ ਮੰਗੇ ਤਾਂ ਦੇਣਾ ਜ਼ਰੂਰੀ ਹੋ ਜਾਂਦਾ ਹੈ। ਕੀ ਦੱਸਾਂ ਸ਼ਰਨ ਨੂੰ ਕਿ ਉਸਨੂੰ ਮੰਗਣ ਤੋਂ ਸਿਵਾ ਹੋਰ ਕੰਮ ਹੀ ਕੀ ਸੀ। ਸੋਚਦੀ ਹਾਂ ਇਹੋ ਜਿਹਾ ਬੰਦਾ ਵੀ ਕੀ ਹੁੰਦਾ ਹੈ, ਜਿਸਦੇ ਬਾਰੇ ਤੁਹਾਨੂੰ ਸਭ ਪਤਾ ਲੱਗ ਗਿਆ ਹੋਵੇ। ਤੁਸੀਂ ਪੂਰਾ ਜਾਣ ਗਏ ਹੋਵੋ ਉਸਨੂੰ। ਬੰਦੇ ਵਿਚ ਕੁਝ ਤਾਂ ਅਜਿਹਾ ਹੋਵੇ ਜਿਸ ਨੂੰ ਨਾ ਜਾਣਦੇ ਹੋਵੋ ਤੁਸੀਂ। ਜਿਸ ਬਾਰੇ ਤੁਹਾਨੂੰ ਕਲਪਨਾ ਕਰਨੀ ਪਵੇ, ਅੰਦਾਜੇ ਲਗਾਉਣੇ ਪੈਣ। ਕੁਝ ਤਾਂ ਖੋਜਣ, ਢੂੰਡਣ ਲਈ ਹੋਵੇ ਤਾਂ ਕਿ ਇਕ ਦਿਲਚਸਪੀ ਬਣੀ ਰਹੇ।

ਪਿੱਛੇ ਜਿਹੇ ਪੂਰੇ ਸਮੇਂ ਲਈ ਰੱਖੀ ਸੀ ਇਕ ਨੌਕਰਾਣੀ,ਰਾਧਾ। ਪ੍ਰਿਆ ਇਕ ਅਜੰਸੀ ਤੋਂ ਲੈ ਕੇ ਆਈ ਸੀ। ਉਸਦੇ ਬਣਾਏ ਫੁਲਕੇ ਇਨਾ ਨੂੰ ਪਸੰਦ ਨਹੀਂ ਆਏ। ਕਾਲੀ ਤੇ ਸ਼ਕਲੋਂ ਵੀ ਬਸ ਮਾਤਾ ਦਾ ਮਾਲ ਤੇ ਉਸਦਾ ਇਕੱਲੀ ਦਾ ਖਾਣ ਇਨਾਂ ਜ਼ਿਆਦਾ ਸੀ, ਸਾਡੇ ਪੂਰੇ ਟੱਬਰ ਦਾ ਉਨਾ ਨਹੀਂ ਸੀ। ਦੁਪਹਿਰ ਨੂੰ ਮੈਂ ਕੁੜੀਆਂ ਨੂੰ ਸਵਾਇਆ ਹੁੰਦਾ ਤਾਂ ਉਹ ਟੀ ਵੀ ਲਗਾ ਬੈਠਦੀ -ਆਖਦੀ ਮੈਂ ਵਿਹਲੀ ਕੀ ਕਰਾਂ।

ਮੈਂ ਆਖਦੀ -ਤੂੰ ਵੀ ਸੌਂ ਜਾ ਥੋੜ੍ਹੀ ਦੇਰ।

–ਮੈਂ ਬੁੱਢੀ ਜਾਂ ਬੱਚੀ ਥੋੜ੍ਹਾ ਹਾਂ ਕਿ ਸੌਂ ਜਾਵਾਂਗੀ। ਜਵਾਨ ਕੁੜੀਆਂ ਨੂੰ ਨੀਂਦ ਆਉਂਦੀ ਹੈ? ਅੱਧੇ ਵਾਲ ਚਿੱਟੇ ਹੋ ਗਏ ਨੇ ਤੁਹਾਡੇ, ਤੁਹਾਨੂੰ ਅਜੇ ਤਕ ਪਤਾ ਨਹੀਂ ਲੱਗਾ।

ਸਾਰੇ ਕਹਿਣ -ਮਾਮਾ ਇਹ ਕੀ ਪੰਗਾ ਹੈ, ਕੱਢੋ ਇਸ ਭੂਤਨੀ ਨੂੰ। ਸਾਨੂੰ ਤਾਂ ਅਜਿਹਾ ਨੌਕਰ ਚਾਹੀਦਾ ਹੈ ਜਿਹੜਾ ਕੰਮ ਕਰੇ ਤੇ ਆਪਣੇ ਘਰ ਜਾਏ। ਇਹ ਗਲਤ ਹੈ, ਇਸ ਤਰਾਂ ਚੌਵੀ ਘੰਟੇ ਸਿਰ 'ਤੇ ਬੈਠਾ ਰਹਿਣ ਵਾਲਾ, ਤੇ ਅੱਖਾਂ ਪਾੜ ਪਾੜ ਵੇਖੀ ਜਾਣ ਵਾਲਾ ਨੌਕਰ।

ਇਕ ਦਿਨ ਇਨਾ ਦੇ ਬੈੱਡ ਦੀ ਚਾਦਰ ਬਦਲ ਰਹੀ ਸੀ ਕਿ ਕੋਹੜ ਕਿਰਲੀ ਜਿਹੀ, ਗੁੱਸੇ ਵਿਚ ਛੜੱਪ ਛੜੱਪ ਮੇਰੇ ਸਿਰ ਤੇ ਆ ਧਮਕੀ।

–ਇਧਰ ਆ ਕਰ ਦੇਖੋ ਆਪਨੇ ਬੱਚੋਂ ਕੀ ਕਰਤੂਤ,ਯਹ ਕਿਆ ਹੈ, ਮੈਂ ਆਪਕੋ ਸਾਫ਼ ਬੋਲ ਦੇਤੀ ਹੂੰ ਮੈਂ ਆਪਣੇ ਧਰਮ ਕੀ ਬਹੁਤ ਪੱਕੀ ਹੂੰ, ਯਹਾਂ ਜਿਤਨੀ ਦੇਰ ਭੀ ਰਹੂੰਗੀ, ਮੈਂ ਕਿਸੀ ਐਸੀ ਵੈਸੀ ਚੀਜ਼ ਕੋ ਹਾਥ ਨਹੀਂ ਲਗਾਊਂਗੀ।

–ਮੈਂ ਉਠਾ ਦਿੰਨੀ ਹਾਂ। ਮੈਂ ਉਸ ਨੂੰ ਸ਼ਾਂਤ ਕਰਦਿਆਂ ਕਿਹਾ। ਹੋਰ ਕੀ ਕਰਦੀ। ਇਨਾ ਨੂੰ ਕਈ ਵਾਰ ਕਹਿ ਚੁੱਕੀ ਹਾਂ ਖਿਆਲ ਕਰਿਆ ਕਰੋ, ਇਹ ਸੁਣਦੇ ਸਮਝਦੇ ਹੀ ਨਹੀਂ।

ਨੌਕਰਾਣੀਆਂ ਬਾਥਰੂਮ ਸਾਫ਼ ਕਰ ਦਿੰਦੀਆਂ ਹਨ ਪਰ ਪਾਟ ਨੂੰ ਹੱਥ ਨਹੀਂ ਲਗਾਉਂਦੀਆਂ। ਪਾਟ ਸਾਫ ਕਰਨਾ ਮੇਰਾ ਕੰਮ ਹੈ।

ਕੱਲ ਸਵੇਰੇ ਗੌਰਵ ਭੱਜਾ ਭੱਜਾ ਆਇਆ -ਮੰਮੀ ਆ ਕੇ ਵੇਖੋ ਪਾਟ ਕਿੰਨਾ ਗੰਦਾ ਹੈ।

ਗੈਸ ਤੇ ਰੱਖੀ ਚਾਹ ਨੂੰ ਉਬਾਲਾ ਆਉਣ ਵਾਲਾ ਸੀ।

–ਮੈਨੂੰ ਕੀ ਦੱਸਦਾ ਏਂ ਜੇ ਗੰਦਾ ਏ ਤਾਂ।

ਮੈਂ ਟੁੱਟ ਕੇ ਪੈ ਗਈ -ਮੈਂ ਤਾਂ ਨਹੀਂ ਗੰਦਾ ਕੀਤਾ, ਤੇਰੀ ਕੁੜੀ ਨੇ ਕੀਤੀ ਹੈ, ਤੇਰੇ ਹੱਥ ਨਹੀਂ, ਬਰੱਸ਼ ਲੈ, ਪਾਣੀ ਦੀ ਬਾਲਟੀ ਭਰ ਤੇ ਸਾਫ਼ ਕਰਦੇ। ਮੈਂ ਰੋ ਪਈ -ਹੱਦ ਹੋ ਗਈ ਏ, ਜਿਹੜਾ ਕੰਮ ਨੌਕਰ ਵੀ ਨਹੀਂ ਕਰਦੇ ਉਹ ਤੁਸੀਂ ਮਾਂ ਨੂੰ ਕਰਨ ਨੂੰ ਆਖਦੇ ਹੋ, ਜ਼ਰਾ ਸ਼ਰਮ ਨਹੀਂ ਤੁਹਾਨੂੰ।

ਮੈਂ ਆਪਣੇ ਕਮਰੇ ਵਿਚ ਆ ਗਈ।



ਕੁਝ ਦੇਰ ਬਾਦ ਦੋਵੇਂ ਮੇਰੇ ਕਮਰੇ ਵਿਚ ਆ ਗਏ ਤੇ ਮੈਨੂੰ ਜੱਫੀ ਵਿਚ ਲੈ ਕੇ ਮਨਾਉਣ ਲੱਗੇ-

- ਸੌਰੀ ਮੰਮੀ ਮੁਆਫ਼ ਕਰ ਦਿਓ।

- ਇਸ ਦਾ ਮਤਲਬ ਇਹ ਤਾਂ ਨਹੀਂ, ਜੇ ਮੈਂ ਬੋਲਦੀ ਨਹੀਂ, ਚੁੱਪ ਕੀਤੀ ਰਹਿਨੀਂ ਆਂ, ਤੁਸੀਂ ਕੁਝ ਸੋਚਦੇ ਹੀ ਨਹੀਂ। ਪੱਖੇ ਚੱਲ ਰਹੇ ਨੇ ਤਾਂ ਚੱਲ ਰਹੇ ਨੇ। ਦਰਵਾਜ਼ੇ ਚੌੜ ਚਪੱਟ ਖੁੱਲ੍ਹੇ ਹਨ। ਬੱਤੀਆਂ ਤੁਸੀਂ ਨਹੀਂ ਬੰਦ ਕਰਨੀਆਂ, ਰਾਤ ਦਾ ਬਚਿਆ ਖਾਣਾ ਡਾਇਨਿੰਗ ਟੇਬਲ ਤੇ ਪਿਆ ਹੈ ਤਾਂ ਪਿਆ ਹੈ, ਚੁੱਕ ਕੇ ਫਰਿੱਜ ਵਿਚ ਨਹੀਂ ਰੱਖਣਾ,ਫਰਿੱਜ 'ਚੋਂ ਪਾਣੀ ਪੀਤਾ ਹੈ ਤਾਂ ਬੋਤਲ ਮੇਜ਼ ਤੇ ਪਈ ਹੈ। ਨਹਾਤੇ ਹੋ ਤਾਂ ਤੌਲੀਆ ਫਰਸ਼ ਤੇ ਸੁੱਟ ਦਿੱਤਾ ਹੈ। ਮੰਨਿਆਂ ਸਵੇਰੇ ਜਾਣ ਦੀ ਕਾਹਲ ਹੁੰਦੀ ਹੈ, ਬੰਦਾ ਅੱਧਾ ਘੰਟਾ ਪਹਿਲਾਂ ਨਹੀਂ ਉੱਠ ਸਕਦਾ। ਘਰ'ਚ ਚਾਰੇ ਪਾਸੇ ਖਿਡਾਉਣੇ ਹੀ ਖਿਡਾਉਣੇ ਨਜ਼ਰ ਆਉਂਦੇ ਨੇ, ਕੋਈ ਚੁੱਕਦਾ ਨਹੀਂ, ਰੱਖਦਾ ਨਹੀਂ। ਮੈਂ ਸਾਰਾ ਦਿਨ ਸਫ਼ਾਈ ਕਰਵਾਉਂਦੀ ਮਰ ਜਾਂਦੀ ਹਾਂ।

ਪ੍ਰਿਆ ਕਹੇਗੀ -ਮੰਮੀ ਇਕ ਖਾਲੀ ਕੱਪ ਲਿਆ ਦਿਓ। -ਪਾਣੀ ਦਾ ਗਿਲਾਸ ਦੇਣਾ। -ਇਕ ਸੇਬ ਕੱਟ ਦਿਓ। -ਈਰਾ ਨੇ ਪੌਟੀ ਕਰ ਦਿੱਤੀ ਹੈ। ਮੈਨੂੰ ਬੜਾ ਮਹਿਸੂਸ ਹੁੰਦਾ ਹੈ। ਉਨਾ ਦਾ ਮੈਨੂੰ ਇਸ ਤਰਾਂ ਦੇ ਛੋਟੇ ਛੋਟੇ ਕੰਮ ਆਖਣਾ। ਇਹ ਮੇਰੀ ਉਮਰ ਦੀ ਔਰਤ ਦੇ ਕਰਨ ਵਾਲੇ ਕੰਮ ਹਨ। ਚਲੋ ਬੱਚਿਆਂ ਦਾ ਤਾਂ ਮੈਂ ਕਰਨਾ ਹੈ, ਤੁਸੀਂ ਤਾਂ ਆਪਣਾ ਕੰਮ ਆਪ ਕਰੋ।

–ਮੰਮੀ ਪੀਣ ਲਈ ਨਹੀਂ ਕੁਝ। ਕੱਲ ਆਉਂਦਿਆਂ ਹੀ ਗੌਰਵ ਨੇ ਪੁੱਛਿਆ।

ਮੈਂ ਪਹਿਲਾਂ ਹੀ ਨਿੰਬੂ ਕੱਟ ਨਿਚੋੜ ਕੇ ਸ਼ਿਕੰਜਵੀ ਦਾ ਜੱਗ ਬਣਾ ਫਰਿੱਜ ਵਿਚ ਰੱਖ ਰੱਖਿਆ ਸੀ। ਇਹਨਾ ਕੋਲੋਂ ਏਨਾ ਵੀ ਨਹੀਂ ਹੁੰਦਾ ਕਿ ਕੱਢ ਕੇ ਗਲਾਸਾ 'ਚ ਪਾ ਕੇ ਪੀ ਲੈਣ। ਉੱਠਦੀ ਹਾਂ, ਪਾ ਕੇ ਦਿੰਦੀ ਹਾਂ। ਹੋਰ ਕੀ ਕਰਾਂ। ਕੋਈ ਨਹੀਂ ਸੋਚਦਾ ਮੈਂ ਸਵੇਰੇ ਪੰਜ ਵਜੇ ਦੀ ਉੱਠੀ ਹੋਈ ਹਾਂ। ਸਾਰਾ ਦਿਨ ਨੌਕਰਾਂ ਨਾਲ ਨੌਕਰ ਹੋਈ ਹਾਂ, ਰੋਟੀ ਬਣਾਈ ਹੈ, ਬੱਚੇ ਵੇਖੇ ਹਨ।

ਬੱਚਿਆਂ ਦਾ ਕਰਕੇ ਮੈਨੂੰ ਖੁਸ਼ੀ ਹੁੰਦੀ ਹੈ। ਲੱਗਦਾ ਹੈ ਕਿ ਸ਼ੁਕਰ ਹੈ ਰੱਬ ਦਾ। ਗੌਰਵ ਤੋਂ ਬਾਦ ਹੀ ਬਸ ਕਰ ਗਿਆ ਸੀ ਮੇਰਾ ਘਰ ਵਾਲਾ। ਨਹੀਂ ਇੱਕ ਹੀ ਬਹੁਤ ਹੈ। ਮੇਰੀ ਬੜੀ ਤਮੰਨਾ ਸੀ ਕਿ ਇੱਕ ਕੁੜੀ ਵੀ ਹੋਵੇ। ਈਰਾ ਜਿਵੇਂ ਮੈਨੂੰ ਚੰਬੜਦੀ ਹੈ, ਚੁੰਮ ਚੁੰਮ ਕੇ ਮੈਨੂੰ ਗਿੱਲਾ ਕਰ ਦਿੰਦੀ ਹੈ। ਉਛਲਕੇ ਮੇਰੇ ਢਿੱਡ ਤੇ ਚੜ ਜਾਂਦੀ ਹੈ, ਹੱਸੇਗੀ, ਪੇਟ ਤੇ ਭੂੰ ਕਰੇਗੀ, ਮੇਰਾ ਥਕੇਵਾਂ ਉਤਰ ਜਾਂਦਾ ਹੈ, ਸਭ ਕੁਝ ਭੁਲ ਜਾਂਦਾ ਹੈ। ਕੱਲ ਰੀਆ ਆਖ ਰਹੀ ਸੀ -ਦਾਦੀ ਮੇਰੀ ਇਕ ਫਰੈਂਡ ਹੈ ਨੇਹਾ,ਉਸਦੇ ਵੀ ਦੱਦੂ ਨਹੀਂ ਹਨ। ਸੁਚਿਤਾ ਦੇ ਦੱਦੂ ਉਸਨੂੰ ਕਿੰਨੀਆਂ ਸਾਰੀਆਂ ਚੀਜਾਂ ਲੈ ਕੇ ਦਿੰਦੇ ਹਨ, ਉਸਨੂੰ ਆਪਣੇ ਬਚਪਨ ਦੀਆਂ ਕਹਾਣੀਆਂ ਸੁਣਾਉਂਦੇ ਹਨ। ਦਾਦੀ ਤੁਹਾਨੂੰ ਪਤਾ ਹੈ, ਭਗਵਾਨ ਇੰਝ ਕਿਓਂ ਕਰਦਾ ਹੈ। ਕਈ ਕੁੜੀਆਂ ਦੇ ਦੱਦੂ ਭਲਾ ਇਨੀ ਜਲਦੀ ਕਿਓਂ ਮਰ ਜਾਂਦੇ ਹਨ।

–ਮੈਂ ਵੀ ਤਾਂ ਲੈ ਕੇ ਦਿੰਦੀ ਹਾਂ ਤੈਨੂੰ ਚੀਜ਼ਾਂ। ਰੀਆ ਨੂੰ ਆਖਦੀ ਹਾਂ ਤਾਂ ਅੱਗੋਂ ਸੁਨਣ ਨੂੰ ਮਿਲਦਾ ਹੈ--ਪਰ ਤੁਸੀਂ ਤਾਂ ਦਾਦੀ ਹੋ ਨਾ।

ਸ਼ਰਨ ਦੀ ਏਥੇ ਦਿੱਲੀ ਵਿਚ ਹੀ ਇਕ ਜੇਠਾਣੀ ਹੈ,ਉਸਦੀ ਨੂੰਹ ਉਨਾ ਨੂੰ ਪੋਤੇ ਪੋਤੀ ਦੇ ਲਾਗੇ ਨਹੀਂ ਲੱਗਣ ਦਿੰਦੀ। ਬੜਾ ਸੋਚ ਸਮਝ ਕੇ, ਰਿਸ਼ਤੇ ਦਾਰੀ ਚੋਂ ਲਿਆ ਸੀ ਸਾਕ ਪਰ ਆਉਂਦੀ ਘਰ ਵਾਲੇ ਨੂੰ ਲੈ ਕੇ ਵੱਖ ਹੋ ਗਈ। ਕਹਿੰਦੀ ਹੈ, ਇਹ ਜ਼ਮਾਨਾ ਕਿਹੜਾ ਹੈ, ਮੈਂ ਨਹੀਂ ਜਾਂਇਟ ਫੈਮਿਲੀ ਵਿਚ ਰਹਿ ਸਕਦੀ। ਉਨ੍ਹਾਂ ਦਾ ਵੀ ਇੱਕੋ ਇੱਕ ਪੁੱਤਰ ਹੈ। ਲਾਚਾਰ ਮਾਂ ਬਾਪ ਪੁੱਤ ਨੂੰ ਕਹਿੰਦੇ ਹਨ -ਕਾਕਾ ਤੂੰ ਆਪਣਾ ਘਰ ਵੇਖ ਜਿਵੇਂ ਤੇਰੀ ਵਹੁਟੀ ਖੁਸ਼ ਰਹਿੰਦੀ ਹੈ। ਦੋਵੇਂ ਜੀਅ ਰਿਟਾਇਰਡ ਹਨ। ਤਰਸਦੇ ਹਨ ਸਾਰਾ ਦਿਨ ਵਿਹਲੇ ਕੀ ਕਰੀਏ। ਤੇ ਮੇਰੇ ਨੂੰਹ ਪੁੱਤ ਹਨ ਕਿ ਪਹਿਲੀ ਤਾਰੀਖ ਨੂੰ ਪੰਜਾਹ ਹਜ਼ਾਰ ਲਿਆ ਕੇ ਮੇਰੇ ਹੱਥ ਤੇ ਰੱਖ ਦਿੰਦੇ

ਹਨ, ਮੰਮੀ ਜਦੋਂ ਖੱਤਮ ਹੋ ਗਏ ਹੋਰ ਮੰਗ ਲੈਣਾ। ਕਦੀ ਨਹੀਂ ਪੁੱਛਿਆ ਕਿ ਕਿੱਥੇ ਖਰਚਦੀ ਹਾਂ, ਕੀ ਕਰਦੀ ਹਾਂ।

ਕੱਲ ਗੌਰਵ ਕਹਿ ਰਿਹਾ ਸੀ–

- ਮੰਮੀ ਪਾਪਾ ਜਿਊਂਦੇ ਹੁੰਦੇ ਅੱਜ ਤਾਂ ਸਾਨੂੰ ਵੇਖਕੇ ਕਿੰਨੇ ਖੁਸ਼ ਹੁੰਦੇ।

ਲਾਗੇ ਬੈਠੀ ਪ੍ਰਿਆ ਬੋਲੀ–

- ਇਹ ਕਹਿ ਕਿ ਗੌਰਵ ਨੂੰ ਇਕ ਮਲਟੀ ਨੈਸ਼ਨਲ ਕੰਪਨੀ ਵਿਚ ਟੈਕਨੀਕਲ ਆਰਕੀਟੈਕਟ ਬਣਿਆ ਵੇਖ ਕੇ ਕਿੰਨਾ ਗੌਰਵ ਮਹਿਸੂਸ ਕਰਦੇ।

–ਬੱਚੇ, ਇਹ ਵੀ ਕਹਿੰਦੇ ਕਿ ਮੇਰੀ ਡਾਟਰ-ਇਨ-ਲਾਅ ਇਕ ਟੈਕਨੀਕਲ ਲੀਡ ਹੈ। ਗੌਰਵ ਬੋਲਿਆ।

ਰਾਤ ਗੌਰਵ ਆਇਆ –ਮੰਮੀ ਪ੍ਰਿਆ ਦਾ ਸਿਰ ਦੁੱਖ ਰਿਹੈ, ਜਰਾ ਤੇਲ ਲਗਾ ਦੋ ਗੇ।

–ਲਗਾ ਦਿਨੀਂ ਆਂ।

ਘੜੀ ਵੇਖਦੀ ਹਾਂ। ਰਾਤ ਦੇ ਗਿਆਰਾਂ ਵੱਜੇ ਹਨ। ਮੈਂ ਪ੍ਰਿਆ ਦਾ ਸਿਰ ਝੱਸ ਰਹੀ ਹਾਂ।

ਅੱਜ ਆਖਰੀ ਸ਼ਰਾਧ ਹੈ। ਗੌਰਵ ਗੱਡੀ ਅੰਦਰ ਕਰ ਹੀ ਰਿਹਾ ਸੀ ਕਿ ਮੈਂ ਰੋਕ ਕੇ ਗੁਰੂਦੁਆਰੇ ਜਾਣ ਲਈ ਕਿਹਾ।

–ਮੰਮੀ ਪਲੀਜ਼ ਮੇਰੀ ਇਕ ਬੜੀ ਜਰੂਰੀ ਕਾਲ ਹੈ। ਤੁਸੀਂ ਇੱਕਲੇ ਜਾ ਆਓ।

ਸਵੇਰ ਦੀ ਉਡੀਕ ਰਹੀ ਸਾਂ,ਆਵੇਗਾ ਤਾਂ ਜਾਵਾਂਗੀ। ਗੁਰੂਦੁਵਾਰਾ ਤਿੰਨ ਚਾਰ ਮੀਲ ਹੈ ਇਥੋਂ। ਮੈਂ ਇੱਕਲੀ ਕਦੀ ਘਰੋਂ ਨਿਕਲੀ ਵੀ ਨਹੀਂ ਨਾ। ਕਿਤੇ ਜਾਣਾ ਹੋਵੇ ਤਾਂ ਇਨਾ ਨਾਲ ਹੀ ਜਾਨੀ ਹਾਂ। ਜਾਵਾਂ ਵੀ ਤਾਂ ਇਸ ਵਕਤ ਰਿਕਸ਼ਾ ਕਿੱਥੇ ਮਿਲੇਗਾ।

ਕਿੰਨਾ ਮਨ ਸੀ ਗੁਰਦੁਵਾਰੇ ਜਾਣ ਦਾ। ਘਰ ਦੀ ਸੁੱਖ ਸ਼ਾਤੀ ਲਈ ਮਰ ਚੁਕੇ ਦੇ ਨਮਿਤ ਅੰਨ ਵਸਤ ਦਾਨ ਕਰਨ ਦਾ। ਪਰ ਦੁਬਾਰਾ ਮਾਂ ਨੇ ਡਰਦੀ ਨੇ ਇਸ ਲਈ ਨਹੀਂ ਕਿਹਾ ਕਿ ਪੁੱਤ ਅੱਗੋਂ ਪਤਾ ਨਹੀਂ ਕੀ ਬੋਲ ਦੇਵੇਗਾ। ਸਬਰ ਕਰ ਲਿਆ। ਕੀ ਕੀਤਾ ਜਾ ਸਕਦਾ ਹੈ ਜੇ ਵਾਹਿਗੁਰੂ ਨੂੰ ਨਹੀਂ ਮਨਜ਼ੂਰ ਤਾਂ।

ਮਾਂ ਆਪਣੇ ਕਮਰੇ ਵਿਚ ਲੇਟੀ ਹੋਈ ਹੈ। ਦਿਮਾਗ ਵਿਚ ਕਿੰਨਾ ਕੁਝ ਆ ਜਾ ਰਿਹਾ ਹੈ, ਬਣ ਬਣ ਕੇ ਟੁੱਟ ਰਿਹਾ ਹੈ। ਸੌਂ ਨਹੀਂ ਪਾ ਰਹੀ ਮਾਂ ਡਰਦੀ ਹੈ ਮਰਨ ਵਾਲਾ ਅੱਜ ਰਾਤ ਫਿਰ ਉਸਦੇ ਸੁਪਨੇ ਵਿਚ ਆਵੇਗਾ।

ਘੰਟੇ ਕੁ ਬਾਦ ਅੱਖ ਖੁੱਲਦੀ ਹੈ ਤਾਂ ਵੇਖਦੀ ਹੈ, ਪੁੱਤਰ ਦਰਵਾਜ਼ੇ'ਚ ਖੜਾ ਹੈ।

–ਮੰਮੀ ਉਠੋ, ਚਲੋ ਮੈਂ ਉਧਰ ਹੀ ਜਾ ਰਿਹਾਂ। ਮੇਰੇ ਬਾਸ ਦਾ ਇਕ ਕੰਮ ਹੈ। ਉਸਦੇ ਪੇਰੈਂਟਸ ਦਾ ਘਰ ਹੈ, ਕਲ ਉਸਦੀ ਕੁੜੀ ਦੇ ਸੈਂਡਲ ਰਹਿ ਗਏ ਸਨ,ਉਸਦਾ ਫ਼ੋਨ ਆਇਆ ਹੈ। ਮੈਂ ਤੁਹਾਨੂੰ ਜਾਂਦਾ ਉਤਾਰ ਦਿਆਂਗਾ ਗੁਰਦੁਵਾਰੇ, ਵਾਪਸੀ ਤੇ ਲੈ ਆਵਾਂਗਾ। ਮੈਂ ਫ਼ੋਨ ਕਰਾਂਗਾ, ਤੁਸੀਂ ਗੇਟ ਤੇ ਆ ਜਾਣਾ।

ਇਕ ਪੱਲ ਮਾਂ ਦਾ ਮਨ ਕਰਦਾ ਹੈ ਕਹਿ ਦੇਵੇ- ਬਾਸ ਦੀ ਕੁੜੀ ਦੇ ਸੈਂਡਲ ਜਿਆਦਾ ਜ਼ਰੂਰੀ ਹਨ, ਤੂੰ ਜਾਹ –ਮੈਂ ਨਹੀਂ ਜਾਣਾ।

ਚੁੱਪ ਚਾਪ ਪਰਸ ਚੁਕਦੀ ਹੈ, ਸਿਰ ਤੇ ਚੁੰਨੀ ਲੈਂਦੀ ਹੈ ਤੇ ਪੁੱਤ ਨਾਲ ਗੱਡੀ ਵਿਚ ਜਾ ਬੈਠਦੀ ਹੈ।

***************



## ਕਹਾਣੀ / ਬੀ ਪੌਜ਼ੇਟਿਵ ਯਾਰ / - ਬਲੀਜੀਤ

ਪੁਰਾਣੀ ਗੱਲ ਏ। ਬੜੀ ਪੁਰਾਣੀ। ਜਿੰਨਾ ਪੁਰਾਣਾ ਕਿਸੇ ਦੀਆਂ ਨਸਾਂ ਵਿੱਚ ਵਗਦਾ ਖ਼ੂਨ ਹੋ ਸਕਦਾ। ਪਰ ਮੈਨੂੰ ਭੁੱਲਦੀ ਨਹੀਂ।

ਮੇਰੇ ਲਈ ਓਹਦਾ ਨਾਓਂ 'ਪਿਊਸ਼ ਚਾਵਲਾ' ਹੀ ਸੀ। ਓਹਦੇ ਏਸ ਨਾਓਂ... ਕੇਵਲ 'ਨਾਓਂ' ਨੂੰ ਮੈਂ ਬੜੀ ਦੇਰ ਪਹਿਲਾਂ ਮਿਲਿਆ ਸੀ। ਜੀਊਂਦੇ ਜਾਗਦੇ, ਸਾਲਮ ਸਬੂਤੇ ਪਿਊਸ਼ ਨੂੰ ਕਿਤੇ ਬਾਅਦ 'ਚ ਟਕਰਿਆ। ਓਹਦੇ ਏਸ ਨਾਓਂ ਨਾਲ ਪਹਿਲੀ, ਸਭ ਤੋਂ ਪੁਰਾਣੀ ਮੁਲਾਕਾਤ ਅਖ਼ਬਾਰ ਵਿੱਚ ਛਪੀ ਸੁਰਖ਼ੀ ਪੜ੍ਹਕੇ ਹੋਈ ਸੀ। ਸਕੂਲ ਨੂੰ ਤੁਰਦੇ ਮੇਰੇ ਛੇ ਸਾਲ ਦੇ ਵੱਡੇ ਬੇਟੇ ਨੇ ਹੇਠੋਂ ਸੜਕ ਤੋਂ ਉਤਾਂਹ ਨੂੰ ਵਗਾਹ ਕੇ ਸੁੱਟਿਆ ਹੋਇਆ ਅਖ਼ਬਾਰ ਦੂਸਰੀ ਮੰਜ਼ਿਲ ਦੀਆਂ ਪੌੜੀਆਂ 'ਚ ਗਿਰਦਾ ਸੁਣ, ਵੇਖ ਲਿਆ ਸੀ। ਉਹੀ ਅਖ਼ਬਾਰ ਚੁੱਕ ਕੇ ਉਸ ਨੇ ਮੈਨੂੰ ਮੰਜੇ 'ਤੇ ਸਿੱਧੇ ਲੇਟੇ ਨੂੰ ਵਿਖਾਉਂਦਿਆਂ, ਮੇਰੀ ਵੱਖੀ ਨਾਲ ਟਿਕਾ ਦਿੱਤਾ, " ਡੈਡੀ ਜੀ, ਆਪ ਕਭੀ ਨਹੀਂ ਪੜ੍ਹਤੇ। ਪੜ੍ਹੋ ਅਖ਼ਬਾਰ।" ਬੱਚਾ ਬਾਪ ਨੂੰ ਕੁੱਝ ਪੜ੍ਹਨ ਲਈ ਕਹਿ ਰਿਹਾ ਸੀ। ਬੱਚੇ ਦਾ ਦਿਲ ਰੱਖਣ ਲਈ ਮੈਂ ਬਿਨਾਂ ਕੁੱਝ ਹੋਰ ਸੋਚੇ ਓਹਦੇ ਸਾਮਣੇ ਹੀ ਅਖ਼ਬਾਰ ਖੋਲ੍ਹ ਕੇ ਪੜ੍ਹਨਾ ਸ਼ੁਰੂ ਕਰ ਦਿੱਤਾ ਸੀ।

ਓ ਹੋ, ਕਮਾਲ!! ਮੇਰਾ ਕੰਮ ਹੋ ਗਿਆ ਸੀ।

ਅਖ਼ਬਾਰ ਦੇ ਪਹਿਲੇ ਸਫ਼ੇ 'ਤੇ ਹੇਠਾਂ ਨੂੰ ਲਟਕਾਈ ਹੋਈ ਖ਼ਬਰ ਵਿੱਚ ਭਰਤੀ ਕੀਤੇ ਗਏ ਅਫ਼ਸਰਾਂ ਦੇ ਨਾਓਂ ਸਨ। ਵਿਚਾਲੇ ਜਹੇ ਸਾਬਕਾ ਫ਼ੌਜੀਆਂ ਦੀ ਲਿਸਟ ਵਿੱਚ ਕਿਤੇ 'ਪਿਊਸ਼ ਚਾਵਲਾ' ਛਪਿਆ ਹੋਇਆ ਪੜ੍ਹਿਆ। ਰੀਜ਼ਰਵ ਲਿਸਟ ਅੰਤ ਵਿੱਚ ਸਭ ਤੋਂ ਥੱਲੇ ... ਅਤੇ ਬਚਦੀ, ਮੁੱਕਦੀ ਖ਼ਬਰ ਅਖ਼ਬਾਰ ਦੇ ਪੰਦਰਵੇਂ ਸਫ਼ੇ 'ਤੇ ਵਗਾਹ ਕੇ ਸੁੱਟੀ ਹੋਈ ਮਿਲੀ ਜਿੱਥੇ ਅਖ਼ੀਰ ਉਤੇ ਮੇਰਾ ਨਾਂ ਲਟਕਿਆ ਹੋਇਆ ਪੜ੍ਹਿਆ। ਖ਼ਬਰ ਪੜ੍ਹਕੇ ਮੈਂ ਕਮਲਾ ਜਿਹਾ ਹੋ ਕੇ ਗੁਣਗੁਣਾਓਣ ਲੱਗ ਪਿਆ। ਚੰਗੀ ਸਰਕਾਰੀ ਅਫ਼ਸਰੀ ਕਿਤੇ ਮਿਲਦੀ ਐ! ਚੁਸਤ ਹੋ ਕੇ ਕੱਪੜੇ ਪਾਏ ਤੇ ਪਟਿਆਲੇ ਵੱਲ ਦੀ ਬੱਸ ਫੜ ਲਈ ਜਿੱਥੋਂ ਭਰਤੀ ਬੋਰਡ ਨੇ ਇਹ ਖ਼ਬਰ ਛਾਪੀ ਸੀ। ਉਸੇ ਦਿਨ 'ਪਿਊਸ਼ ਚਾਵਲਾ' ਦੇ ਏਸ ਨਾਓਂ ਨਾਲ ਮੇਰੀ ਦੂਸਰੀ ਮੁਲਾਕਾਤ ਭਰਤੀ ਬੋਰਡ ਦੇ ਨੋਟਿਸ ਬੋਰਡ ਦੀ ਜਾਲ਼ੀ ਵਿੱਚੋਂ ਦੀ ਹੋਈ ਜਿੱਥੇ ਦਸਤਖ਼ਤ ਕੀਤੀਆਂ ਮੈਰਿਟ ਲਿਸਟਾਂ ਪੁੰਨਿਆਂ ਦੇ ਚੰਦ ਰੰਗੀ ਜਿੰਦੀ ਲਾ ਕੇ ਕੈਦ ਕੀਤੀਆਂ, ਟੰਗੀਆਂ ਹੋਈਆਂ ਸਨ। ਮੈਨੂੰ ਆਪਣੀ ਮੈਰਿਟ ਲਿਸਟ ਦਸਤਖ਼ਤ ਕੀਤੀ ਹੋਈ ਵੇਖਣ ਦੀ ਅੱਚਵੀ ਜਹੀ ਲੱਗੀ ਹੋਈ ਸੀ। ਮੈਂ ਉਸ ਵੇਲੇ ਉਥੇ ਇੱਕਲਾ ਉਮੀਦਵਾਰ ਖੜ੍ਹਾ ਸੀ। ਬੋਰਡ ਦਾ ਕੋਈ ਕਲਾਸ ਫੋਰ ਮੁਲਾਜ਼ਮ ਸੀਮਿੰਟ ਦੇ ਬੈਂਚ 'ਤੇ ਬੈਠਾ ਬੀੜੀ ਚੁੰਘ ਰਿਹਾ ਸੀ:

" ਤੇਰਾ ਨਾਓਂ ਹੈਗਾ ਇਸ ਮਾਂ?"

" ਹੈਗਾ।"

" ਮੌਜ ਗੈਲ ਘਰ ਬੈਠ। ਆਪੇ ਪੁੱਜੂ ਚਿੱਠੀ ਤੇਰੇ ਟਿਕਾਣੇ 'ਪਰ।" ਸਾਰੀਆਂ ਮੈਰਿਟ ਲਿਸਟਾਂ ਮੈਂ ਆਪਣੇ ਹੱਥ ਨਾਲ ਚੰਗੀ ਤਰ੍ਹਾਂ ਖੁਸ਼ਖਤ ਕਰਕੇ ਚਿੱਟੇ ਕਾਗਜ਼ 'ਤੇ ਉਤਾਰ ਲਈਆਂ। ਕਈ ਵਾਰ ਐਨਕਾਂ ਲਾ ਕੇ, ਲਾਹ ਕੇ ਨਾਵਾਂ ਦੀ ਤਸੱਲੀ ਕੀਤੀ। ਕੁੱਲ ਬਿਆਲੀ ਉਮੀਦਵਾਰਾਂ ਨੂੰ ਰੱਖਿਆ ਗਿਆ ਸੀ ਜਿਹਨਾਂ ਵਿੱਚ ਤਿੰਨ ਜਨਾਨੀਆਂ ਵੀ ਸਨ।

ਪਿਊਸ਼ ਚਾਵਲਾ!! ਬੜੀ ਖਿੱਚ ਸੀ ਏਸ ਨਾਂ ਵਿੱਚ। ਕਈ ਵਾਰ ਨਾਵਾਂ ਦੀਆਂ ਲਿਸਟਾਂ ਪੜ੍ਹੀਆਂ। ਹੋਰ ਨਾਂ ਸਨ ... ਰਣਜੀਤ ਸਿੰਘ, ਮਲਕੀਤ ਸਿੰਘ ... ਵਿਜੇ ਗੋਇਲ। ਗੋਇਲ। ਗਰਗ। ਗੁਪਤੇ। ਸਾਰੇ ਬੋਰਿੰਗ

ਨਾਓਂ। ਪਰ ... ਕਈ ਵਾਰ ਖ਼ੁਦ ਨੂੰ ਬੋਲ ਕੇ ਸੁਣਾਇਆ... ਪਿਊਸ਼ ਚਾਵਲਾ!

ਉਹ ਆਪ ਸਾਲਮ ਸਬੂਤਾ ਸਭ ਤੋਂ ਪਹਿਲਾਂ ਮੈਨੂੰ ਸੱਤਾ ਦੇ ਗਲਿਆਰਿਆਂ ਵਿੱਚ ਨੌਕਰੀ ਤੋਂ ਮੁਅੱਤਲ ਹੋਇਆ, ਬੌਂਦਲਿਆ ਘੁੰਮਦਾ ਮਿਲਿਆ ਸੀ। ਮੇਰੇ ਵੱਲ ਨੂੰ ਤੇਜੋ ਤੇਜ ਤੁਰਦਾ ਉਹ ਲੱਗਭਗ ਮੇਰੇ ਵਿੱਚ ਹੀ ਆ ਵੱਜਿਆ ਸੀ; ਅਣਜਾਣੇ ਹੀ ਮੈਨੂੰ ਧੱਕਾ ਮਾਰ ਕੇ ਸੁੱਟ ਹੀ ਦੇਂਦਾ ਜੇ ਮੈਂ ਥੋੜ੍ਹਾ ਜਿਹਾ ਪਿੱਛੇ ਨੂੰ ਹੱਟ ਕੇ ਉਸ ਨੂੰ ਜੱਫੀ ਨਾ ਪਾ ਲੈਂਦਾ... ਤੇ ਜੇ ਪਿਊਸ਼ ਮੈਨੂੰ ਆਪਣੀ ਕੈੜੀ ਜੱਫੀ 'ਚ ਨਾ ਘੁੱਟਦਾ ਤਾਂ ਮੈਂ ਫੜ੍ਹਕ ਕੇ ਗਿਰ ਹੀ ਜਾਂਦਾ। ਅਜੇ ਤੱਕ ਮੈਂ ਉਸ ਨੂੰ ਆਪਣਾ ਕੁਲੀਗ ਸਮਝਦਾ ਹੋਇਆ ਪਹਿਚਾਣਦਾ ਸਾਂ। ਮੈਨੂੰ ਇਲਮ ਨਹੀਂ ਸੀ ਕਿ ਆਪਣੀ ਆਪਣੀ ਲੱਗਦੀ ਇਹ ਸ਼ਕਲ ਉਸ ਪਿਊਸ਼ ਚਾਵਲੇ ਦੀ ਏ ਜਿਸ ਦਾ ਨਾਂ ਮੈਂ ਅਖ਼ਬਾਰ ਵਿੱਚ ਪੜ੍ਹਕੇ ਅੰਡਰਲਾਈਨ ਕੀਤਾ ... ਤੇ ਆਪਣੇ ਹੱਥ ਨਾਲ ਕੋਰੇ ਕਾਗਜ਼ ਉਤੇ ਖੁਸ਼ਕਤ ਕਰਕੇ ਉਤਾਰਿਆ ਸੀ। ਕਿਸੇ ਹੋਰ ਈ ਕਲਮ ਨੇ ਇਹ ਨਾਂ ਮੇਰੇ ਅੰਦਰ ਕਿਤੇ ਲਿਖਕੇ ਸੰਭਾਲ ਲਿਆ ਸੀ।

" ਬਲੀ ਸਰ, ਮੈਂ ਪਿਊਸ਼!"

" ਅੱਛਾ, ਤੁਸੀਂ ਓਂ ਪਿਊਸ਼!", ਓਦਣ ਸਿਵਲ ਸੈਕਟਰੀਏਟ ਦੀ ਛੇਵੀਂ ਮੰਜ਼ਿਲ ਉਤੇ ਜੱਫੀ ਪਾ ਕੇ ਉਸ ਨੇ ਮੇਰੇ ਅੰਦਰ ਟਿਕੇ ਆਪਣੇ ਨਾਂ ਤੇ ਸ਼ਕਲ ਨੂੰ ਇੱਕ ਦੂਜੇ ਨਾਲ ਘੁੱਟ ਕੇ ਜੋੜ ਦਿੱਤਾ ਸੀ।

ਉਂਜ ਗੱਲ ਇਹ ਵੀ ਪੁਰਾਣੀ ਹੋ ਗਈ ਏ।

ਸੈਕਟਰੀਏਟ ਵਿੱਚ ਜਦੋਂ ਕਦੇ ਦਫ਼ਤਰੀ ਮੀਟਿੰਗਾਂ ਤੋਂ ਬਾਅਦ ਸਰਕਾਰੀ ਅਧਿਕਾਰੀ ਵਿਹਲੇ, ਸੌਖੇ ਹੋ ਕੇ ਬਹਿੰਦੇ ਤਾਂ ਉਸ ਨੂੰ ਪਿਊਸ਼ ਕਹਿਕੇ ਬੁਲਾਇਆ ਜਾਂਦਾ। ਉਹ ਆਪਣੇ ਬੋਲੇ ਇਸ ਨਾਂ ਨੂੰ ਹੁੰਘਾਰਾ ਭਰਦਾ ... ਪਰ ਮੈਂ ... ਮੈਂ ਉਹਦਾ ਨਾਂ ਬੋਲਿਆ ਜਾਂਦਾ ਸੁਣਕੇ ਆਪਣੇ ਅੰਦਰੋਂ ਬਿਨਾਂ ਬੋਲੇ ਸਿਰਫ਼ ਆਪਣੇ ਲਈ ਨਾਲ ਚਾਵਲਾ ਜੋੜ ਕੇ 'ਚਾਵਲਾ ਸਕਿਓਰ' ਹੋਟਲਾਂ, ਹਾਤਿਆਂ ਨੂੰ ਯਾਦ ਕਰਨ ਲੱਗ ਪੈਂਦਾ ਜਿੱਥੇ ਦਿਨ ਛਿਪਦੇ ਬਹਿਕੇ ਅਕਸਰ ਹੀ ਅਸੀਂ ਦਾਰੂ-ਚਿਕਨ ਵਿੱਚੀਂ ਨਿਕਲ ਜਾਂਦੇ ਸਾਂ। ਜਦੋਂ ਵੀ ਕਦੀ ਉਸ ਨੂੰ ਮਿਲਣਾ ਤਾਂ ਮੈਂ ਉਸਨੂੰ ਹਿੰਦੂ ਮਹਾਜਨ ਲੋਕਾਂ ਵਿੱਚੋਂ ਅਰੋੜਾ-ਖੱਤਰੀ ਸਮਝ ਕੇ, ਹੋਰ ਸਮਝਣ ਦੀ ਕੋਸ਼ਿਸ਼ ਕਰਨੀ... ਪੰਜਾਬ ਦੀ ਉਹ ਹਿੰਦੂ ਬਰਾਦਰੀ ਜਿਸਦੇ ਬਹੁਤੇ ਲੋਕ ਵੱਡੀਆਂ, ਛੋਟੀਆਂ ਦੁਕਾਨਾਂ, ਰੇਹੜੀਆਂ... ਸ਼ੋਅ-ਰੂਮਾਂ 'ਚ ਬਹਿਕੇ ਵਣਜ ਕਰਦੇ ਹੁੰਦੇ ਹਨ। ਇੱਕ ਵਾਰ ਪਿਊਸ਼ ਨੇ ਮੇਰੇ ਦਫ਼ਤਰ ਦੇ ਵੱਡੇ ਬਾਬੂ ਸੰਦੀਪ ਸੂਰੀ ਦਾ ਕੋਈ ਕੰਮ ਕਰ ਦੇਣ ਦੀ ਸਿਫ਼ਾਰਸ਼ ਕਰ ਦਿੱਤੀ ਸੀ ਤਾਂ ਮੈਂ ... ਇਹ ਗੱਲ ਵੀ ਮੈਂ ਆਪਣੇ ਦਿਮਾਗ ਵਿੱਚ ਘੁੰਮਦੀ 'ਪਿਊਸ਼ ਚਾਵਲਾ' ਨਾਂ ਦੀ ਸੀ ਡੀ ਵਿੱਚ ਲਿਖਕੇ ਸੇਵ ਕਰ ਲਈ ਸੀ।

ਮੇਰੇ ਲਈ ਪਿਊਸ਼ ਦੇ ਅਰੋੜਾ-ਖੱਤਰੀ, ਅਫ਼ਸਰ-ਕੁਲੀਗ, ਫਿੱਟ-ਫਾਈਨ, ਐਮ ਏ ਐਲ ਐਲ ਬੀ ਹੋਣ ਤੋਂ ਇਲਾਵਾ ਅਗਲੀ ਵੱਡੀ ਗੱਲ ਓਹਦੇ ਫ਼ੌਜੀ ਹੋਣ ਦੀ ਸੀ। ਉਸ ਦੀ ਈ-ਮੇਲ ਆਈ ਡੀ ਵਿੱਚ ਵੀ 'ਕੈਪਟਨ' ਸ਼ਬਦ ਪਰੋਇਆ ਹੋਇਆ ਜਚਦਾ ਸੀ। ਫ਼ੌਜ ਦੇ ਪੰਜ ਸਾਲ ਦੇ ਸ਼ੌਰਟ-ਸਰਵਿਸ ਕਮਿਸ਼ਨ ਦੁਰਾਨ ਉਸਨੇ ਸਿਆਚਿਨ ਗਲੇਸ਼ੀਅਰ ਦੀ ਜੰਗ ਵੀ ਲੜੀ ਸੀ। ਸਾਲਟੋਰੋ ਦੀਆਂ ਚਿਰਚਲਾਉਂਦੀਆਂ ਪਹਾੜੀਆਂ ਦੀ ਅਖ਼ੀਰਲੀ, ਬਰਫ਼ੀਲੀ ਉਚਾਈ ਤੱਕ ਪੈਦਲ ਤੁਰਦਿਆਂ, ਪੁੱਜਦਿਆਂ ਪੰਦਰਾਂ ਤੋਂ ਦੋ ਤਿੰਨ ਦਿਨ ਵੱਧ ਹੀ ਲੱਗ ਜਾਂਦੇ। ਬਰਫ਼ੀਲੀਆਂ ਤੇਜ ਤੂਫ਼ਾਨੀ ਹਵਾਵਾਂ ਵੱਲ ਨੂੰ ਪਿੱਠ 'ਤੇ ਲਟਕਦਾ ਪਿੱਠੂ ਕਰਕੇ ਪੁੱਠੇ ਪੈਰੀਂ ਤੁਰਨਾ ਕਿਹੜਾ ਸੁਖਾਲਾ ਹੁੰਦੈ? ਗਲੇਸ਼ੀਅਰ ਦੇ ਨਾਰਦਨ ਸੈਕਟਰ ਵਿੱਚ... 'ਬਿਲਾਫੌਂਡ ਲਾ' ਤੋਂ ਕਿਤੇ ਉਪਰ ਪਰਾਂਹ ...ਅੱਗੇ ? ਕਿੱਥੇ?...ਪਤਾ ਨਹੀਂ ਕਿੱਥੇ? ... ਉਹ ਕਿਸੇ ਬੇਨਾਮ ਪੋਸਟ ਉਤੇ ਓਵਜ਼ਰਬੇਸ਼ਨ ਅਫ਼ਸਰ ਤੈਨਾਤ ਸੀ। ਜਿੱਥੇ ਉਸਨੂੰ ਬੋਫ਼ੋਰਜ ਤੋਪ ਦਾ ਫ਼ਾਇਰ ਵੀ ਮਿਲਿਆ ਹੋਇਆ ਸੀ। ਉਥੇ ਉਹ ਪੂਰੇ ਸੌ ਦਿਨ ਤੇ ਸੌ ਰਾਤਾਂ ਰਿਹਾ ਸੀ। ਮਾਵਾਂ ਦੇ ਕਈ ਪੁੱਤ ਓਧਰ ਨੂੰ ਗਏ ਉਹਨਾਂ ਦਾ ਕਦੇ ਕੁੱਝ ਨੀਂ ਮੁੜਿਆ। ਸਿਆਚਿਨ ਗਲੇਸ਼ੀਅਰ ਦੀ ਚਿੱਟੀ ਸਰਾਲ ਨੇ ਸੈਂਆਂ... ਹਜ਼ਾਰਾਂ ਫ਼ੌਜੀਆਂ ਨੂੰ ਨਿਗਲ ਲਿਆ ਸੀ... ਕਦੇ ਉਸਨੇ ਮੈਨੂੰ ਇਹ ਵੀ ਦੱਸਿਆ ਕਿ ਉਹ ਇਸ ਲੜਾਈ ਵਿੱਚ ਇੱਕ ਸਕਿੰਟ ਦੇ ਇੱਕ



ਟੁੱਕੜੇ ਦੇ ਫ਼ਾਸਲੇ ਨਾਲ ਮੌਤ ਦੇ ਮੂੰਹ ਵਿੱਚੋਂ ਨਿਕਲ ਆਇਆ ਸੀ:

"ਹੈਲੀਕੌਪਟਰ ਜਦੋਂ ਦੂਸਰੀ ਵਾਰੀ ਰਾਸ਼ਨ ਛੱਡਣ ਆਇਆ ਤਾਂ ਮੈਂ ਹੌਲਦਾਰ ਨੂੰ ਕਿਹਾ ਕਿ ਪਾਇਲਟ ਨੂੰ ਸਮਝਾ ਕੇ ਆਵੇ ਕਿ ਅੱਗੇ ਤੋਂ ਸਿੱਧਾ ਨਾ ਉੜੇ। ਉਥੋਂ ਪਾਕਿਸਤਾਨੀਆਂ ਨੂੰ ਹੈਲੀਕੌਪਟਰ ਦਿੱਸਦਾ ਐ। ਪਹਾੜੀ ਦੇ ਪਿਛਾਂਹ ਤੋਂ ਘੁਮਾ ਕੇ ਲਿਆਵੇ। ਮਿੰਟ 'ਚ ਕੌਫ਼ੀ ਖ਼ਤਮ ਕਰਕੇ ਮੈਂ ਵੀ ਮਗਰ ਈ ਤੁਰ ਗਿਆ। ਮੈਂ ਹੈਲੀਕੌਪਟਰ ਤੋਂ ਵੀਹ ਕੁ ਫੁੱਟ ਦੀ ਦੂਰੀ ਤੇ ਪੁੱਜਾ ਤਾਂ ... ਦੂਜੇ ਪਾਸਿਓਂ ਆਉਂਦੇ ਮੋਰਟਾਰ ਦੇ ਗੋਲ਼ੇ ਦੀ ਗੂੰਜ ਸੁਣਕੇ ਮੈਂ ਆਪਣੇ ਆਪ ਨੂੰ ਬਰਫ਼ 'ਤੇ ਸੁੱਟ ਲਿਆ। ਧਮਾਕਾ ਹੋ ਗਿਆ! ਹੈਲੀਕੌਪਟਰ ਡੈਮੇਜ ਹੋ ਗਿਆ। ਹੌਲਦਾਰ ਸਮੇਤ ਤਿੰਨ ਫ਼ੌਜੀ ਮੌਕੇ ਤੇ ਹੀ ਖ਼ਤਮ। ਚੌਥੇ ਦੀਆਂ ਗੋਡੇ ਤੋਂ ਹੇਠਾਂ ਲੱਤਾਂ ਕੱਟੀਆਂ ਗਈਆਂ। ਘੰਟੇ ਬਾਅਦ ਉਹ ਵੀ ਦਮ ਤੋੜ ਗਿਆ।"

.. ਤੇ ਅਗਲੇ ਦਿਨ ਪਿਊਸ਼ ਨੇ ਪਾਕਿਸਤਾਨ ਦੀ ਉਹ ਪੋਸਟ ਉੜਾ ਦਿੱਤੀ ਜਿੱਥੋਂ ਉਹ ਗੋਲ਼ਾ ਤੁਰਿਆ ਸੀ। ਫੇਰ ਡੇਢ ਮਹੀਨਾ ਪਾਕਿਸਤਾਨ ਵੱਲੋਂ ਇੱਕ ਵੀ ਗੋਲ਼ੀ ਨੇ ਬਰਫ਼ ਦਾ ਬਾਰਡਰ ਪਾਰ ਨਹੀਂ ਕੀਤਾ। ਇਹ ਗੱਲ ਵੀ ਉਸਨੇ ਕਈ ਵਾਰ ਸੁਣਾਈ ਕਿ ਉਸਨੂੰ ਪਾਕਿਸਤਾਨ ਦੀ ਪੋਸਟ ਨਸ਼ਟ ਕਰਨ ਦੀ ਬਹਾਦਰੀ ਲਈ ਸੂਰਬੀਰਤਾ ਦਾ ਮੈਡਲ ਮਿਲਣ ਦੀ ਫ਼ਾਈਲ ਚੱਲ ਪਈ ਸੀ ... ਤੇ ਜੇ ਫ਼ਾਈਲ ਸਿਰੇ ਚੜ੍ਹ ਜਾਂਦੀ ਤਾਂ ਅੱਜ ਉਸਨੂੰ ਕਦੋਂ ਦੀ ਪੈਨਸ਼ਨ ਲੱਗੀ ਹੋਣੀ ਸੀ, ਪਰ ... ਉਸ ਦੇ ਬਰਗੇਡੀਅਰ ... ਜੋ ਕੋਈ ਮੁਸਲਮਾਨ ...ਖ਼ਾਨ, ਖ਼ਾਨ ਸੀ ... ਨੇ ਉਸ ਦੀ ਫ਼ਾਈਲ ਨੱਪ ਲਈ। ਤੇ ਪਿਊਸ਼ ਉਦਾਸ ਜਿਹਾ ਹੋ ਕੇ ਕਹਿ ਜਾਂਦਾ ਕਿ ਤੁਸੀਂ ਇਹ ਨਾ ਸੋਚੋ ਕਿ ਫ਼ੌਜ ਵਿੱਚ ਤੁਹਾਡੀ ਜਾਤ, ਬਰਾਦਰੀ, ਧਰਮ ਦੇ ਅਧਾਰ ਉਤੇ ਤੁਹਾਡੇ ਨਾਲ ਨਿਆਂ, ਅਨਿਆਂ, ਵਿਤਕਰਾ ਨਹੀਂ ਹੁੰਦਾ। ਪੈਨਸ਼ਨ ਤਾਂ ਕਿਹੜੀ ਮਿਲਣੀ ਸੀ... ਉਸਨੇ ਫ਼ੌਜ ਵਿੱਚ ਅੱਗੇ ਹੋਰ ਸਥਾਈ ਕਮਿਸ਼ਨ ਲੈਣ ਦਾ ਖ਼ਿਆਲ ਹੀ ਛੱਡ ਦਿੱਤਾ। ਉਹ ਇਹ ਵੀ ਦੱਸਦਾ ਹੁੰਦਾ ਸੀ ਕਿ ਉਸਨੂੰ ਫ਼ੌਜੀ ਅਫ਼ਸਰਾਂ ਵਾਲੇ ਵ੍ਹੱਟਸਐਪ ਗਰੁੱਪ ਵਿੱਚ ਆਉਂਦੇ ਪੁਰਾਣੇ ਸਾਥੀਆਂ ਦੇ ਮੈਸੇਜਿਜ਼ ਤੋਂ ਪਤਾ ਲੱਗਦਾ ਰਹਿੰਦਾ ਐ ਕਿ ਉਸਦੇ ਨਾਲ ਦੇ ਹੁਣ ਕਰਨਲ, ਬਰਗੇਡੀਅਰ ਬਣ ਚੁੱਕੇ ਹਨ। ਜੇ ਖ਼ਾਨ ਨਾ ਹੁੰਦਾ... ਕੋਈ ਹੋਰ ਹੁੰਦਾ...ਤਾਂ... ਤਾਂ...

ਹਿੰਦੂ ਅਰੋੜਾ-ਖੱਤਰੀ, ਫ਼ੌਜੀ ਹੋਣ ਤੋਂ ਇਲਾਵਾ ਉਹ ਹੋਰ ਵੀ ਸੀ ਕਈ ਕੁੱਝ। ਹੁਣ ਵਾਲੀ ਘਰਵਾਲੀ ਤੋਂ ਜੰਮੀ ਧੀ ਦਾ ਬਾਪ ਸੀ। ਮੇਰੇ ਦਿਮਾਗ ਵਿੱਚ ਲੱਗੀ ਸੀ ਡੀ ਘੁੰਮਣ ਤੋਂ ਕਦੇ ਨਹੀਂ ਹਟਦੀ। ਇਹ ਗੱਲ ਵੀ ਮੈਨੂੰ ਖੱਬਿਓਂ ਸੱਜਿਓਂ ਪਤਾ ਲੱਗੀ ਕਿ ਫ਼ੌਜ ਤੋਂ ਵਿਹਲਾ ਹੋ ਕੇ ਆਏ, ਮੇਰੇ ਨਾਲ ਸਿਵਲ ਸਰਵਿਸ ਵਿੱਚ ਭਰਤੀ ਹੋਣ ਤੋਂ ਬਾਅਦ ਪਿਊਸ਼ ਦਾ ਪਹਿਲਾਂ 'ਪਹਿਲਾ' ਵਿਆਹ ਹੋਇਆ ਸੀ। ਅੱਜਕਲ ਜ਼ਮਾਨਾ ਨੀਂ ਰਿਹਾ ਕਿਸੇ ਨੂੰ ਅੰਦਰਲੀ, ਪਰਸਨਲ ਗੱਲ ਪੁੱਛਣ ਦਾ। ਨਾਲੇ ਬੰਦੇ ਦੀ ਜ਼ੁਬਾਨ ਦੱਸਣ ਦੀ ਬਜਾਏ ਲੁਕੋਣ ਦਾ ਕੰਮ ਬਹੁਤਾ ਕਰਦੀ ਐ। ਤਾਂ ਵੀ ਇੱਕ ਦਿਨ ਜਿਗਰਾ ਕਰਕੇ ਪੁੱਛ ਹੀ ਲਿਆ:

"ਪਿਊਸ਼ ਪਹਿਲਾਂ ਤੇਰਾ ਵਿਆਹ ਕੀਹਦੇ ਨਾਲ ਹੋਇਆ ਸੀ?"

"ਲੁਧਿਆਣੇ ਕਾਲਿਜ 'ਚ ਇੰਗਲਿਸ਼ ਦੀ ਲੈਕਚਰਾਰ ਲੱਗੀ ਹੋਈ ਸੀ।"

" ਅੱਛਿਆ!! ਲੁਧਿਆਣੇ ਦੇ ਅਰੋੜਿਆਂ, ਖੱਤਰੀਆਂ ਦੀ ਧੀ ਸੀ।"

" ਨਾ ਨਾ। ਨਾ ਖੱਤਰੀ। ਨਾ ਅਰੋੜੇ। ਬਾਣੀਏ ਸਨ। ਪੱਕੇ ਬਾਣੀਏ।"

" ਇੰਟਰਕਾਸਟ ਮੈਰਿਜ ਹੋਈ ਸੀ?"

"ਹਾਂਅ, ਹਾਂ। ਅਗਰਵਾਲ ਸਨ।"

"ਉਸ ਵਿਆਹ 'ਚੋਂ ਬੱਚਾ ਵੀ ਸੀ ਕੋਈ?" ਗੱਲ ਚੱਲ ਪਈ ਤਾਂ ਮੈਂ ਉਸਦੀ ਜਿਰਹਾ ਕਰਨ 'ਤੇ ਉਤਰ ਆਇਆ।

" ਨਾ, ਨਾ। ਬੱਚੇ ਤੱਕ ਤਾਂ ਗੱਲ ਈ ਨੀਂ ਪਹੁੰਚੀ। ਪਹਿਲਾਂ ਈ ਖੜਕਾ ਦੜਕਾ ਹੋ ਗਿਆ। ਬੜੇ

ਖੱਬੀਖ਼ਾਨ ਸਨ। ਤੂੰ ਜਾਣਦਾ ਨੀਂ ਓਸ ਡੀ ਸੀ ਨੂੰ ਜਿਹੜਾ ਕਦੇ ਕਦੇ ਅਖ਼ਬਾਰਾਂ 'ਚ ਲੇਖ ਲਿਖਦਾ ਹੁੰਦਾ ਸੀ, ਜਿਹੜਾ? ਕਿੱਥੇ? ਡੀ ਸੀ ਲੱਗਾ ਸੀ, ਜਦੋਂ ਤੂੰ ਪੱਟੀ ਸਵ-ਡਿਵੀਜ਼ਨ 'ਚ ਸੀ...। "

" ਆਹੋ ਤਰਨਤਾਰਨ ਡੀ ਸੀ ਹੁੰਦਾ ਸੀ।"

" ਓਹਦਾ ਤਾਇਆ ਸੀ।"

" ਹੈਂਅ, ਹੈਂਅ!!"

"ਉਹਨਾਂ ਤਾਂ ਮੇਰੇ 'ਤੇ ਦਾਜ ਮੰਗਣ ਦਾ, ਤੇ ਹੋਰ ਕਈ ਕੇਸ ਪੁਆ 'ਤੇ ਸੀ। ਕਿੰਨੀਆਂ ਈ ਧਾਰਾਂਵਾਂ ਲੁਆ ਦਿੱਤੀਆਂ। ਉਹਨਾਂ ਦੀ ਫ਼ੈਮਲੀ 'ਚ ਕਈ ਪੁਲਿਸ ਅਫ਼ਸਰ ਸਨ। ਉਹਨਾਂ ਤਾਂ ਮੈਨੂੰ ਅਰੈਸਟ ਕਰਵਾ ਦਿੱਤਾ ਸੀ। ਕਈ ਦਿਨ ਮੈਂ ਅੰਦਰ ਰਿਹਾ। ਤਾਹੀਓਂ ਤਾਂ ਮੈਂ ਓਦੋਂ ਸਸਪੈਂਡ ਹੋਇਆ ... ਫਿਰਦਾ ਸੀ ... ਬਹਾਲ ਹੋਣ ਨੂੰ।"

"ਹੁਣ ਸੈਕਿੰਡ ਮੈਰਿਜ ਵੀ ਇੰਟਰਕਾਸਟ ਹੋਈ ਐ?"

"ਨਾ, ਨਾ। ਇੰਟਰਕਾਸਟ ਮੈਰਿਜ ਦੇ ਤਾਂ ਸਾਨੂੰ ਪਹਿਲਾਂ ਈ ਹੱਥ ਲੱਗੇ ਹੋਏ ਸੀ। ਸੈਕਿੰਡ ਮੈਰਿਜ ਤਾਂ ਮੇਰੀ ਆਪਣੀ ਕਾਸਟ ਵਿੱਚ ਹੀ ਹੋਈ ਐ।"

" ਇਹ ਕਿਹੜੇ ਸ਼ਹਿਰ ਦੇ ਅਰੋੜੇ-ਖੱਤਰੀ ਨੇ?" ਅਗਲਾ ਸੁਆਲ ਮੇਰੀ ਕਾਲ਼ੀ ਜੀਭ ਉਤੇ ਪਹਿਲਾਂ ਹੀ ਬਾਂਹ ਚੁੱਕੀ ਖੜ੍ਹਾ ਸੀ।

" ਨਹੀਂ ਬਲੀ ਸਰ। ਅਸੀਂ ਖੱਤਰੀ ਨਹੀਂ ਆਂ। ਨਾ ਹੀ ਅਰੋੜੇ ਬਗੈਰਾ ਆਂ। ਅਸੀਂ ਤਾਂ ਬ੍ਰਾਹਮਣ ਆਂ। ਬ੍ਰਾਹਮਣ! ਗੁਰਦਾਸਪੁਰ ਦੇ ਪੰਡਤ ...। "

ਮੈਨੂੰ ਕਾਫ਼ੀ ਝਟਕਾ ਲੱਗਿਆ। ਮੇਰੇ ਅੰਦਰ ਗੇੜੇ ਕੱਟਦੀ, ਘੁੰਮਦੀ 'ਪਿਊਸ਼ ਚਾਵਲਾ' ਨਾਂ ਦੀ ਸੀ ਡੀ ਯੱਕ ਦਮ ਝਟਕਾ ਮਾਰ ਕੇ ਰੁਕ ਗਈ। ਡਾਟਾ ਕਰੱਪਟ ਹੋ ਕੇ ਪੜ੍ਹੇ ਜਾਣ ਤੋਂ ਜੁਆਬ ਦੇ ਗਿਆ। ਮੇਰੇ ਵਜੂਦ ਉਤੇ ਵੱਡਾ ਕਾਟਾ ਵੱਜ ਗਿਆ। ਮੈਂ ਅੱਧਾ ਕੁ ਹੋ ਕੇ ਡਰਦੀ ਜਹੀ ਆਵਾਜ਼ ਵਿੱਚ ਕਿਹਾ, " ਮੈਰਿਟ ਲਿਸਟ ਵਿੱਚ ਤਾਂ ਤੇਰਾ ਨਾਂ ਪਿਊਸ਼ ਚਾਵਲਾ ਲਿਖਿਆ ਹੋਇਆ ਸੀ।"

" ਉਹ ਨਾਂ ਬੋਰਡ ਦੀ ਲਿਸਟ ਵਿੱਚ ਕਲੈਰੀਕਲ ਮਿਸਟੇਕ ਕਰਕੇ ਲਿਖਿਆ ਗਿਆ ਸੀ। ਮੈਂ ਆਪਣੇ ਵਲੋਂ ਅਰਜ਼ੀ ਦੇ ਦਿੱਤੀ ਸੀ। ਉਹਨਾਂ ਨੇ ਇਹ ਗਲਤੀ ਬਾਅਦ 'ਚ ਦਰੁਸਤ ਕਰ ਦਿੱਤੀ। ਮੇਰਾ ਨਾਮ ਪਿਊਸ਼ ਚਾਵਲਾ ਨਹੀਂ। ਮੇਰਾ ਅਸਲੀ ਨਾਮ ਪਿਊਸ਼ ਚੰਦਰ ਐ। ਪਿਊਸ਼ ਚੰਦਰ ਸ਼ਰਮਾ।"

...ਪਿਊਸ਼ ਚੰਦਰ... ਪਿਊਸ਼ ਚਾਵਲਾ... ਪਿਊਸ਼ ਚੰਦਰ ਸ਼ਰਮਾ ... ਮੈਨੂੰ ਸਮਝ ਨਾ ਲੱਗੇ ਕਿ ... ਇਹ ਕਿਵੇਂ ਹੋ ਸਕਦੈ... ਮੈਂ ਤਾਂ ਬਾਰਾਂ, ਪੰਦਰਾਂ ਸਾਲਾਂ ਤੋਂ ਆਪਣੇ ਬੋਥੜੇ ਵਿੱਚ ਪਿਊਸ਼ ਦੀ ਸੀ ਡੀ ਚਾਵਲਾ... ਚਾਵਲਾ... ਅਰੋੜਾ, ਖੱਤਰੀ... ਲਿਖਕੇ ਭਰ ਦਿੱਤੀ ਸੀ। ਇੰਨੇ ਸਾਲਾਂ ਤੋਂ ਮੇਰੇ ਅੰਦਰ ਅਰੋੜਾ, ਖੱਤਰੀ ਬਣਕੇ ਜਿਊ ਰਹੇ ਪਿਊਸ਼ ਨੂੰ ਮੈਂ ਉਸਦੇ ਮੂੰਹ ਤੋਂ ਇੱਕ ਲਾਈਨ ਦਾ ਛੋਟਾ ਜਿਹਾ ਬਿਆਨ ਸੁਣਕੇ ਪੰਡਤਾਂ ਦਾ ਮੁੰਡਾ ਬਣਾ ਦੇਣ ਦਾ ਆਰਡਰ ਕਿਵੇਂ ਕਰ ਦਿਆਂ??!! ਹੁਣ ਮੇਰੇ ਪੱਲੇ ਕੁੱਝ ਬੋਲਣ, ਪੁੱਛਣ ਦੀ ਕੋਈ ਸੱਤਿਆ ਬਚੀ ਨਹੀਂ ਰਹਿ ਗਈ ਸੀ। ਏਡਾ ਹਾਦਸਾ!!

* * * * * *

ਏਸ ਹਾਦਸੇ ਤੋਂ ਬਾਅਦ ਖਾਸ ਕਰ ਮੈਂ... ਪਿਊਸ਼ ਵੀ ... ਆਪੋ ਆਪਣਾ ਟੋਕਰਾ ਸਿਰ 'ਤੇ ਚੁੱਕੀ ਦਫ਼ਤਰ-ਦਰ-ਦਫ਼ਤਰ ਨੌਕਰੀ ਕਰਦੇ ਰਹੇ। ਸਾਨੂੰ ਦੋਵਾਂ ਨੂੰ ਕੋਈ ਸ਼ਕਤੀ ਕਿਤੇ, ਕਿਸੇ ਦਫ਼ਤਰ ਵਿੱਚ ਟਿਕ ਕੇ ਇੱਕ ਛਿਮਾਹੀ ਤੋਂ ਵੱਧ ਕੰਮ ਨਾ ਕਰਨ ਦੇਂਦੀ। ਅਮੂਮਨ ਸਾਡੀ ਦੋਵਾਂ ਦੀ ਬਦਲੀ ਹੋ ਜਾਂਦੀ। ਕਈ ਵਾਰ ਅਸੀਂ ਦੋਵੇਂ ਇੱਕ ਦੂਜੇ ਦੀ ਥਾਂ ਲੱਗੇ। ਜੇ ਅਸੀਂ ਇੱਕੋ ਜ਼ਿਲ੍ਹੇ ਵਿੱਚ ਲੱਗ ਜਾਂਦੇ ਤਾਂ ਚੰਡੀਗੜ੍ਹ



ਤੋਂ ਇੱਕੋ ਕਾਰ ਵਿੱਚ ਜਾਂਦੇ। ਸੋਮਵਾਰ ਨੂੰ ਸਵੇਰੇ ਦਫ਼ਤਰ ਨੂੰ ਤੁਰਨ ਲੱਗੇ ਕਾਰ ਮੈਂ ਚਲਾਉਂਦਾ। ਸ਼ੁਕਰਵਾਰ ਨੂੰ ਵੀਕ ਐਂਡ 'ਤੇ ਘਰਾਂ ਨੂੰ ਵਾਪਸ ਮੁੜਦੇ ਤਾਂ ਕਾਰ ਪਿਊਸ਼ ਚਲਾਉਂਦਾ। ਹਨੇਰੇ 'ਚ ਡਰਾਈਵ ਕਰਨ ਤੋਂ ਮੈਂ ਹਮੇਸ਼ਾ ਟਲਦਾ ਹੁੰਦਾ। ਅਸਲ ਗੱਲ ਇਹ ਹੁੰਦੀ ਕਿ ਸ਼ਾਮ ਨੂੰ ਮੈਂ ਪੀਤੀ ਹੁੰਦੀ ... ਚਲਦੀ ਕਾਰ 'ਚ ਵੀ ਮੂਹਰਲੀ ਖੱਬੀ ਸੀਟ 'ਤੇ ਬੈਠਾ ਬਿਸਲੇਰੀ ਦੀ ਬੋਤਲ ',ਚ ਪਊਏ ਤੋਂ ਵੱਧ ਪਾਈ ਦਾਰੂ ਖਿੱਚੀ ਜਾਂਦਾ ਤੇ ਪਿਊਸ਼ ਦੇ ਝੋਲਿਆਂ 'ਚੋਂ ਕੱਢਿਆ ਸਮਾਨ ਖਾਈ ਜਾਂਦਾ ...

ਸਫ਼ਰ ਵਿੱਚ ਪਿਊਸ਼ ਦੋ ਤਿੰਨ ਬੈਗ ਸਮਾਨ ਦੇ ਭਰੇ ਨਾਲ ਲੈ ਕੇ ਤੁਰਦਾ ਹੁੰਦਾ ਸੀ। ਬਹੁਤਾ ਖਾਣ ਦਾ ਸਮਾਨ ਉਸਨੇ ਫ਼ੌਜੀ ਕੰਨਟੀਨ ਤੋਂ ਖਰੀਦਿਆ ਹੁੰਦਾ। ਕਈ ਤਰ੍ਹਾਂ ਦੇ ਮਿੱਠੇ ਨਮਕੀਨ ਬਿਸਕੁੱਟ, ਪਲਾਸਟਿਕ ਦੀਆਂ ਡੱਬੀਆਂ 'ਚ ਬੰਦ ਭਾਂਤ ਭਾਂਤ ਦੀਆਂ ਮਠਿਆਈਆਂ, ਫਲ਼-ਫ਼ਰੂਟ, ਸੁੱਕੇ ਮੇਵੇ... ਸੁਆਮੀ ਬਾਬਾ ਰਾਮ ਦੇਵ ਦੇ ਮੁਰੱਬੇ, ਚਵਨਪਰਾਸ਼। ਆਂਵਲਾ ਕੈਂਡੀ... ਪੂਰੀ ਦੁਕਾਨ ਚੁੱਕੀ ਹੁੰਦੀ। ਪੀਣ ਲਈ ਬੋਤਲਾਂ 'ਚ ਭਰਿਆ ਘਰ ਦੇ ਆਰ ਓ ਦਾ ਪਾਣੀ। ਅਸੀਂ ਦੋਵੇਂ ਫਲ-ਫ਼ਰੂਟ, ਮਠਿਆਈ ਦਾ ਅੱਧਾ ਅੱਧਾ ਪੀਸ ਖਾ ਕੇ ਸਮੇਂ ਦੀਆਂ ਸਰਕਾਰਾਂ ਦੇ ਨੇਤਾ, ਨੀਤਾਂ ਅਤੇ ਨੀਤੀਆਂ ਦੇ ਬਖੀਏ ਉਧੇੜਦੇ, ਬਹਿਸ ਕਰਦੇ ਗੱਡੀ ਦੱਬੀ ਰੱਖਦੇ। ਸਫ਼ਰ ਕਟੀ ਜਾਂਦਾ। ਜ਼ਿੰਦਗੀ ਤੁਰੀ ਜਾਂਦੀ। ਤੁਰੀ ਰਹੀ।

* * * * * *

ਉਸ ਛਿਮਾਹੀ ਪਿਊਸ਼ ਮੇਰੇ ਤੋਂ ਵੀ ਚੌਵੀ ਕਿੱਲੋਮੀਟਰ ਅਗਾਂਹ ਸ਼ਾਹਕੋਟ ਲੱਗਿਆ ਹੋਇਆ ਸੀ। ਸ਼ੁਕਰਵਾਰ ਨੂੰ ਮੇਰੀ ਸਰਕਾਰੀ ਕੋਠੀ ਤੱਕ ਪੁੱਜਦਾ ਉਹ ਲੇਟ ਹੋ ਗਿਆ ਸੀ। ਕਿਚਨ ਵਿੱਚ ਮਾਂਹ ਛੋਲਿਆਂ ਦੀ ਥੋੜ੍ਹੀ ਜਹੀ ਦਾਲ਼ ਦੁਪਹਿਰ ਦੀ ਬਚੀ ਪਈ ਸੀ। ਮੈਂ ਚੌਂਕੀਦਾਰ ਨੂੰ ਕਿਹਾ ਕਿ ਪੰਜ ਸੱਤ ਮੁੱਠੀਆਂ ਚੌਲਾਂ ਦੀਆਂ ਉਬਾਲ ਕੇ ਰੱਖ ਲਵੇ। ਪਿਊਸ਼ ਨੂੰ ਮੇਰੇ ਤੱਕ ਪੁੱਜਦੇ ਸੱਤ ਵੱਜ ਗਏ। ਗਰਮੀ ਵਿੱਚ ਭੁੱਖ ਮੈਨੂੰ ਵੀ ਲੱਗੀ ਪਈ ਸੀ, " ਪਿਊਸ਼ ਖਾਣਾ ਕੁਸ਼?" ਲੇਟ ਤਾਂ ਹੋ ਈ ਗਏ ਸੀ। ਵਾਪਸੀ ਦਾ ਸਫ਼ਰ ਵੀ ਏਨੀ ਟਰੈਫਿਕ 'ਚ ਚਾਰ ਘੰਟੇ ਤੋਂ ਪਹਿਲਾਂ ਨਹੀਂ ਸੀ ਮੁੱਕਣਾ। ਪਿਊਸ਼ ਸਿੱਧਾ ਚੌਂਕੀਦਾਰ ਨੂੰ ਹੀ ਕਾਹਲੀ 'ਚ ਕਹਿਣ ਲੱਗਾ, "ਬੱਲਿਆ, ਭੁੱਖ ਬੜੀ ਜ਼ੋਰ ਦੀ ਲੱਗੀ ਆ। ਟੈਮ ਬਿਲਕੁੱਲ ਨੀਂ ਹੈਗਾ। ਜੋ ਕੁੱਝ ਹੈਗਾ ਇੱਕੋ ਪਲੇਟ 'ਚ ਇੱਕੋ ਵਾਰੀ ਈ ਉਲੱਦ ਕੇ ਲੈ ਆ ਸਾਰਾ। ਦੋ ਚਮਚੇ ਵੀ ਵਿੱਚ ਈ ਸੁੱਟਦਾ ਲਈ ਆਵੀਂ।" ਮੈਂ ਦੋ ਪੈਗ ਵੀ ਖਿੱਚ ਗਿਆ। ਇੱਕੋ ਪਲੇਟ 'ਚੋਂ ਦਾਲ਼ ਚੌਲ਼ ਵੀ ਅਸੀਂ ਫ਼ਟਾਫ਼ਟ ਧੂਹ ਦਿੱਤੇ। ਪਿਊਸ਼ ਦੇ ਕਾਰ ਤੋਰਦਿਆਂ ਮੈਂ ਸੋਚਿਆ: ਜਦੋਂ ਘਰਾਂ ਤੋਂ ਦੋ ਸੌ ਕਿੱਲੋਮੀਟਰ ਦੀ ਦੂਰੀ 'ਤੇ ਨੌਕਰੀ ਕਰਦਿਆਂ ਤਿੰਨ ਡੰਗ ਰੋਟੀ ਲਈ ਦੂਸਰਿਆਂ ਦੇ ਹੱਥਾਂ ਵੱਲ ਝਾਕਣਾ ਪੈਂਦਾ ਤਾਂ ਸਾਰੀ ਅਫ਼ਸਰੀ ਭੁੱਲ ਜਾਂਦੀ ਐ। ਕਾਰ ਨੇ ਸਪੀਡ ਫੜ ਲਈ। ਓਦਣ ਮੈਂ ਕਾਫ਼ੀ ਪੀ ਗਿਆ। ਉਚੀ ਉਚੀ ਗੱਪਾਂ ਮਾਰਦਾ ਮੈਂ ਪਿਊਸ਼ ਦੇ ਬੈਗ 'ਚੋਂ ਸਮਾਨ ਕੱਢ-ਕੱਢ ਆਪ ਵੀ ਖਾਈ ਗਿਆ... ਤੇ ਗੱਡੀ ਚਲਾਉਂਦੇ ਪਿਊਸ਼ ਨੂੰ ਵੀ ਫੜਾਈ ਗਿਆ... ਤੇ ਜਦੋਂ ਮੈਂ ਬਕ ਬਕ ਮਾਰਨ ਤੋਂ ਨਾ ਹਟਿਆ ਤਾਂ ਪਿਊਸ਼ ਨੇ ਮੌਨ ਧਾਰਨ ਕਰ ਲਿਆ ... ਗੱਡੀ ਨੂੰ ਦੱਬੀ ਰੱਖਿਆ।

ਜਦੋਂ ਅਸੀਂ ਕੁਰਾਲੀ ਲੰਘ ਆਏ ਤਾਂ ਸੜਕ ਵਿਚਕਾਰ ਬੱਸ ਅਤੇ ਟੈਂਪੂ ਦੇ ਐਕਸੀਡੈਂਟ ਕਾਰਨ ਲੱਗੇ ਟ੍ਰੈਫ਼ਿਕ ਦੇ ਜਾਮ ਨੂੰ ਦੇਖ ਕੇ ਮੈਂ ਤ੍ਰਬਕ ਗਿਆ। ਘਰ ਪੁੱਜਣ ਨੂੰ ਕਾਹਲਾ ਪੈ ਗਿਆ... ਤੇ ਅਵਾ ਤਵਾ ਬੋਲਣ ਲੱਗਿਆ... ਬੋਲਦਾ ਰਿਹਾ... ਬੋਲਦਾ ਰਿਹਾ ... ਤੇ... ਤੇ ਆਹ ਕੀ ਹੋ ਗਿਆ... ਹੇ ਮੇਰੇ ਮਾਲਕ?

ਹੈਂ ਆਹ ਕੀ ਹੋ ਗਿਆ ?? ਮੇਰੇ ਬਕ ਬਕ ਬੋਲਦੇ ਸ਼ਰਾਬੀ ਮੂੰਹ ਵਿੱਚੋਂ ਤਰਲ ਪਦਾਰਥ ਦਾ ਇੱਕ ਤੁਪਕਾ ਬੁੜ੍ਹਕ ਕੇ ਪਿਊਸ਼ ਦੇ ਅੱਡੇ ਹੋਏ ਮੂੰਹ ਵਿੱਚ ਤੋਪ ਦੇ ਗੋਲ਼ੇ ਵਾਂਗ ਜਾ ਗਿਰਿਆ। ਉਹ ਥੱਕਿਆ ਹੋਇਆ ਬਾਸੀਆਂ ਲੈ ਰਿਹਾ ਸੀ, ... ਹੈਂ? ਮੇਰੀ ਜੀਭ ਤਾਲੂਏ ਨੂੰ ਜਾ ਲੱਗੀ। ਮੈਂ ਡਰਕੇ ਅੱਖਾਂ ਮੀਚ ਲਈਆਂ। ਕੋਈ ਗੋਲ਼ਾ ਮੇਰੇ 'ਤੇ ਵੀ ਡਿੱਗਣ ਨੂੰ ਤਿਆਰ ਸੀ। ਹੌਲਿਆ ਹੋਇਆ ਮੈਂ ਬਿਲਕੁੱਲ ਬੇਜ਼ੁਬਾਨ ਹੋ ਗਿਆ। ਕੀ

ਕਰਾਂ ਹੁਣ ਮੈਂ? ... ਪਿਊਸ਼ ਤਾਂ ਕੇਵਲ ਸਾਤਵਿਕ ਭੋਜਨ ਕਰਦਾ ਸੀ। ਇਹ ਮੈਂ ਕੀ ਝੱਲ ਖਿੰਡਾ ਦਿੱਤਾ। ਮੈਂ ਸੁੰਨ ਹੋ ਕੇ ਕੰਬ ਗਿਆ। ਘਬਰਾਇਆ ਹੋਇਆ ਕੁੱਝ ਭਿਆਨਕ ਵਾਪਰਨ ਦੀ ਲੰਮੀ ਉਡੀਕ 'ਚ ਬੈਠਿਆ ਰਿਹਾ। ਹੁਣ ਕੀ ਕਰੇਗਾ ਪਿਊਸ਼? ਕੀ ਕਰੇਗਾ ਉਹ? ਦਏਗਾ ਕੰਨਾਂ 'ਤੇ ...

ਪਿਊਸ਼ ਨੇ ਮੇਰੇ ਡਰ ਦੇ ਲੰਮੇ ਸਫ਼ਰ ਦੁਰਾਨ ਮੂੰਹ ਵਿੱਚ ਹੋਰ ਥੁੱਕ ਪੈਦਾ ਕੀਤਾ, ... ਉਸ ਦੀ ਇਹ ਜੁਗਤ ਯਾਦ ਕਰਦਿਆਂ ਹਰ ਵਾਰ ਮੇਰੀਆਂ ਅੱਖਾਂ ਭਰ ਆਉਂਦੀਆਂ, ... ਤੇ ਬਾਰੀ ਦਾ ਸ਼ੀਸ਼ਾ ਥੱਲੇ ਕਰਦੇ ਨੇ ਖੰਘਾਰਦੇ, ਜ਼ੋਰ ਦੀ ਆਵਾਜ਼ ਕਰਦਿਆਂ ਬਾਹਰ ਥੁੱਕ ਦਿੱਤਾ। ਖਿੜਕੀ ਦਾ ਸ਼ੀਸ਼ਾ ਬੰਦ ਕੀਤਾ। ਮੂੰਹ ਬੰਦ ਕਰਕੇ ਸਿੱਧਾ ਦੇਖਣ ਲੱਗਿਆ। ਗੱਡੀ 'ਚ ਗੇਅਰ ਪਾ ਦਿੱਤਾ... ਤੇ ... ਤੇ ਹੁਣ ਕੇਵਲ ਸਫ਼ਰ ਮੁਕਾਉਂਦੀ ਕਾਰ ਦੀ ਅਵਾਜ਼ ਆ ਰਹੀ ਸੀ। ਕੋਈ ਕੁੱਝ ਨਾ ਬੋਲ ਸਕਿਆ। ਬੜਾ ਲੰਬਾ ਸਮਾਂ ਲੱਗਿਆ ਗੱਡੀ ਅੰਦਰਲੇ ਮਹੌਲ ਨੂੰ ਢਿੱਲਾ ਹੁੰਦਿਆਂ... ਗੱਡੀ ਦਾ ਮੂਹਰਲਾ ਸੱਜਾ ਟਾਇਰ ਸੜਕ ਦੇ ਟੋਏ ਵਿੱਚ ਵੱਜਿਆ ਤਾਂ... ਤਾਂ ਪਿਊਸ਼ ਨੇ ਬਰੇਕ ਧਰਤੀ 'ਚ ਗੱਡ ਦਿੱਤੀ, ਤੇ ਗੱਡੀ ਅੰਦਰ ਪਸਰੀ ਡਰਾਵਣੀ ਚੁੱਪ ਤੋਂ ਮੇਰੀ ਖਲਾਸੀ ਕਰਾਈ:

"ਸੜਕ 'ਚ ਐਡੇ ਵੱਡੇ ਵੱਡੇ ਟੋਏ ਕਿਸੇ ਕੰਜਰ ਨੂੰ ਨਹੀਂ ਦਿੱਸਦੇ। ਹੈ ਈ ਨੀਂ ਕੋਈ ਜਿਉਂਦਾ ਜਾਗਦਾ। ਨਿਗ੍ਹਾ ਈ ਮੁੱਕ ਗਈ।"

ਚੰਗਾ ਝੂਟਾ ਵੱਜਿਆ। ਅਸੀਂ ਹੋਰ ਸੰਭਲ ਕੇ ਆਪਣੇ ਸਰੀਰ ਦੇ ਪਿੰਜਰਿਆਂ ਨੂੰ ਨਵੇਂ ਸਿਰੇ ਤੋਂ ਸੀਟਾਂ 'ਚ ਸੰਭਾਲਿਆ ... ਪਿਛਲੀ ਸੀਟ 'ਚ ਫਸਾਏ ਸਾਡੇ ਬੈਗ ਹਿੱਲ ਕੇ ਇੱਕ ਦੂਜੇ ਨਾਲ ਮੁੜ ਤੋਂ ਟਿਕ ਗਏ। ਹੋਏ ਹਾਦਸੇ ਬਾਰੇ ਅਸੀਂ ਹੋਰ ਕੋਈ ਗੱਲ ਨਾ ਕਰ ਸਕੇ। ਤੇ ਇਹ ਸਮਝਦਿਆਂ ਕਿ ਕੁੱਝ ਨਹੀਂ ਹੋਇਆ:

" ਚੰਗਾ ਭਰਾ।"

" ਚੰਗਾ... ।" ਕਹਿੰਦਿਆਂ ਆਪੋ ਆਪਣੇ ਘਰੀਂ ਜਾ ਵੜੇ।

* * * * * *

ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਮੈਂ ਸਤਲੁੱਜ ਦਰਿਆ ਦੇ ਕੰਢੇ ਪੈਂਦੀ ਤਹਿਸੀਲ ਵਿੱਚ ਪਿਊਸ਼ ਦੀ ਥਾਂ ਉਤੇ ਦੂਸਰੀ ਵਾਰ ਜਾ ਲੱਗਿਆ। ਚੋਣ ਕਮਿਸ਼ਨ ਨੇ ਸਾਨੂੰ ਦੋਵਾਂ ਨੂੰ ਫ਼ੌਰਨ ਇੱਕ ਦੂਸਰੇ ਦਾ ਚਾਰਜ ਲੈ ਕੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰਾਂ ਨੂੰ ਰਿਪੋਰਟ ਕਰਨ ਦਾ ਸਖ਼ਤ ਹੁਕਮ ਮੇਲ ਕਰ ਦਿੱਤਾ ਸੀ। ਕੋਈ ਜੁਆਇਨਿੰਗ ਟਾਇਮ ਨਹੀਂ ਸੀ ਦਿੱਤਾ ਗਿਆ। ਸਰਕਾਰੀ ਜ਼ਮੀਨ ਦੇ ਗੱਭਿਓਂ ਲੰਘਦੀ ਸੜਕ ਦੇ ਇੱਕ ਪਾਸੇ ਮੇਰਾ ਦਫ਼ਤਰ, ਸਮੇਤ ਸਰਕਾਰੀ ਰਿਹਾਇਸ਼। ਦੂਜੇ ਪਾਸੇ ਸਰਕਾਰੀ ਹਸਪਤਾਲ। ਜਿਦਣ ਮੈਂ ਜੁਆਇਨ ਕੀਤਾ ਓਦਣ ਵੀਰਵਾਰ ਸੀ। ਇਸੇ ਹਸਪਤਾਲ ਵਿੱਚ ਹਫ਼ਤੇ ਦੇ ਹਰ ਵੀਰਵਾਰ ਦੀ ਰਾਤ ਨੂੰ ਐਮਰਜੈਂਸੀ ਵਾਰਡ ਦੀ ਡਿਊਟੀ ਕਰਦੇ ਡਾਕਟਰ ਰਸ਼ਪਾਲ ਨਾਲ ਮੇਰੀ ਮੁਲਾਕਾਤ ਪਿਊਸ਼ ਨੇ ਹੀ ਕਰਵਾਈ ਸੀ। ਪਿਊਸ਼ ਤਾਂ ਜਦੇ ਈ ਤੁਰ ਗਿਆ ਅੰਮ੍ਰਿਤਸਰ ਨੂੰ ਜਿੱਥੇ ਉਸ ਨੇ ਅੰਮ੍ਰਿਤਸਰ ਵੈਸਟ ਹਲਕੇ ਦੇ ਰੀਟਰਨਿੰਗ ਅਫ਼ਸਰ ਦੀ ਡਿਊਟੀ ਕਰਨੀ ਸੀ। ਡਾਕਟਰ ਰਸ਼ਪਾਲ ਮੇਰੇ ਨਾਲ ਰਾਤ ਇਕੱਠੇ ਗੁਜਾਰਨ ਦੀ ਸਲਾਹ ਮਿਲਾ ਕੇ ਹਸਪਤਾਲ ਦੇ ਐਮਰਜੈਂਸੀ ਵਾਰਡ ਵੱਲ ਸੜਕ ਪਾਰ ਕਰ ਗਿਆ ਸੀ।

ਅਸਲ ਵਿੱਚ ਡਾਕਟਰ ਰਸ਼ਪਾਲ ਪਹਿਲਾਂ ਵੀ ਵੀਰਵਾਰ ਦੀ ਹਰ ਰਾਤ ਏਸੇ ਸਰਕਾਰੀ ਕੋਠੀ ਵਿੱਚ ਪਿਊਸ਼ ਨਾਲ ਸਾਂਝੀ ਕੱਟਦਾ ਹੁੰਦਾ ਸੀ। ਕੋਈ ਡਾਕਟਰ ਦੋਸਤ ਬਣਾਈ ਰੱਖਣਾ ਕੀ ਮਾੜਾ, ਇਹੀ ਸੋਚਦਾ ਮੈਂ ਕੋਠੀ ਦਾ ਗੇਟ ਲੰਘ ਗਿਆ। ਪੂਰਬੀਏ ਚੌਂਕੀਦਾਰ ਨੇ ਰਾਹ ਦੇ ਇੱਕ ਪਾਸੇ ਖੜ੍ਹਕੇ ਸਲਾਮ ਕੀਤੀ, ਤੇ ਕੋਠੀ ਦੇ ਡਰਾਇੰਗ ਰੂਮ ਦਾ ਜਾਲ਼ੀ ਵਾਲਾ ਦਰਵਾਜਾ ਮੇਰੇ ਅੰਦਰ ਲੰਘ ਜਾਣ ਤੱਕ ਹੱਥ ਨਾਲ ਰੋਕੀ ਰੱਖਿਆ।

" ਕਿਆ ਖਲਾਏਗਾ ਆਜ ਰਾਤ ਮੇਂ?"



" ਜੋ ਭੀ ਆਪ ਕਾ ਹੁਕਮ ਹੋ। ਪਿਊਸ਼ ਸਾਹਿਬ ਤੋ ਦਾਲ-ਫੁਲਕਾ ਹੀ ਖਾਤੇ ਥੇ। ਉਨਹੋਂ ਨੇ ਸਾਰਾ ਸਾਮਾਨ ਭਰ ਰੱਖਾ ਹੈ ਕਿਚਨ ਮੇਂ। ਅਭੀ ਭੀ ਬਹੁਤ ਪੜਾ ਹੈ। ਆਪ ਜੋ ਕਹੇਂ।"

"ਡਾਕਟਰ ਕਬ ਸੇ ਆ ਰਹਾ ਇਧਰ ਪਿਊਸ਼ ਕੇ ਪਾਸ?" ਮੈਂ ਵੈਸੇ ਈ ਪੁੱਛ ਲਿਆ।

"ਬਸ ਜਬ ਸੇ ਪਿਊਸ਼ ਸਾਹਿਬ ਆਏ। ਹਰ ਵੀਰਵਾਰ ਸਿਆਮ ਕੋ ਪੱਕਾ। ਆਜ ਤੋ ਡਾਕਟਰ ਸਾਹਿਬ ਤੀਨ ਵਜੇ ਹੀ ਇਧਰ ਆ ਗਏ ਥੇ।"

" ਅਬ ਕਬ ਲੌਟੇਗਾ ਡਾਕਟਰ?"

" ਕੋਈ ਕੇਸ ਹੋ ਤੋ ਪਤਾ ਨਹੀਂ। ਵੈਸੇ ਆਠ, ਸਾੜੇ ਆਠ ਪਹੁੰਚ ਜਾਤੇ ਹੈਂ।"

ਮੈਂ ਉਸ ਨੂੰ ਡਾਕਟਰ ਦੇ ਮੁੜ ਆਉਣ ਤੋਂ ਪਹਿਲਾਂ ਦਾਲ-ਫੁਲਕਾ ਤਿਆਰ ਕਰਨ ਲਈ ਕਹਿਕੇ ਰੁਖ਼ਸਤ ਕਰ ਦਿੱਤਾ ... ਤੇ ਆਪਣੇ ਦਿਮਾਗ ਵਿੱਚ ਇੱਕ ਹੋਰ ਖਾਲੀ ਸੀ ਡੀ ਲਗਾ ਕੇ ਬੈਡ 'ਤੇ ਲੇਟ ਕੇ ਕੁੱਝ ਸੋਚਣਾ ਸ਼ੁਰੂ ਕਰਨ ਲੱਗਿਆ। ਸੀ ਡੀ ਦਾ ਨਾਂ ਰੱਖਿਆ 'ਡਾਕਟਰ ਰਸ਼ਪਾਲ।'

ਹਰੇਕ ਵੀਰਵਾਰ ਰਾਤ ਦੀ ਐਮਰਜੈਂਸੀ ਡਿਊਟੀ ਵਿੱਚ ਹਾਦਸਿਆਂ... ਲੜਾਈ ਝਗੜਿਆਂ ਦੀ ਵੱਢ-ਕੱਟ ਦੇ ਫੱਟਾਂ, ਅੱਗਾਂ ਸੱਪਾਂ ਕੁੱਤਿਆਂ ਦੇ ਖਾਧੇ ਲੋਕਾਂ, ਗੋਲ਼ੀਆਂ ਦੀ ਮਾਰ ਹੇਠ ਆਏ ਮਨੁੱਖੀ ਅੰਗਾਂ... ਧਾਰਾ ਤਿੰਨ ਸੌ ਤੇਈ, ਚੌਵੀ, ਪੱਚੀ, ਛੱਬੀ ਤੋਂ ਵਿਹਲਾ ਹੋ ਕੇ ਰਸ਼ਪਾਲ ਮੇਰੇ ਬੈੱਡ 'ਤੇ ਆ ਟਪਕਦਾ। ਹੁਣ ਮੈਂ ਡਾਕਟਰ ਬਾਰੇ ਕਿਸੇ ਭੁਲੇਖੇ 'ਚ ਨਹੀਂ ਸੀ ਰਹਿਣਾ ਚਾਹੁੰਦਾ। ਪਿਊਸ਼ ਨੂੰ ਅਰੋੜਾ ਜਾਂ ਖੱਤਰੀ ਸਮਝ ਕੇ ਮੈਂ ਬੇਲੋੜੇ, ਵੱਡੇ ਸੰਕਟ 'ਚ ਪਿਆ ਹੋਇਆ ਸਾਂ। ਆਪਣੀ ਜਾਤ ਦੱਸ ਕੇ ਮੈਂ ਉਸ ਤੋਂ ਕਨਫ਼ਰਮ ਕਰ ਲਿਆ ਕਿ ਉਹ ਦੇਖਣ ਨੂੰ ਮੋਨਾ ਪਰ ਜੱਟ ਸਿੱਖ ਸੀ। ਦੋ ਭਾਈਆਂ ਦੀ ਵੰਡ ਵਿੱਚ ਉਸਦੇ ਹਿੱਸੇ ਪੰਦਰਾਂ ਖੇਤ ਤੇ ਦੋ ਮੋਟਰਾਂ ਆਉਂਦੀਆਂ ਸਨ। ਚਕੋਤਾ ਇੱਕ ਕਿੱਲੇ ਮਗਰ ਚਾਲ਼ੀ ਹਜਾਰ, ਹਾੜੀ ਸਾਉਣੀ ਦੋ ਕਿਸ਼ਤਾਂ 'ਚ ਆਈ ਜਾਂਦਾ।

"ਤਨਖ਼ਾਹ ਤਾਂ ਡਾਕਟਰਾਂ ਤੋਂ ਵੱਧ ਕਿਹੜੇ ਸਰਕਾਰੀ ਅਫ਼ਸਰ ... ਆਈ ਏ ਐਸ ... ਪੀ ਸੀ ਐਸ ਦੀ ਵੀ ਨੀਂ ਹੋਣੀ।" ਰਸ਼ਪਾਲ ਖੁੱਲ੍ਹ ਕੇ ਗੱਲਾਂ ਕਰਦਾ। ਮੇਰੀ ਸੀ ਡੀ ਭਰੀ ਜਾਂਦੀ। ਉਹਦੇ ਘਰੋਂ ਵੀ ਓਹਦੇ ਬਰਾਬਰ ਦੀ ਡਾਕਟਰ ਸੀ। ਬਾਪ ਫੂਡ ਸਪਲਾਈ 'ਚੋਂ ਚੰਗੀ ਅਫ਼ਸਰੀ ਤੋਂ ਰਿਟਾਇਰ ਹੋਇਆ ਸੀ।

"ਬਾਪੂ ਨੇ ਪਹਿਲਾਂ ਸਾਇਕਲ ਏ ਚਲਾਇਆ। ਦੇਰ ਬਾਅਦ ਸਕੂਟਰ 'ਤੇ ਚੜ੍ਹਿਆ। ਤਾਂ ਹੀ ਤਾਂ ਮੈਂ ਬਾਪ ਦੇ ਬਚਾਏ ਪੈਸਿਆਂ ਨਾਲ ਕਾਰ 'ਤੇ ਐਸ਼ ਕਰਦਾਂ।" ਓਹਦਾ ਗੋਤ ਜੱਟਾਂ ਦੇ ਮਸ਼ਹੂਰ ਗੋਤਾਂ ... ਬਰਾੜ, ਸਿੱਧੂ, ਗਿੱਲ, ਕੰਗ, ਵਿਰਕ, ਸੰਧੂ ... ਵਿੱਚੋਂ ਨਹੀਂ ਸੀ। ਮੇਰੀ ਸੀ ਡੀ ਓਹਦੇ ਜੱਟ ਗੋਤ ਨੂੰ ਲਿਖਣ, ਪੜ੍ਹਨ ਤੋਂ ਪਾਸਾ ਜਿਹਾ ਵੱਟਦੀ ਸੀ। ਮੈਨੂੰ ਨੀਂ ਪਤਾ ਓਹਦਾ ਗੋਤ। ਕਿਤੇ ਕਿਤਾਬਾਂ 'ਚ ਲਿਖਿਆ ਹੋਣਾ। ਉਹ ਆਪ ਵੀ ਕਹਿ ਦੇਂਦਾ, " ਆਹ ਕਿਹੜਾ ਜੱਟਾਂ ਦਾ ਗੋਤ ਹੋਇਆ", ਪਰ ਉਹਦਾ ਸੁਭਾਅ ਜੱਟਾਂ ਵਰਗਾ ਹੀ ਸੀ। ਖੁੱਲਾ। ਓਹੋ ਜਿਹਾ ਸੁਭਾਅ ਜਿਵੇਂ ਦਾ ਮੈਂ ਚਾਹੁੰਦਾ ਕਿਸੇ ਦਾ ਹੋਵੇ। ਮੈਂ ਚੌਂਕੀਦਾਰ ਨੂੰ ਪੱਕਾ ਈ ਹੁਕਮ ਲਾ 'ਤਾ ਬਈ ਹਰੇਕ ਵੀਰਵਾਰ ਰਾਤ ਨੂੰ ਡਿਨਰ ਵਿੱਚ ਬਿਨਾਂ ਪੁੱਛੇ ਚਿਕਨ ਵੀ ਬਣਾਇਆ ਕਰੇ। ਮੇਰੇ ਰੋਕਣ ਦੇ ਬਾਵਜੂਦ ਡਾਕਟਰ ਕਿਚਨ ਵਿੱਚ ਜਾ ਵੜਦਾ: "ਦੇਖੀਏ ਤਾਂ ਸਹੀ ਭਈਆ ਕਿਹੜਾ ਚਿਕਨ ਚੱਕ ਲਿਆਇਆ।" ਤੇ ਛੁਰੀ ਫੜਕੇ ਚਿਕਨ 'ਤੋਂ ਚਰਬੀ ਲਾਹੁਣ ਲੱਗ ਪੈਂਦਾ। ਮੈਂ ਉਸ ਨੂੰ ਰਸੋਈ ਵਿੱਚ ਕੰਮ ਕਰਨ ਤੋਂ ਰੋਕਿਆ ਤਾਂ ਹੱਸ ਪਿਆ, "ਚਰਬੀ ਹੁਣ ਤਾਂ ਸਾਹਮਣੇ ਪਈ ਐ। ਕੱਟ ਕੇ ਬਾਹਰ ਸਿੱਟ 'ਤੀ। ਖਾ ਕੇ ਅੰਦਰ ਜਾ ਕੇ ਜੇ ਨਾੜਾਂ 'ਚ ਕੱਠੀ ਹੋ ਕੇ ਫਸ ਗੀ, ਢਾਈ ਲੱਖ ਰੁਪੱਈਆ ਲੱਗੂ।" ਉਹ ਕਾਬਿਲ ਸਰਜਨ ਵੀ ਤਾਂ ਸੀ। ਉਹ ਦਾਰੂ ਨੂੰ ਹੱਥ ਨਹੀਂ ਸੀ ਲਾਉਂਦਾ:

"ਬਾਪੂ ਸਾਰੀ ਉਮਰ ਦਾਰੂ ਪੀਂਦਾ ਰਿਹਾ। ਹੁਣ ਵੀ ਰੋਜ਼ ਦਾਰੂ ਪੀਂਦਾ। ਮੇਰੇ ਹਿੱਸੇ ਦੀ ਵੀ ਖਿੱਚ ਗਿਆ।" ਡਾਕਟਰ ਡਟ ਕੇ ਬੋਲਦਾ, " ਇੱਕ ਦਿਨ ਬਾਪੂ ਨੂੰ ਬੁਖ਼ਾਰ ਚੜ੍ਹ ਗਿਆ। ਸਾਰਾ ਘਰ ਸਿਰ 'ਤੇ ਚੱਕ ਲਿਆ।

ਘਰ 'ਚ ਦੋ ਐਮ ਡੀ ਡਾਕਟਰ ਐ। ਬੁਖ਼ਾਰ ਸਾਲਾ ਖਾ ਲੂ। ਉਤਰ ਜੂ ਬੁਖ਼ਾਰ। ਦੁਆਈਆਂ ਈ ਏਨੀਆਂ ਸਟਰੌਂਗ ਆ ਗਈਆਂ ਕਿ ਅਸੀਂ ਦੋਵੇਂ ਮਰੀਜ਼ ਦੇ ਟੀਕਾ ਘੱਟ ਈ ਲਾਉਂਦੇ ਆਂ। ਬਾਪੂ ਸਾਨੂੰ ਗਾਲ੍ਹਾਂ ਕੱਢੇ। ਕਹੇ ਛੇਤੀ ਟੀਕਾ ਲਾ ਕੇ ਮੇਰਾ ਬੁਖ਼ਾਰ ਉਤਾਰੋ... ਸ਼ਾਮ ਤੱਕ ।"

"ਬਾਪੂ ਨੂੰ ਤਕਲੀਫ਼ ਹੋਣੀ...।"

"ਕਾਹਨੂੰ। ਉਹਨੂੰ ਐਂ ਸੀ ਬਈ ਜੇ ਸ਼ਾਮ ਤੱਕ ਬੁਖ਼ਾਰ ਨਾ ਉਤਰਿਆ ਤਾਂ ਮੈਂ ਕਿਤੇ ਦਾਰੂ ਪੀਣ ਤੋਂ ਨਾ ਰਹਿ ਜਮਾਂ।"

ਤਾਂ ਵੀ ਇੱਕ ਸ਼ਾਮ ਮੇਰੇ ਕਹੇ ਦਾ ਮਾਣ ਰੱਖਦਿਆਂ ਰਸ਼ਪਾਲ ਨੇ ਵੈਟ ਸਿਕਸਟੀ ਨਾਈਨ ਦਾ ਮਾਮੂਲੀ ਜਿਹਾ ਪੈਗ ਮੂੰਹ ਮਰੋੜਦਿਆਂ ਲਾ ਲਿਆ ਸੀ। ਪੰਜ ਸੱਤ ਮਿੰਟ ਬਾਅਦ ਕਹਿੰਦਾ: " ਹੈਗਾ ਯਾਰ ਨਸ਼ਾ। ਹੈਗਾ। ਹੁਣ ਮਹਿਸੂਸ ਹੋ ਰਿਹਾ। ਕਮਾਲ ਐ ਮੈਂ ਜੱਟ ਹੋ ਕੇ ਵੀ ਕਦੇ ਸ਼ਰਾਬ ਨੀਂ ਪੀਤੀ।"

ਡਾਕਟਰੀ ਪੇਸ਼ੇ ਅੰਦਰ ਵਸੀਆਂ ਚੰਗੀਆਂ, ਮੰਦੀਆਂ ਕਰਤੂਤਾਂ ਬਾਰੇ ਉਹ ਦੱਸਦਾ ਨਾ ਥੱਕਦਾ:

... ਨਰਸਾਂ ਤਾਂ ਆਪਣੇ ਆਪ ਨੂੰ ਡਾਕਟਰ ਈ ਸਮਝਦੀਆਂ। ਅਬੌਰਸ਼ਨ, ਡਲਿਵਰੀਆਂ ਕਰ ਕਰਕੇ ਡਾਕਟਰਾਂ ਤੋਂ ਵੱਧ ਪੈਸੇ ਬਣਾਉਂਦੀਆਂ।

... ਮੈਂ ਵੀ ਸਰਜਨ ਆਂ। ਪਰ ਸਭ ਤੋਂ ਵਧੀਆ ਸਰਜਨ ਤਾਂ ਸ਼ਡਿਊਲਡ ਕਾਸਟਾਂ ਤੇ ਨਾਈਆਂ 'ਚੋਂ ਨੇ। ਇਹਨਾਂ ਵਰਗੀ ਛੁਰੀ, ਕੈਂਚੀ ਕਿਹੜਾ ਚਲਾ ਲੂ।

... ਹਰੇਕ ਡਾਕਟਰ ਨਰਸ ਉਤੇ ਆਪਣਾ ਹੱਕ ਖਰਾ ਸਮਝਦਾ।

... ਇਹਨਾਂ ਦੀਆਂ ਕਰਤੂਤਾਂ ਤੋਂ ਜਕਦਿਆਂ ਦੱਸਦਿਆਂ ਸ਼ਰਮ ਆਉਂਦੀ ਬਈ ਮੈਂ ਵੀ ਇਹਨਾਂ ਦੇ ਵਿੱਚੋਂ ਈ ਆਂ।

ਮੈਨੂੰ ਪਤਾ ਹੀ ਨਹੀਂ ਲੱਗਿਆ ਕਿ ਕਦੋਂ ਮੈਂ ਉਸਨੂੰ ਆਪਣਾ ਦੋਸਤ ਅਪਣਾ ਲਿਆ।

* * * * * *

ਚੋਣਾਂ ਦਾ ਦਫ਼ਤਰੀ ਕੰਮ ਮੁਕਾ ਕੇ ਅਸੀਂ ਦੋ ਹਫ਼ਤਿਆਂ ਤੋਂ ਸੁਹਣੀ, ਸੌਖੀ ਨੌਕਰੀ ਕਰ ਰਹੇ ਸਾਂ ਕਿ ... ਕਿ...ਅਚਾਨਕ ਓਦਣ...

ਡਾਕਟਰ ਨੇ ਅਚਾਨਕ ਓਸ ਵੀਰਵਾਰ ਨੂੰ ਇਹ ਕਿਹੋ ਜਿਹਾ ਦਾਨ ਕਰਨ ਨੂੰ ਮੈਨੂੰ ਮਨਾ ਲਿਆ ਸੀ। ਅਜਿਹਾ ਦਾਨ ਲੋਕੀ ਕਰੀ ਜਾਂਦੇ ਹਨ। ਪਰ ਮੈਂ ਕਦੇ ਇਹ ਦਾਨ ਨਹੀ ਸੀ ਕੀਤਾ। ਮੇਰੇ ਮਨ ਵਿੱਚ ਵੀ ਕਦੇ ਨਹੀਂ ਆਈ ਅਜਿਹਾ ਦਾਨ ਕਰਨ ਦੀ ਗੱਲ। ਅਜਿਹਾ ਕੁੱਝ ਦਾਨ ਕਰਨ ਨੂੰ ਤਾਂ ਮੈਨੂੰ ਕਿਸੇ ਪੰਡਤ, ਜੋਤਸ਼ੀ ਨੇ ਵੀ ਕਦੇ ਨਹੀਂ ਸੀ ਕਿਹਾ।

... ਖ਼ੂਨ ਦਾਨ !!

ਉਮਰ ਵਿੱਚ ਮੈਂ ਰਸ਼ਪਾਲ ਤੋਂ ਵੱਡਾ ਆਂ। ਤਾਂ ਵੀ ਉਸਨੂੰ ਨਾਂਹ ਨਹੀਂ ਸੀ ਕਹਿ ਸਕਿਆ। ਉਸਨੇ ਮਰੀਜ਼ ਬੱਚੀ ਦੀ ਨਿਘਰਦੀ ਹਾਲਤ ਦਾ ਵਿਖਿਆਨ ਸੁਣਾਇਆ। ਪਰ ਮੇਰੇ 'ਤੇ ਉਸ ਦੀਆਂ ਇਹਨਾਂ ਗੱਲਾਂ ਨੇ ਕੋਈ ਅਸਰ ਨਾ ਕੀਤਾ। ਜੇ ਮੈਨੂੰ ਸਮਝਾਉਣ ਵਾਲਾ ਕੋਈ ਹੋਰ ਹੁੰਦਾ ਤਾਂ ਮੈਂ ਕਦੇ ਨਾ ਮੰਨਦਾ। ਹਾਂਅ ਕਹਿਕੇ ਵੀ ਮੈਂ ਦੁਬਿਧਾ ਵਿੱਚ ਹੀ ਰਿਹਾ। ਉਸਨੇ ਖ਼ੂਨ ਦਾਨ ਕਰਨ ਦੇ ਮੈਨੂੰ ਆਪ ਨੂੰ ਹੋਣ ਵਾਲੇ ਸਰੀਰਕ ਫ਼ਾਇਦੇ ਵੀ ਗਿਣਾਉਣੇ ਸ਼ੁਰੂ ਕਰ ਦਿੱਤੇ।

"ਤੁਸੀਂ ਚਿੰਤਾ ਛੱਡੋ। ਥਿੰਕ ਪੌਜ਼ੇਟਿਵ। ਬੀ ਪੌਜ਼ੇਟਿਵ ਯਾਰ। ਮੈਂ ... ਇੱਕ ਡਾਕਟਰ ਨੇ ਵੀ ਨਾਲ ਜਾਣਾ। ਮੈਂ ਵੀ ਨਾਲ ਹੀ ਉਸੇ ਮਰੀਜ਼ ਬੱਚੀ ਲਈ ਬਲੱਡ ਡੋਨੇਟ ਕਰਨਾ। ਮੈਂ, ਤੁਸੀਂ ਤੇ ਪਿਊਸ਼ ...ਆਪਾਂ ਤਿੰਨਾਂ ਨੇ ਤਿੰਨ ਯੂਨਿਟ ਖ਼ੂਨ ਦਾਨ ਕਰਨਾ। ਡਰਨ ਦੀ ਕੋਈ ਗੱਲ ਨੀਂ। ਬੰਦੇ ਦੀ ਤਿੱਲੀ 'ਚ ਢਾਈ ਲੀਟਰ



ਖ਼ੂਨ ਰੀਜ਼ਰਵ ਪਿਆ ਰਹਿੰਦਾ। ਕੋਈ ਫ਼ਰਕ ਨਹੀਂ ਪੈਂਦਾ। ਬੌਡੀ ਦਾਨ ਕੀਤੇ ਖ਼ੂਨ ਦੀ ਘਾਟ ਨੂੰ ਪੂਰਾ ਕਰਨ ਲਈ ਹੋਰ ਖ਼ੂਨ ਬਣਾਉਣ ਦੀ ਪ੍ਰਕਿਰਿਆ ਨਾਲ ਦੀ ਨਾਲ ਸ਼ੁਰੂ ਕਰ ਦਿੰਦੀ ਐ।"

"ਅੱਛਿਆ ਪਿਊਸ਼ ਵੀ ਹੋਊ।", ਪਿਊਸ਼ ਦੇ ਵੀ ਨਾਲ ਹੋਣ ਦੀ ਛੋਟੀ ਜਹੀ ਖੁਸ਼ੀ ਮਹਿਸੂਸ ਹੋਈ।

"ਪਿਊਸ਼ ਨੇ ਤਾਂ ਚਾਰ ਮਹੀਨੇ ਪਹਿਲਾਂ ਵੀ ਏਸੇ ਮਰੀਜ਼ ਨੂੰ ਬਲੱਡ ਡੋਨੇਟ ਕੀਤਾ।"

ਅਜੀਬ ਨਾਂ ਸੀ ਬੀਮਾਰੀ ਦਾ। ਥੈਲਾਸੀਮੀਆ। ਰਸ਼ਪਾਲ ਦੇ ਇੱਕ ਕੁਲੀਗ ਦੀ ਨੌਂ ਸਾਲ ਦੀ ਬੱਚੀ ਨੂੰ ਇਸ ਬੀਮਾਰੀ ਦਾ ਭੂਤ ਚਿੰਬੜ ਗਿਆ ਸੀ।

"ਅਜਿਹੇ ਮਰੀਜ਼ਾਂ ਦਾ ਆਪਣਾ ਸਰੀਰ ਆਪਣੇ ਲਈ ਵੀ ਖ਼ੂਨ ਨਹੀਂ ਬਣਾਉਂਦਾ। ਇਹ ਲੋਕ ਦੂਸਰਿਆਂ ਦੇ ਦਾਨ ਕੀਤੇ ਖ਼ੂਨ ਉਤੇ ਹੀ ਜਿਉਂਦੇ ਰਹਿ ਸਕਦੇ ਹਨ। ਐਵਰੇਜ ਲਾਈਫ਼ ਪੈਂਤੀ ਸਾਲ... ਵੱਧ ਤੋਂ ਵੱਧ ਚਾਲ਼ੀ। ਉਹ ਵੀ ਸੈਂਆਂ 'ਚੋਂ ਕੋਈ, ਕਿਸੇ ਇੱਕ ਦੀ।"

"ਕਿਹਨਾਂ ਦੀ ਕੁੜੀ ਐ?" ਮੇਰੀ ਸੀ ਡੀ ਫੇਰ ਹਿੱਲਣ ਲੱਗੀ।

"ਕਿਹਨਾਂ ਦੀ ਕੁੜੀ ਐ !!" ਰਸ਼ਪਾਲ ਖਿਝਿਆ ਜਿਹਾ ਲੱਗਿਆ," ਮੁਰਦਿਆਂ, ਮੰਗਤਿਆਂ ਦੀ ਵੀ ਕੋਈ ਜਾਤ ਹੁੰਦੀ ਐ...!"

ਖ਼ੂਨ ਦਾਨ ਕਰਨ ਦਾ ਪ੍ਰੋਗਰਾਮ ਡੀ ਐਮ ਸੀ ਹਸਪਤਾਲ ਵਿੱਚ ਬਾਅਦ ਦੁਪਹਿਰ ਸ਼ੁਕਰਵਾਰ ਦਾ ਰੱਖਿਆ ਗਿਆ ਸੀ। ਪਿਊਸ਼ ਚਾਵਲੇ ... ਸੌਰੀ ਪਿਊਸ਼ ਚੰਦਰ ਨੇ ਅੱਜ ਮੈਨੂੰ ਬਹੁਤ ਸਹਿਜ ਹੋ ਕੇ ਜੱਫੀ ਪਾਈ।

"ਹੋਰ ਬਲੀ ਸਰ ! ਕੀ ਹਾਲ ਐ? ਕਿਵੇਂ ਚੱਲ ਰਿਹਾ ਤੁਹਾਡੇ ਦਫ਼ਤਰ ਦਾ ਬੱਘੀਖਾਨਾ।" .

"ਸਭ ਠੀਕ ਐ। ਚੱਲੀ ਜਾਂਦਾ। ਪਿਊਸ਼... ਤੁਸੀਂ ਹੁਣ ਪਾਇਲ ਸਬ-ਡਿਵੀਜ਼ਨ 'ਚ ਈ ਓਂ? ਜਾਂ?"

"ਅੱਜ ਤੱਕ ਤਾਂ ਉਥੇ ਈ ਆਂ। ਕੱਲ ਦਾ ਪਤਾ ਨੀਂ।"

"ਜਰਗ ਪਿੰਡ ਤੁਹਾਡੇ ਏਰੀਏ 'ਚ ਪੈਂਦਾ?"

"ਆਹੋ। ਕੀ ਗੱਲ?"

"ਵਿਜ਼ਟ ਕੀਤਾ ਕਦੇ?"

"ਹਾਂ। ਗਿਆਂ ਦੋ ਕੁ ਵਾਰੀ। ਵੱਡਾ ਪਿੰਡ ਐ। ਮੇਲਾ ਵੀ ਭਰਦਾ ਹੁੰਦਾ ਉਥੇ। ਕੁੱਝ ਖਾਸ ਐ ਜਰਗ? "

"ਉਥੇ ਸ਼ਮਸ਼ਾਨ ਘਾਟ ਵਿੱਚ ਵੱਖ ਵੱਖ ਜਾਤਾਂ, ਬਰਾਦਰੀਆਂ ਦੇ ਸੱਤ ਕਰੀਮੇਸ਼ਨ ਸ਼ੈਡ ਨੇ।"

"ਪਰ ਭਾਈ ਜਾਨ, ਹੱਡਾ ਰੋੜੀ ਤਾਂ ਇੱਕੋ ਐ।" ਇਹ ਗੱਲ ਉਸਨੇ ਘੂਰਦੀਆਂ ਅੱਖਾਂ ਦੀ ਨਿਗ੍ਹਾ ਮੇਰੀਆਂ ਅੱਖਾਂ ਵਿੱਚ ਮਾਰਦਿਆਂ ਕਹੀ ਤੇ ਪੈਂਤੜਾ ਬਦਲ ਦਿੱਤਾ,"ਪਹਿਲਾਂ ਵੀ ਖ਼ੂਨ ਦਾਨ ਕੀਤਾ ਕਦੇ?"

"ਪਿਊਸ਼ ਮੈਂ ਕਦੇ ਖ਼ੂਨ ਦਾਨ ਨਹੀਂ ਕੀਤਾ।"

"ਚਲੋ। ਮੁਬਾਰਕ ! ਅੱਜ ਕਰ ਦੇਣੈ ! ਘਬਰਾਉਣ ਦੀ ਲੋੜ ਨਹੀਂ। ਮੈਂ ਵੀਹ ਵਾਰ ਕਰ ਚੁੱਕਾਂ। ਕੋਈ ਕਮੀ ਦਿੱਸਦੀ ਐ ਮੇਰੇ 'ਚ।"

ਰਸ਼ਪਾਲ ਮੂਹਰੇ ਮੂਹਰੇ। ਅਸੀਂ ਦੋਵੇਂ ਪਿੱਛੇ ਪਿੱਛੇ। ਖ਼ੂਨ ਦਾਨੀ ਤੁਰ ਪਏ। ਮਰੀਜ਼ ਕੁੜੀ ਦਾ ਬਾਪ ਵੀ ਨਾਲ ਆ ਰਲਿਆ। ਉਸਨੇ ਪਹਿਲਾਂ ਸਾਨੂੰ ਡਾਰਕ ਚੌਕਲੇਟ ਖਲਾਈ। ਫੇਰ ਜੂਸ ਪਿਲਾਇਆ। ਅਸੀਂ ਸਾਰੇ ਹਸਪਤਾਲ ਦੇ ਉਸ ਹਿੱਸੇ ਵੱਲ ਨੂੰ ਵਧੇ ਜਿੱਥੇ ਉੱਚੇ ਜਹੇ ਹਾਲ ਕਮਰੇ ਵਿੱਚ ਖ਼ੂਨ ਲੈਣ ਤੇ ਖ਼ੂਨ ਨੂੰ ਸੰਭਾਲਣ ਦਾ ਪ੍ਰਬੰਧ ਸੀ। ਸਭ ਤੋਂ ਪਹਿਲਾਂ ਸਾਡਾ ਖ਼ੂਨ ਟੈਸਟ ਕੀਤਾ ਗਿਆ। ਸਭ ਦਾ ਬਲੱਡ-ਗਰੁੱਪ ਦੇਖਿਆ ਗਿਆ। ਕਿਸੇ ਨੂੰ ਕੋਈ ਪੁੱਠੀ ਬੀਮਾਰੀ ਤਾਂ ਨਹੀਂ ਲੱਗੀ ਹੋਈ। ਹਸਪਤਾਲ ਦਾ ਮੁਲਾਜ਼ਮ ਲੈਬ ਟੈਕਨੀਸ਼ੀਅਨ ਮੁੰਡਾ ਸਾਡੀਆਂ ਰਿਪੋਰਟਾਂ ਵਾਲੇ ਕਾਗਜ਼ ਹੱਥ 'ਚ ਫੜੀ ਬਿੱਲਕੁੱਲ ਮਸ਼ੀਨ ਵਾਂਗ ਸਾਨੂੰ ਕੱਖ ਵੀ ਨਾ ਸਮਝਦਾ ਹੋਇਆ ਤੰਗ ਜਹੇ ਬੈਡਾਂ 'ਤੇ ਲੇਟਣ ਲਈ ਹੁਕਮਰਾਨ ਭਾਸ਼ਾ ਵਿੱਚ ਬੋਲਦਾ, ਸਮਝਾਉਂਦਾ ਫਿਰੀ

ਗਿਆ। ਨਾਲ ਦੀ ਨਾਲ ਓਹਦਾ ਮੋਬਾਇਲ ਵੀ ਚੱਲੀ ਜਾ ਰਿਹਾ ਸੀ। ਬਹੁਤਾ ਧਿਆਨ ਫ਼ੋਨ ਸੁਣਨ ਵਿੱਚ ਸੀ। ਸਾਥੋਂ ਸਿਵਾ ਉਥੇ ਕੋਈ ਹੋਰ ਖ਼ੂਨ ਦਾਨੀ ਨਹੀਂ ਸਨ। ਸਭ ਤੋਂ ਪਹਿਲਾਂ ਉਸ ਨੇ ਮੇਰੀ ਕੂਹਣੀ ਅੰਦਰਲੀ ਮੋਟੀ ਨਾੜ ਲੱਭ ਕੇ, ਵਿੱਚ ਸੂਈ ਖੁਭੋ ਦਿੱਤੀ। ਸੂਈ ਦੇ ਨਾਲ ਲੰਬੀ ਪਾਇਪ ਜੁੜੀ ਹੋਈ ਸੀ। ਪਾਇਪ ਦਾ ਦੂਸਰਾ ਹਿੱਸਾ ਚੰਦਰਮਾ ਦੇ ਰੰਗ ਵਰਗੀ ਗੁੱਥਲੀ ਨਾਲ ਜੁੜਿਆ ਹੋਇਆ ਸੀ। ਗੁੱਥਲੀ ਸ਼ਾਇਦ ਤੋਲ ਕਰਨ ਵਾਲੀ ਮਸ਼ੀਨ ਉਪਰ ਪਈ ਸੀ। ਜਿਵੇਂ ਜਿਮੀਂਦਾਰ ਖਾਲ਼ ’ਚ ਚਲਦੇ ਪਾਣੀ ਦਾ ਨੱਕਾ ਮੋੜ ਕੇ ਪਾਣੀ ਦੂਸਰੇ ਪਾਸੇ ਤੋਰ ਦਿੰਦੇ ਐ, ਮੇਰਾ ਖ਼ੂਨ ਮੇਰੇ ਦਿਲ ਵੱਲ ਆਉਣ, ਜਾਣ ਦੀ ਵਜਾਏ ਪਾਇਪ ਰਾਹੀਂ ਗੁੱਥਲੀ ਵਿੱਚ ਭਰਨਾ ਸ਼ੁਰੂ ਹੋ ਚੁੱਕਿਆ ਸੀ। ਲੈਬ ਟੈਕਨੀਸ਼ੀਅਨ ਮੁੰਡੇ ਨੇ ਮੇਰੇ ਹੱਥ ਵਿੱਚ ਹਲਕੇ ਪੀਲੇ ਰੰਗ ਦੀ ਬਾਲ ਫੜਾ ਦਿੱਤੀ।

“ਬਾਲ ਨੂੰ ਮੁੱਠ ਵਿੱਚ ਘੁੱਟੀ ਜਾਓ। ਹੋਰ ਤੁਸੀਂ ਕੁੱਝ ਨਹੀਂ ਕਰਨਾ। ਆਪੇ ਸਭ ਹੋਈ ਜਾਣਾ।” ਉਹ ਪਿਊਸ਼ ਵੱਲ ਤੁਰ ਗਿਆ ... ਮੈਂ ਬਾਲ ਘੁੱਟੀ ਗਿਆ ... ਉਹ ਰਸ਼ਪਾਲ ਦੇ ਮੰਜੇ ’ਤੇ ਪਹੁੰਚ ਗਿਆ... ਜਦੋਂ ਉਹ ਬੇਨਾਮ ਲੈਬ ਟੈਕਨੀਸ਼ੀਅਨ ਮੁੰਡਾ ਫੇਰ ਮੇਰੇ ਕੋਲ ਆਇਆ ਤਾਂ ਉਸਨੇ ਹੱਥ ’ਚ ਫੜੀਆਂ ਸਾਡੀਆਂ ਰਿਪੋਰਟਾਂ ਦੂਹਰੀਆਂ ਕਰਕੇ ਮੇਰੀ ਵੱਖੀ ਹੇਠਾਂ ਨੂੰ ਫਸਾ ਦਿੱਤੀਆਂ। ਮੇਰੇ ਬੈਡ ’ਤੇ ਆਪਣਾ ਫ਼ੋਨ ਟਿਕਾ ਕੇ ਸਟੂਲ ਖਿੱਚ ਕੇ ਬਹਿ ਗਿਆ। ਸੂਈ ਕੱਢ ਦਿੱਤੀ। ਮੇਰੀ ਖੱਲ ਵਿੱਚ ਹੋਏ ਸੁਰਾਖ਼ ਉਤੇ ਸਪਿਰਟ ਦਾ ਫੰਬਾ ਰੱਖ ਕੇ ਟੇਪ ਲਾ ਦਿੱਤੀ। ਮੈਨੂੰ ਅਜੇ ਤੱਕ ਕੁੱਝ ਨਹੀਂ ਸੀ ਹੋਇਆ। ਉਸ ਬੇਨਾਮ ਮੁੰਡੇ ਦਾ ਮੋਬਾਇਲ ਫੇਰ ਵੱਜ ਗਿਆ।

“ਇੱਕ ਮਿੰਟ... ” ਇਹ ਸ਼ਬਦ ਪਤਾ ਨਹੀਂ ਉਹ ਕਿਸ ਨੂੰ ਕਹਿੰਦਾ ਫ਼ੋਨ ਕੰਨ ਨੂੰ ਲਾਈ ਸ਼ੀਸ਼ੇ ਦੇ ਦਰਵਾਜੇ ਥਾਣੀਂ ਕਮਰੇ ਤੋਂ ਬਾਹਰ ਹੋ ਗਿਆ। ਪਹਿਲੀ ਵਾਰੀ ਖ਼ੂਨ ਦਾਨ ਕੀਤਾ ਸੀ। ਕੁੱਝ ਵੀ ਨਹੀਂ ਸੀ ਹੋਇਆ ਅਜੇ ਤੱਕ ... ਤਾਂ ਵੀ ਅਜੇ ਕੁੱਝ ਵੀ ਹੋ ਸਕਦਾ ਸੀ।

ਰਸ਼ਪਾਲ ਤੇ ਪਿਊਸ਼ ਵੀ ਨੀਵੇਂ ਜਹੇ ਬੈਡਾਂ ’ਤੇ ਅਹਿੱਲ ਪਏ ਸਨ। ਮੇਰੇ ਮਨ ਦਾ ਮਹੌਲ ਅਜਿਹਾ ਸੀ ਕਿ ਮੈਂ ਬਿਨਾਂ ਕਹੇ ਕੁੱਝ ਨਹੀਂ ਸੀ ਕਰ ਸਕਦਾ। ਉਠ ਕੇ ਖੜ੍ਹਾ ਨਹੀਂ ਸੀ ਹੋ ਸਕਦਾ। ਮੈਂ ਪਿਆ ਪਿਆ ਸਾਰਿਆਂ ਦੇ ਖ਼ੂਨ ਦੀਆਂ ਦੂਹਰੀਆਂ ਕਰਕੇ ਰੱਖੀਆਂ ਪਈਆਂ ਕਾਗਜ਼ੀ ਰਿਪੋਰਟਾਂ ਵੱਲ ਝਾਕੀ ਗਿਆ... ਲਗਾਤਾਰ ਝਾਕੀ ਗਿਆ... ਤੇ ਰਿਪੋਰਟਾਂ ਨੂੰ ਚੁੱਕ ਕੇ ਪੜ੍ਹਨ ਬਾਰੇ ਸੋਚਣ ਲੱਗ ਪਿਆ ... ਪਰ ਰਿਪੋਰਟਾਂ ਛੂਹਣ ਜੋਗੀ ਹਿੰਮਤ ਇੱਕਠੀ ਨਹੀਂ ਕਰ ਸਕਿਆ ... ਸਮਝਣ ਲੱਗਿਆ ... ਜੋ ਖ਼ੂਨ ਮੈਂ ਦਾਨ ਕੀਤਾ ਉਹ ਕੇਵਲ ਉਸ ਔਰਤ, ਮਰਦ ਨੂੰ ਚੜ੍ਹਾਇਆ ਜਾ ਸਕਦੈ ਜਿਸ ਦਾ ਬਲੱਡ ਗਰੁੱਪ ਮੇਰੇ ਨਾਲ ਮਿਲਦਾ ਹੋਊ ... ਸਾਡਾ ਤਿੰਨਾਂ ਦਾ ਖ਼ੂਨ...ਹਾਂ ... ਤਿੰਨਾਂ ਦਾ ਖ਼ੂਨ ਜੇ ਥੈਲਾਸੀਮੀਆ ਦੀ ਮਾਰੀ ਇਸ ਕੁੜੀ ਨੂੰ ਨਾ ਵੀ ਚੜ੍ਹਾਇਆ ਗਿਆ ਤਾਂ ਵੀ... ਕਿਤੇ ਨਾ ਕਿਤੇ ... ਕਿਸੇ ਨਾ ਕਿਸੇ ... ਬੇਨਾਮ ... ਕਿਸੇ ਬੇਪਛਾਣ ਦੇ ਸਰੀਰ ਵਿੱਚ ਸਾਡਾ ਤਿੰਨਾਂ ਦੇ ਖ਼ੂਨ ਦਾ ਕੋਈ ਨਾ ਕੋਈ ਹਿੱਸਾ ਰਲ਼ ਕੇ, ਇੱਕ ਹੋ ਕੇ, ਇਕੱਠਾ ਹੋ ਜਾਣਾ। ਮੈਨੂੰ ਪਹਿਲਾਂ ਹੀ ਪਤਾ ਸੀ ਕਿ ਮੇਰਾ ਬਲੱਡ ਗਰੁੱਪ ਬੀ ਪੌਜ਼ੇਟਿਵ ਹੈ। ਮੈਨੂੰ ਪਿਊਸ਼ ਦਾ ਬਲੱਡ ਗਰੁੱਪ ਜਾਣਨ ਦੀ ਇੱਛਾ ਹੋਈ।

“ਪਿਊਸ਼ ਤੇਰਾ ਬਲੱਡ ਗਰੁੱਪ ਕੀ ਐ?”

“ਮੇਰਾ ਬਲੱਡ ਗਰੁੱਪ ਬੀ ਪੌਜ਼ੇਟਿਵ ਐ।” ਹੈਂ!! ਪਿਊਸ਼ ਦਾ ਬਲੱਡ ਗਰੁੱਪ ਵੀ ਬੀ-ਪੌਜ਼ੇਟਿਵ ਹੀ ਸੀ। ਕਮਾਲ ਹੋ ਗੀ ਯਾਰ!!

“ਮੇਰਾ ਵੀ ਬੀ ਪੌਜ਼ੇਟਿਵ ਐ!! ” ਰਸ਼ਪਾਲ ਨੇ ਮੇਰੇ ਦਿਮਾਗ ਵਿੱਚ ਗੇੜੇ ਕੱਟਦੀ ਸੀ ਡੀ ਵਿੱਚ ਹੋਰ ਸ਼ੂਕਦਾ ਗੋਲ਼ਾ ਦਾਗ ਦਿੱਤਾ।

**ਮੋਬਾਇਲ 8146760045 , ਈ - ਮੇਲ balijit15@gmail.com**



## ਕਹਾਣੀ / ਅੰਗਿਆਰੀ / -ਰਘਬੀਰ ਸਿੰਘ ਮਾਨ

ਜਿੰਦਰ ਦੇ ਜ਼ਿਹਨ ਵਿਚ ਅੱਠ ਸਾਲ ਪਹਿਲਾਂ ਵਾਲੀ ਸਿਮਰ ਜਾਗ ਉੱਠਦੀ ਤਾਂ ਉਹਦੀ ਦੇਹ ਟੁੱਟਣ ਲੱਗਦੀ। ਮਨ ਕਾਬੂ ਨਾ ਰਹਿੰਦਾ। ਸਬਰ ਟੁੱਟਦਾ। ਅਚਵੀਂ ਉਹਦਾ ਪਿੰਡਾ ਤੋੜ ਸੁੱਟਦੀ। ਉਹ ਅੰਬਰੀਂ ਉੱਡਣਾ ਚਾਹੁੰਦਾ ਪਰ ਉਡ ਨਾ ਸਕਦਾ। ਬੇਵਸ। ਲਾਚਾਰ। ਹਾਉਕੇ ਭਰਦਾ। ਉਹਨੂੰ ਆਪਣਾ-ਆਪ ਕਿਸੇ ਕੈਦੀ ਵਾਂਗ ਲੱਗਦਾ। ਅਦਿੱਖ ਕਰੋਧ ਨਾਲ ਕੰਧੀਂ ਨਾਲ ਸਿਰ ਮਾਰ ਤੜਫ਼ ਕੇ ਰਹਿ ਜਾਂਦਾ।

ਇਕ ਦਿਨ ਦਫ਼ਤਰੋਂ ਆਏ ਜਿੰਦਰ ਨੇ ਭਾਵੁਕ ਹੋ ਸਿਮਰ ਦਾ ਕਲ਼ਾਵਾ ਭਰਿਆ ਤਾਂ ਉਹ ਉਦਾਸ ਬੋਲੀ। “ਮੇਰੇ ਐਥੇ ਕੁ ਮੱਠਾ-ਮੱਠਾ ਦਰਦ ਹੁੰਦਾ. . . ।” ਉਸ ਛਾਤੀ ਦੇ ਵਿਚਕਾਰ ਹੱਥ ਲਾਇਆ।

“ ਐਮੇਂ ਨ੍ਹੀਂ ਚਿੰਤਾ ਕਰੀਦੀ. . .। ਡਾਕਟਰ ਤੋਂ ਸਲਾਹ ਲੈਨੇ ਆਂ।” ਉਹਦੀ ਭਾਵੁਕਤਾ ਦਾ ਵੇਗ਼ ਢੈਲ਼ਾ ਪੈ ਗਿਆ। ਸਿਮਰ ਦੁਆਲ਼ੇ ਵਲ਼ੀਆਂ ਬਾਹਾਂ ਮਿੱਟੀ ਹੋ ਗਈਆਂ। ਸਿਮਰ ਨਿਢਾਲ ਸੀ। ਜਿੰਦਰ ਦਾ ਚਾਅ ਕਿਰਕਰਾ ਹੋ ਗਿਆ।

ਦਰਦ ਲਗਾਤਾਰ ਹੁੰਦਾ ਰਿਹਾ। ਸਿਮਰ ਦੀ ਭੁੱਖ ਘੱਟਣੀ ਸ਼ੁਰੂ ਹੋ ਗਈ । ਚਿਹਰੇ ‘ਤੇ ਪਿਲੱਤਣ ਉਘੜ ਆਈ । ਗਦਰਾਇਆ ਬਦਨ ਲਿੱਸਾ ਪੈਣ ਲੱਗਿਆ। ਨਿਖਰਿਆ ਰੰਗ ਉੱਡਣਾ ਸ਼ੁਰੂ ਹੋ ਗਿਆ। ਸਿਮਰ ਦੀ ਹਨੇਰੀ ਵਰਗੀ ਚਾਲ ਮੱਠੀ ਪੈ ਗਈ। ਜਿੰਦਰ ਉਸ ਵੇਲੇ ਫ਼ਿਕਰਮੰਦ ਹੋਇਆ, ਜਦੋਂ ਉਸ ਸਿਮਰ ਦਾ ਜਰਦ ਚਿਹਰਾ ਦੇਖਿਆ। ਤੁੰਰਤ ਡਾਕਟਰ ਕੋਲ ਗਏ। ਦਵਾਈ ਲਈ। ਕੋਈ ਫ਼ਰਕ ਨਾ ਪਿਆ ਤਾਂ ਉਹਨਾਂ ਡਾਕਟਰ ਬਦਲ ਲਿਆ। ਦੂਸਰੇ ਡਾਕਟਰ ਨੇ ਸਿਮਰ ਦੀ ਸਿਹਤ ਦਾ ਮੁਆਇਨਾ ਕਰ ਲੰਬੀ ਪੁੱਛ-ਗਿੱਛ ਕੀਤੀ। ਕੈਂਸਰ ਹੋਣ ਦਾ ਸ਼ੱਕ ਸੀ । ਡਾਕਟਰ ਨੇ ਤੁਰੰਤ ਲੁਧਿਆਣੇ ਓਸਵਾਲ ਹਸਪਤਾਲ ਜਾਣ ਦੀ ਹਦਾਇਤ ਕੀਤੀ।

ਓਸਵਾਲ ਹਸਪਤਾਲ ਦੇ ਡਾਕਟਰ ਯੋਗੇਸ਼ ਅਰੋੜਾ ਨੇ ਸਿਮਰ ਨੂੰ ਚੈੱਕ ਕੀਤਾ।

“ਕੁਝ ਟੈਸਟ ਲਿਖੇ ਨੇ। ਦਸ ਨੰਬਰ ਕਾਊਂਟਰ ‘ਤੇ ਪੈਸੇ ਜਮ੍ਹਾਂ ਕਰਾ ਕੇ ਟੈਸਟ ਕਰਾਓ। ਟੈਸਟ ਦੀ ਰਿਪੋਰਟ ਲੈ ਕੇ ਫਿਰ ਆਇਓ।” ਡਾਕਟਰ ਨੇ ਟੈਸਟ ਲਿਖੀ ਪਰਚੀ ਜਿੰਦਰ ਵੱਲ ਵਧਾਉਂਦਿਆਂ ਕਿਹਾ। ਉਹਨਾਂ ਟੈਸਟ ਕਰਾਏ। ਰਿਪੋਰਟ ਦੁਪਹਿਰ ਬਾਅਦ ਆਉਣੀ ਸੀ। ਉਹ ਸਾਹ ਰੋਕੀ ਰਿਪੋਰਟ ਦੀ ਉਡੀਕ ਕਰਨ ਲੱਗੇ। ਹਸਪਤਾਲ ਵਿਚ ਤਰ੍ਹਾਂ-ਤਰ੍ਹਾਂ ਦੇ ਮਰੀਜ਼ਾਂ ਵੱਲ ਵੇਖ ਉਹ ਡੌਰ-ਭੌਰ ਹੋਏ ਪਏ ਸਨ। ਇਕ-ਇਕ ਪਲ ਉਹਨਾਂ ਨੂੰ ਘੰਟਿਆਂ ਵਾਂਗ ਲੰਘਿਆ। ਰਿਪੋਰਟ ਮਿਲੀ ਤਾਂ ਉਹ ਫਿਰ ਡਾਕਟਰ ਨੂੰ ਮਿਲੇ।

ਡਾਕਟਰ ਯੋਗੇਸ਼ ਅਰੋੜਾ ਰਿਪੋਰਟ ਨੂੰ ਵਾਚਣ ਲੱਗਾ। ਉਹ ਦੋਵੇਂ ਸ਼ਾਂਤ ਬੈਠੇ ਸਨ।

“ਹਾਂ ਬ੍ਰੈਸਟ ਕੈਂਸਰ ਐ. . .।” ਡਾਕਟਰ ਨੇ ਰਿਪੋਰਟਾਂ ਵੇਖਣ ਤੋਂ ਬਾਅਦ ਸਹਿਜ ਨਾਲ ਕਿਹਾ। ‘ਕੈਂਸਰ’ ਦਾ ਨਾਮ ਸੁਣਦਿਆਂ ਜਿੰਦਰ ਦੇ ਸਾਹ ਠਹਿਰ ਗਏ।

“ਤੁਸੀਂ ਘਬਰਾਉਣਾ ਨਹੀਂ।” ਡਾਕਟਰ ਨੇ ਦੋਹਾਂ ਦੇ ਚਿਹਰਿਆਂ ਦੀ ਦਹਿਸ਼ਤ ਵੇਖ ਕਿਹਾ ।“ ਘਬਰਾਉਣ ਨਾਲ ਜਾਂ ਟੈਨਸ਼ਨ ਲੈਣ ਨਾਲ ਬੀਮਾਰੀ ਦੂਰ ਨ੍ਹੀਂ ਹੋਏਗੀ। ਹੌਂਸਲਾ ਤੇ ਹਿੰਮਤ ਰੱਖੋਗੇ ਤਾਂ ਬੀਮਾਰੀ ਨੂੰ ਦੂਰ ਕਰਨ ਵਿਚ ਮਦਦ ਮਿਲੇਗੀ। ਆਪਾਂ ਬੀਮਾਰੀ ਦੂਰ ਕਰਨ ਲਈ ਪੂਰੀ ਵਾਹ ਲਾਵਾਂਗੇ। ਡੌਂਟ ਵਰੀ. . . ਤੁਸੀਂ ਹਸਪਤਾਲ ‘ਚ ਓ. . .।” ਡਾਕਟਰ ਨੇ ਸੰਜੀਦਗੀ ਨਾਲ ਉਹਨਾਂ ਵੱਲ ਵੇਖ ਕਿਹਾ।

“ਡਾਕਟਰ ਸਾਬ, ਕੋਈ ਖਤਰਾ ਤਾਂ ਨ੍ਹੀ. . .?” ਜਿੰਦਰ ਨੇ ਧੜਕਦੇ ਕਾਲਜੇ ਪੁੱਛਿਆ।

“ਅਜੇ ਕੁਸ਼ ਕਹਿਣਾ ਠੀਕ ਨਹੀਂ। ਕੁਝ ਹੋਰ ਟੈਸਟ ਕਰਾਂਗੇ, ਫਿਰ ਪਤਾ ਲੱਗੇਗਾ।” ਡਾਕਟਰ ਨੇ ਕਿਹਾ, “ ਸਟੈਪ-ਬਾਈ-ਸਟੈਪ ਟੈੱਸਟ ਹੋਣਗੇ। ਟੈਸਟ ਦੇ ਅਧਾਰ ‘ਤੇ ਇਲਾਜ ਕਰਾਂਗੇ. . .। ਬਿਨ੍ਹਾਂ ਟੈੱਸਟ

ਕੀਤਿਆਂ ਕੁਝ ਨਹੀਂ ਕਿਹਾ ਜਾ ਸਕਦਾ. . .। ਇਹ ਤਾਂ ਕੰਨਫਰਮ ਐ ਕਿ ਬ੍ਰੈਸਟ ਰਿਮੂਵ ਕਰਨ ਤੋਂ ਬਿਨ੍ਹਾਂ ਇਲਾਜ ਸੰਭਵ ਨਹੀਂ ਐਂ। ਤੁਹਾਨੂੰ ਇਸ ਸਿਚੁਏਸ਼ਨ ਲਈ ਆਪਣੇ-ਆਪ ਨੂੰ ਤਿਆਰ ਕਰਨਾ ਹੋਵੇਗਾ. . .।" ਡਾਕਟਰ ਦੇ ਬੋਲ ਜਿੰਦਰ ਦੇ ਸੀਨੇ ਬਰਛੀ ਵਾਂਗ ਖੁਭ ਗਏ। 'ਬ੍ਰੈਸਟ ਰਿਮੂਵ' ਬਾਰੇ ਸੁਣਦਿਆਂ ਉਹਨੂੰ ਹੇਠਲੀ ਉਤੇ ਹੋ ਗਈ ਲੱਗੀ। ਹਸਪਤਾਲ ਘੁੰਮਦਾ ਲੱਗਿਆ। ਪੈਰੋਂ ਭੋਂਇ ਖਿਸਕਦੀ ਜਾਪੀ। ਸਿਮਰ ਨੇ ਜਿੰਦਰ ਦੇ ਉਤਰੇ ਚਿਹਰੇ ਵੱਲ ਵੇਖਿਆ। ਉਹਨੇ ਹੌਲ਼ੀ ਜਿਹੀ ਆਪਣਾ ਹੱਥ ਵਧਾਅ ਕੇ ਜਿੰਦਰ ਦੇ ਹੱਥ 'ਤੇ ਰੱਖਿਆ ਤੇ ਹੱਥ ਘੁੱਟਿਆ। ਜਿੰਦਰ ਨੇ ਸਿਮਰ ਵੱਲ ਵੇਖਿਆ। ਦੋਹਾਂ ਦੀਆਂ ਅੱਖਾਂ ਮਿਲੀਆਂ। ਦੋਵੇਂ ਸਹਿਜ ਹੋ ਗਏ।

"ਅਪਰੇਟ ਕਰਨ ਤੋਂ ਪਹਿਲਾਂ ਪੈੱਟ ਸਕੈਨ ਟੈੱਸਟ ਹੋਏਗਾ, ਇਹ ਪਤਾ ਕਰਨ ਲਈ ਕਿ ਕੈਂਸਰ, ਬ੍ਰੈਸਟ ਵਿਚ ਕਿੰਨਾ ਕੁ ਫੈਲ ਚੁੱਕਿਐ।" ਡਾਕਟਰ ਨੇ ਦੱਸਿਆ। "ਇਹ ਨਾ ਸਮਝਿਓ ਕਿ ਕੈਂਸਰ ਹੋ ਗਿਆ ਤਾਂ ਸਭ ਕੁਝ ਖ਼ਤਮ. . ., ਇਸ ਤਰ੍ਹਾਂ ਨਹੀਂ ਹੁੰਦਾ. . .।" ਡਾਕਟਰ ਨੇ ਉਹਨਾਂ ਦੀ ਘਬਰਾਹਟ ਦੂਰ ਕਰਨ ਲਈ ਕਿਹਾ। "ਕੈਂਸਰ ਬਹੁਤ ਕਿਸਮ ਦੇ ਹੁੰਦੇ ਆ। ਸਾਰੇ ਕੈਂਸਰ ਲਾ-ਇਲਾਜ ਨਹੀਂ ਹੁੰਦੇ , ਇਲਾਜ ਯੋਗ ਵੀ ਹੁੰਦੇ ਆ। ਕੈਂਸਰ ਭਿਆਨਕ ਰੋਗ ਨਹੀਂ ਐਂ ਪਰ ਇਸ ਬਾਰੇ ਅਵੇਰਨੈਸ ਜ਼ਰੂਰੀ ਐ। ਜੇ ਸਟਾਰਟਿੰਗ ਸਮੇਂ ਕੈਂਸਰ ਦਾ ਪਤਾ ਲੱਗ ਜਾਏ ਤਾਂ ਖਤਰੇ ਵਾਲੀ ਕੋਈ ਗੱਲ ਨਹੀਂ ਹੁੰਦੀ। ਮਰੀਜ਼ ਠੀਕ ਹੋ ਸਕਦਾ ਏ. . .।" ਡਾਕਟਰ ਅਰੋੜਾ ਨੇ ਉਹਨਾਂ ਨੂੰ ਤਸੱਲੀ ਦਿੰਦਿਆਂ ਸਮਝਾਇਆ।

"ਹਫ਼ਤੇ ਤੱਕ ਪੈੱਟ ਸਕੈਨ ਟੈੱਸਟ ਕਰਾਂਗੇ।" ਡਾਕਟਰ ਨੇ ਜਿੰਦਰ ਤੇ ਸਿਮਰ ਵੱਲ ਵੇਖਦਿਆਂ ਫਿਰ ਕਿਹਾ, "ਕੁਝ ਮੈਡੀਸਨ ਲਿਖੀ ਐ। ਇਹ ਲੈਣ ਤੋਂ ਬਾਅਦ ਫਿਰ ਆਉਣਾ। ਤੁਸੀਂ ਹੋਰ ਕੁਝ ਪੁੱਛਣਾ ਚਾਹੋ ਤਾਂ ਪੁੱਛ ਸਕਦੇ ਓ।" ਡਾਕਟਰ ਅਰੋੜਾ ਨੇ ਉਹਨਾਂ ਦੋਹਾਂ ਵੱਲ ਝਾਕਦਿਆਂ ਸਿਮਰ ਦੀ ਮੈਡੀਕਲ ਫ਼ਾਈਲ ਉਹਨਾਂ ਵੱਲ ਵਧਾਈ।

ਜਿੰਦਰ ਤੋਂ ਹੋਰ ਕੁਝ ਨਾ ਪੁਛਿਆ ਗਿਆ। ਕੈਂਸਰ ਦੀ ਦਹਿਸ਼ਤ ਨਾਲ ਉਹ ਸਤਹੀਣ ਹੋ ਗਿਆ ਸੀ।

ਹਸਪਤਾਲ ਦੇ ਮੇਨ-ਗੇਟ ਵੱਲ ਬੀਮਾਰਾਂ ਹਾਰ ਤੁਰਦੀ ਸਿਮਰ ਨੇ ਜਿੰਦਰ ਨੂੰ ਕਿਹਾ,

"ਛਾਤੀਆਂ 'ਚ ਗਿਲਟੀਆਂ ਬਣੀਆਂ ਹੋਈਆਂ ਏਂ।"

"ਡਾਕਟਰ ਨੇ ਛਾਤੀਆਂ ਨੂੰ ਟੋਇਆ ਸੀ?" ਜਿੰਦਰ ਮਸਾਂ ਹੀ ਬੋਲਿਆ।

" ਹਾਂ, ਟੋਹ ਕੇ ਈ ਦੱਸਣਾ ਸੀ। ਹੋਰ ਕਿਦਾਂ ਦੱਸਣਾ ਸੀ . . .?" ਸਿਮਰ ਖਿੱਝ ਗਈ ਸੀ।

"ਡਾਕਟਰ ਵੀ ਦੂਜੇ ਦੀਆਂ ਤੀਵੀਆਂ ਦੇ ਅੰਗਾਂ ਨੂੰ ਟੋਹ-ਟੋਹ ਕੇ ਵੇਖਦੇ ਆ ।" ਜਿੰਦਰ ਕਰੋਧ ਵਿਚ ਮੱਚਿਆ।

"ਕੀ ਕਿਹਾ. . .?"

"ਕੁਸ਼ ਨ੍ਹੀ. . .।" ਜਿੰਦਰ ਖਿੱਝ ਕੇ ਚੁੱਪ ਕਰ ਗਿਆ।

ਮੌਤ ਦਾ ਭਿਆਨਕ ਸਾਇਆ ਜਿੰਦਰ ਦੇ ਜ਼ਿਹਨ ਵਿਚ ਅੰਬਰੋਂ ਟੁੱਟੇ ਤਾਰੇ ਵਾਂਗ ਉਤਰ ਆਇਆ ਸੀ। ਉਹਦੀ ਬੁੱਕਲ ਵਿਚ ਹੌਕੇ ਧੁੱਖਣ ਲੱਗੇ। ਸਿਮਰ ਦੇ ਸੰਗ ਅੰਬਰੀਂ ਉਡਾਰੀਆਂ ਭਰਦਾ ਜਿਵੇਂ ਉਹ ਭੋਂਇ 'ਤੇ ਆ ਡਿੱਗਾ ਹੋਵੇ। ਸਿਮਰ ਵੀ ਬੁੱਝੀ-ਬੁੱਝੀ ਜਿਹੀ ਰਹਿਣ ਲੱਗੀ। ਭੈੜੇ-ਭੈੜੇ ਖਿਆਲ ਉਹਦੇ ਜ਼ਿਹਨ ਵਿੱਚ ਮੰਡਰਾਉਣ ਲੱਗੇ।

ਹਫ਼ਤੇ ਬਾਅਦ ਸਿਮਰ ਦਾ ਪੈੱਟ ਸਕੈਨ ਟੈੱਸਟ ਕੀਤਾ ਗਿਆ।

ਉਹ ਦੋਵੇਂ ਡਾਕਟਰ ਦੇ ਕੈਬਨ ਵਿਚ ਸਾਹ ਰੋਕ ਬੈਠ ਗਏ। ਡਾਕਟਰ ਨੇ ਰਿਪੋਰਟ ਵੇਖੀ। ਦੋਹਾਂ ਵੱਲ ਵੇਖ ਵੇਖਿਆ।

"ਸਿਮਰ ਕੌਰ, ਖ਼ੁਸ਼ੀ ਵਾਲੀ ਗੱਲ ਐ ਕਿ ਟੈਸਟ ਰਿਪੋਰਟ ਦੇ ਅਨੁਸਾਰ ਕੈਂਸਰ ਅਜੇ ਪਹਿਲੀ ਸਟੇਜ 'ਤੇ



ਐ। ਤੁਹਾਡੀ ਖ਼ੁਸ਼ਕਿਸਮਤੀ ਐ ਕਿ , ਬੀਮਾਰੀ ਦੇ ਵੱਧਣ ਤੋਂ ਪਹਿਲਾਂ ਈ ਪਤਾ ਲੱਗ ਗਿਆ। " ਰਿਪੋਰਟ ਵੇਖਦਿਆਂ ਡਾਕਟਰ ਨੇ ਫਿਰ ਕਿਹਾ। "ਪਰ ਬ੍ਰੈਸਟ ਰਿਮੂਵ ਕਰਨ ਦਾ ਆਪਰੇਸ਼ਨ ਜਲਦ ਹੋਣਾ ਚਾਹੀਦਾ ਤਾਂ ਕਿ ਬੀਮਾਰੀ ਹੋਰ ਨਾ ਵੱਧ ਸਕੇ। ਜੇ ਦੇਰ ਕੀਤੀ ਤਾਂ ਕੇਸ ਕੰਪਲੀਕੇਟਿਡ ਹੋ ਸਕਦਾ ਤੇ ਖਤਰਾ ਵੱਧ ਸਕਦਾ ਐ। ਤੁਸੀਂ ਠੀਕ ਸਮੇਂ 'ਤੇ ਮੇਰੇ ਕੋਲ ਆ ਗਏ ਓ। ਹੁਣ ਫ਼ਿਕਰ ਕਰਨ ਦੀ ਜ਼ਰੂਰਤ ਨਹੀਂ। ਇਲਾਜ਼ ਲੰਬਾ ਤਾਂ ਹੋ ਸਕਦੈ, ਪਰ ਖ਼ਤਰਾ ਕੋਈ ਨਹੀਂ।"

ਸੁਣ ਕੇ ਜਿੰਦਰ ਨੂੰ ਕੁਝ ਰਾਹਤ ਮਹਿਸੂਸ ਹੋਈ। ਹੁਣ ਉਹ ਸਥਿਤੀ ਅਨੁਸਾਰ ਕੁਝ ਕੁ ਸੰਭਲ ਗਿਆ ਸੀ।

ਆਪਰੇਟ ਕਰਨ ਦੀ ਤਾਰੀਖ ਲੈ, ਉਹ ਘਰ ਪਰਤ ਆਏ।

'ਮੇਰੇ ਨਾਲ ਐਡਾ ਵੱਡਾ ਹਾਦਸਾ. . ?' ਸੋਚਦਿਆਂ ਜਿੰਦਰ ਛਟਪਟਾਅ ਕੇ ਚੀਕਣਾ ਚਾਹੁੰਦਾ ਸੀ। ਉਸਨੇ ਤਾਂ ਕਦੀ ਸੋਚਿਆ ਹੀ ਨਹੀਂ ਸੀ ਕਿ ਸਿਮਰ ਸੰਗ ਉਹਦੀਆਂ ਅੰਬਰੀਂ ਉਡਾਣਾਂ ਨੂੰ ਜ਼ਰਬਾਂ ਆ ਜਾਣਗੀਆਂ। ਬੀਮਾਰੀ ਦਾ ਧਿਆਨ ਆਉਣ 'ਤੇ ਉਹਨੂੰ ਲਗਦਾ ਸਿਮਰ ਉਹਦੇ ਹੱਥੋਂ ਤਿਲਕਦੀ ਜਾ ਰਹੀ ਏ। ਕੈਂਸਰ ਨਾਲ ਹੋਈਆਂ ਮੌਤਾਂ ਚੇਤੇ ਆਉਣ ਨਾਲ ਉਹਦੇ ਮੱਥੇ ਤ੍ਰੇਲੀਆਂ ਆ ਜਾਂਦੀਆਂ। ਉਹ ਸਿਮਰ ਦਾ ਆਪਰੇਸ਼ਨ ਛੇਤੀ ਕਰਵਾਉਣ ਲਈ ਦੌੜ-ਭੱਜ ਕਰਨ ਲੱਗਾ।

"ਮੈਂ ਬੱਚਿਆਂ ਦੇ ਮੂੰਹੋਂ ਰੋਟੀ ਖੋਹ ਰਹੀ ਆਂ।" ਸਿਮਰ, ਇਲਾਜ 'ਤੇ ਹੁੰਦੇ ਖਰਚ ਵੱਲ ਵੇਖ ਬੋਲੀ।

"ਫ਼ਿਕਰ ਕਿਉਂ ਕਰਦੀ ਏ?" ਜਿੰਦਰ ਦਿਲਾਸਾ ਦਿੰਦਾ। "ਪੈਸ ਤਾਂ ਫੇ'ਅ ਵੀ ਕਮਾਇਆ ਜਾ ਸਕਦੈ, ਤੈਨੂੰ ਕਿਥੋਂ ਲੱਭੂੰ?" ਉਸ ਸਿਮਰ ਦਾ ਹੱਥ ਆਪਣੇ ਹੱਥ ਵਿਚ ਲੈ ਘੁੱਟਿਆ।

'ਜੇ ਮੈਨੂੰ ਕੁਝ ਹੋ ਗਿਆ ਤਾਂ ਬੱਚਿਆਂ ਦਾ ਕੀ ਬਣੂੰ?' ਸਿਮਰ ਘਰ 'ਚ ਦੋਹਾਂ ਬੱਚਿਆਂ ਕੋਲ ਬੈਠੀ ਉਦਾਸ ਹੋ ਜਾਂਦੀ। ਬੱਚਿਆਂ ਨੂੰ ਇਕਦਮ ਖਿੱਚ ਛਾਤੀ ਨਾਲ ਲਾ ਘੁੱਟਦੀ, ਬੇਤਹਾਸ਼ਾ ਚੁੰਮਦੀ । 'ਬੱਚੇ ਰੁਲ਼ ਜਾਣਗੇ।' ਉਸ ਤੜਫ਼ ਕੇ ਸੋਚਿਆ। ਧੀ ਅਵੀ ਨੂੰ ਪੰਜਵਾਂ ਤੇ ਪੁੱਤਰ ਗਗਨ ਨੂੰ ਤੀਜਾ ਵਰ੍ਹਾ ਲਗ ਗਿਆ ਸੀ।

ਛਾਤੀਆਂ ਰਿਮੂਵ ਕਰਨ ਦਾ ਝੋਰਾ ਵੀ ਉਹਨੂੰ ਵਿਚੋ-ਵਿਚ ਖਾਈ ਜਾ ਰਿਹਾ ਸੀ। 'ਮੇਰੇ ਫਿਗਰ—?' ਅਚਾਨਕ ਉਹ ਹੌਕਾ ਖਿੱਚਦੀ ਡੂੰਘੀ ਉਦਾਸੀ ਵਿੱਚ ਡੁੱਬ ਜਾਂਦੀ। 'ਜਿੰਦਰ ਬਰਦਾਸ਼ਤ ਨਹੀਂ ਕਰ ਸਕੂਗਾ?' ਅਕਸਰ ਰੋਮਾਂਚਿਕ ਹੋਏ ਜਿੰਦਰ ਦੀ ਆਦਤ ਵੱਲ ਵੇਖਦੀ ਉਹ ਤਨਾਓ ਵਿਚ ਡੁੱਬ ਜਾਂਦੀ।

ਇਹਨਾਂ ਦਿਨਾਂ ਵਿਚ ਬੀਮਾਰੀ ਨੇ ਦੋਹਾਂ ਦੀ ਆਪਸੀ ਦੂਰੀ ਵਧਾਅ ਦਿਤੀ । ਪਲ ਭਰ ਦੀ ਦੂਰੀ ਬਰਦਾਸ਼ਤ ਨਾ ਕਰਨ ਵਾਲਾ ਜਿੰਦਰ ਤੜਫ਼ ਉਠਿਆ। ਸਿਮਰ ਬੈੱਡ 'ਤੇ ਸਿਰੇ ਰੱਖ ਕੇ ਪੈ ਜਾਂਦੀ। ਬੇ ਹਰਕਤ। ਚੁੱਪ-ਚਾਪ। ਜਦੋਂ ਜਿੰਦਰ ਸਰਕਦਾ ਉਹਦੇ ਨੇੜੇ ਆ ਆਉਂਦਾ ਤਾਂ ਉਹ ਜਿੰਦਰ ਦੇ ਹੱਥਾਂ ਨੂੰ ਅੱਧ-ਵਿਚਕਾਰ ਹੀ ਰੋਕ ਤਰਲਾ ਕਰਦੀ। "ਪਲੀਜ਼. . . ।" ਜਿੰਦਰ ਤੜਫ਼ ਉੱਠਦਾ। ਦੂਰੀ ਬਰਦਾਸ਼ਤ ਨਾ ਕਰਦਾ। ਆਪੇ ਤੋਂ ਬਾਹਰ ਹੋ ਜਾਂਦਾ। ਸਿਮਰ ਉਹਨੂੰ ਗਲਵਕੜੀ ਪਾਉਣ ਤੋਂ ਗੁਰੇਜ਼ ਕਰਦੀ। ਜਿੰਦਰ ਕ੍ਰੋਧ ਵਿਚ ਰਿੱਝਦਾ ।

ਸਿਮਰ ਦੇ ਪੇਕੇ ਗੋਸਲਾਂ ਪਿੰਡ ਸੀ। ਉਸ ਦੀ ਮੰਮੀ ਤੇ ਡੈਡੀ ਨੂੰ ਬੀਮਾਰੀ ਬਾਰੇ ਪਤਾ ਲਗਾ। ਉਹ ਦੋਵੇਂ ਭੱਜੇ ਆਏ।

"ਪੁੱਤ ਘਬਰਾਉਣਾ ਨ੍ਹੀ। ਸਭ ਠੀਕ ਹੋ ਜਊਗਾ. . .।" ਦਿਲਾਸਾ ਦਿੰਦਿਆਂ ਸਿਮਰ ਦੇ ਡੈਡੀ ਨੇ ਕਿਹਾ," ਮੈਨੂੰ ਪਤਾ ਏਸ ਬੀਮਾਰੀ 'ਤੇ ਲੱਖਾਂ ਰੁਪਏ ਲੱਗਦੇ ਆ. . .। ਜੇ ਲੱਖਾਂ ਲਾ ਕੇ ਵੀ ਜਾਨ ਬੱਚ ਜਾਏ ਤਾਂ ਪਰਮਾਤਮਾ ਦਾ ਲੱਖ-ਲੱਖ ਸ਼ੁਕਰ ਐ। ਅਸੀਂ ਤੁਹਾਡੇ ਨਾਲ ਖੜ੍ਹੇ ਆ। ਪੂਰੀ ਮਦਦ ਕਰਾਂਗੇ. . .।" ਸਿਮਰ ਦੇ ਡੈਡੀ ਨੇ ਸਿਮਰ ਨੂੰ ਕਲ਼ਾਵੇ ਵਿੱਚ ਲੈਂਦਿਆਂ ਕਿਹਾ ਸੀ। ਉਸ ਦਾ ਡੈਡੀ ਸਰਕਾਰੀ ਨੌਕਰੀ ਤੋਂ

ਰਿਟਾਇਰ ਹੋ ਚੁੱਕਿਆ ਸੀ। ਪੈਨਸ਼ਨ ਚੰਗੀ ਸੀ। ਸਿਮਰ ਦਾ ਇਕ ਭਰਾ ਵਿਦੇਸ਼ ਵਿਚ ਵੀ ਰਹਿ ਰਿਹਾ ਸੀ। ਗੁਜ਼ਾਰਾ ਵਧੀਆ ਸੀ। ਜਦੋਂ ਵੀ ਉਹਦੇ ਮੰਮੀ-ਡੈਡੀ ਉਹਨੂੰ ਮਿਲਣ ਆਉਂਦੇ, ਫਲ਼-ਫਰੂਟਾਂ ਦੇ ਲਿਫ਼ਾਫ਼ੇ ਭਰ ਕੇ ਲਿਆਉਂਦੇ। ਜਾਣ ਸਮੇਂ ਰੁੱਗ ਪੈਸਿਆਂ ਦਾ ਸਿਮਰ ਦੀ ਮੁੱਠੀ ਵਿਚ ਦੇ ਜਾਂਦੇ।

ਜਿੰਦਰ ਦਾ ਵੱਡਾ ਭਰਾ ਕਿਸੇ ਦੂਰ-ਦੁਰਾਡੇ ਸ਼ਹਿਰ ਵਿਚ ਨੌਕਰੀ ਕਰਦਾ ਸੀ। ਉਸ ਨੂੰ ਪਤਾ ਲੱਗਾ। ਉਹ ਆਪਣੀ ਪਤਨੀ ਕਮਲਜੀਤ ਨੂੰ ਨਾਲ ਲੈ ਭੱਜਾ ਆਇਆ, "ਅਸੀਂ ਤੇਰੇ ਨਾਲ ਆਂ, ਘਬਰਾਉਣਾ ਨੀਂ।" ਉਹ ਆਉਂਦਿਆਂ ਸਾਰ ਬੋਲਿਆ, "ਬੰਦਾ ਲੱਖੀਂ ਨਾ ਹਜ਼ਾਰੀਂ। ਜਿੰਨੀ ਹੋ ਸਕੀ, ਤੇਰੀ ਮਦਦ ਵੀ ਕਰਾਂਗੇ। ਤੂੰ ਸਿਮਰ ਦਾ ਇਲਾਜ ਕਰਾਉਣ 'ਚ ਕੋਈ ਕਸਰ ਨਾ ਛੱਡੀਂ. . .।" ਅਮਰਜੀਤ ਨੇ ਜਿੰਦਰ ਦੇ ਮੋਢੇ 'ਤੇ ਹੱਥ ਰੱਖਿਆ।

"ਸਿਮਰ, ਚਿੰਤਾ ਨੀਂ ਕਰਨੀ। ਸਭ ਠੀਕ ਹੋ ਜਾਊਗਾ। ਦੇਹੀ ਨੂੰ ਕੋਈ ਨਾ ਕੋਈ ਰੋਗ ਤਾਂ ਆਇਆ ਈ ਰਹਿੰਦਾ। ਦੁੱਖ ਹੋਵੇ ਪਰ ਸੁੱਖ ਦਾ ਹੋਵੇ। ਹੌਂਸਲਾ ਨੀਂ ਹਾਰਨਾ। ਜਿਹਨੇ ਰੋਗ ਦਿਤਾ, ਕੱਟੂਗਾ ਵੀ ਓਹੀ. . .।" ਕਮਲਜੀਤ ਨੇ ਸਿਮਰ ਦਾ ਕਲ਼ਾਵਾ ਭਰਿਆ ਹੋਇਆ ਸੀ। "ਮੇਰੀਏ ਭੈਣੇ ਟੈਨਸ਼ਨ ਨ੍ਹੀਂ ਲੈਣੀ, ਟੈਨਸ਼ਨ ਨਾਲ ਤਾਂ ਰੋਗ ਹੋਰ ਵੱਧ ਜਾਂਦਾ. . .।"

ਉਹਨਾਂ ਦੇ ਆਉਣ ਨਾਲ ਦੋਵੇਂ ਜੀਅ ਹੌਂਸਲੇ 'ਚ ਹੋ ਗਏ ।

ਅਪਰੇਸ਼ਨ ਲਈ ਹਸਪਤਾਲ ਐਡਮਿਟ ਹੋਣ ਤੋਂ ਪਹਿਲਾਂ ਸਿਮਰ ਦੀ ਮੰਮੀ ਘਰ ਅਤੇ ਬੱਚਿਆਂ ਦੀ ਸਾਂਭ-ਸੰਭਾਲ ਲਈ ਆ ਗਈ ਸੀ । ਹਸਪਤਾਲ ਨੂੰ ਤੁਰਨ ਸਮੇਂ ਸਿਮਰ ਨੇ ਬੱਚਿਆਂ ਨੂੰ ਕਲ਼ਾਵੇ ਵਿਚ ਭਰ ਲਿਆ। ਉਦਾਸ ਅੱਖਾਂ ਨਾਲ ਘਰ ਨੂੰ ਵੇਖਣ ਲੱਗੀ ।

"ਪਤਾ ਨਹੀਂ ਜੀਂਦੇ ਜੀਅ ਇਸ ਘਰ ਆਵਾਂਗੀ ਕਿ ਨਹੀਂ. . .?" ਉਸ ਪੀੜਤ ਹਾਉਕਾ ਭਰਿਆ।

"ਸੁੱਖ ਸੁੱਖ ਬੋਲ, ਕਿਉਂ ਮੂੰਹੋਂ ਮਾੜੀ ਭਾਖਿਆ ਕੱਢ ਰਹੀ ਐਂ।" ਜਿੰਦਰ ਤੜਫ਼ ਉਠਿਆ। "ਮੰਮੀ, ਸਮਝਾਓ ਕੁਸ਼ ਏਹਨੂੰ।" ਜਿੰਦਰ ਨੇ ਆਪਣੀ ਸੱਸ ਨੂੰ ਕਿਹਾ।

"ਮੇਰੀਏ ਬੱਚੀਏ, ਸੁਖ ਸਬੀਲੀ ਘਰ ਆਉਣ ਦੀ ਅਰਦਾਸ ਕਰ. . .। ਗੁਰੂ ਮੇਹਰ ਕਰੂ।" ਸਿਮਰ ਦੀ ਮੰਮੀ ਉਸ ਕੋਲ ਆਈ। ਉਹਦਾ ਸਿਰ ਪਲੋਸਿਆ ਤੇ ਉਹਨੂੰ ਸੀਨੇ ਨਾਲ ਘੁੱਟ ਲਿਆ । "ਧੀਏ, ਪਰਿਵਾਰ ਦੀ ਸੁੱਖ ਮੰਗ, ਮਸੂਮਾਂ ਲਈ ਰੱਬ ਅੱਗੇ ਦੁਆਵਾਂ ਕਰ . . .। ਦਿੱਲ ਨ੍ਹੀਂ ਛੱਡੀਦਾ . . . ਹਮੇਸ਼ਾ ਚੰਗਾ ਸੋਚੀਦਾ। ਵੱਡੇ-ਵੱਡੇ ਰੋਗ ਕੱਟੇ ਜਾਂਦੇ ਆ। ਓਦਰਨਾ ਨ੍ਹੀਂ। ਖੁਸ਼ੀ-ਖੁਸ਼ੀ ਹਸਪਤਾਲ ਜਾਹ ਤੇ ਖੁਸ਼ੀ-ਖੁਸ਼ੀ ਠੀਕ ਹੋ ਕੇ ਬੱਚਿਆਂ 'ਚ ਆ।" ਮਾਂ ਨੇ ਧੀ ਦੀ ਪਿੱਠ ਪਲੋਸੀ। ਸਿਮਰ ਨੇ ਮਾਂ ਦੇ ਮੋਢੇ 'ਤੇ ਸਿਰ ਰੱਖ ਅੱਖਾਂ ਭਰੀਆਂ ।

ਅਪਰੇਸ਼ਨ ਸਹੀ-ਸਲਾਮਤ ਹੋ ਗਿਆ। ਜਿੰਦਰ ਨੇ ਸੁੱਖ ਦਾ ਸਾਹ ਲਿਆ। ਸਿਮਰ ਨੂੰ ਹੋਸ਼ ਆਈ। ਉਸ ਨੂੰ ਬੱਚਿਆਂ ਨਾਲ ਮਿਲਾਇਆ । ਬੱਚਿਆਂ ਵੱਲ ਵੇਖ ਉਹ ਮੁਸਕਰਾਈ। ਅਵੀ ਮਾਂ ਨੂੰ ਹਸਪਤਾਲ ਦੇ ਬਿਸਤਰ 'ਤੇ ਪਈ ਵੇਖ ਸਹਿਮ ਗਈ। ਸ਼ਾਮ ਨੂੰ ਧੱਕੇ ਨਾਲ ਦੋਹਾਂ ਬੱਚਿਆਂ ਨੂੰ ਘਰ ਲਿਜਾਇਆ ਗਿਆ। ਘਰ ਆ ਬੱਚੇ ਰਉਂ ਰਉਂ ਕਰਦੇ ਮਾਂ ਨੂੰ ਭਾਲਣ ਲੱਗੇ। ਗਗਨ ਰੋਂਦਾ-ਰੋਂਦਾ ਨਾਨੀ ਦੀ ਗੋਦ ਵਿਚ ਹੀ ਸੌਂ ਗਿਆ ।

"ਨਾਨੀ ਮਾਂ, ਮੰਮਾ ਘਰ ਕਦੋਂ ਆਊਗੀ. . .?" ਅਵੀ ਰਾਤ ਨੂੰ ਮਾਂ ਬਿਨ੍ਹਾਂ ਓਦਰ ਗਈ । ਅਵੀ ਦੇ ਰੁਆਂਸੇ ਚਿਹਰੇ ਵੱਲ ਵੇਖਦਿਆਂ ਜਿੰਦਰ ਦਾ ਕਾਲਜਾ ਸੂਤਿਆ ਗਿਆ । ਉਸ ਨੇ ਧੀ ਨੂੰ ਖਿੱਚ ਹਿੱਕ ਨਾਲ ਘੁੱਟ ਲਿਆ । ਧੀ ਦੇ ਰੁਆਂਸੇ ਚਿਹਰੇ ਵੱਲ ਵੇਖ ਉਸ ਦੀਆਂ ਅੱਖਾਂ ਨਮ ਹੋ ਗਈਆਂ । ਉਹਨੂੰ ਸਿਮਰ ਬਿਨ੍ਹਾਂ ਘਰ ਖਾਣ ਨੂੰ ਆ ਰਿਹਾ ਲੱਗਿਆ। ਉਹ ਵੀ ਓਦਰ ਗਿਆ ।

ਸਿਮਰ ਜਿੰਨੇ ਦਿਨ ਹਸਪਤਾਲ ਰਹੀ, ਜਿੰਦਰ ਖੜ੍ਹੀ ਲੱਤੇ ਰਿਹਾ। ਕਦੀ ਘਰ, ਕਦੀ ਹਸਪਤਾਲ ਅਤੇ



ਕਦੀ ਦਫ਼ਤਰ ਭੱਜਦਾ। ਬੱਚੇ ਘਰ ਵਿੱਚ ਫਜ਼ੂਲ ਜਿਹੀ ਜ਼ਿੱਦ ਕਰਦੇ ਤਾਂ ਉਹਨੂੰ ਖਿੱਝ ਚੜ੍ਹਦੀ । ਮਸੂਮਾਂ ਵੱਲ ਵੇਖਦਾ ਉਹ ਸੋਚਦਾ, 'ਧੰਨ ਐ ਔਰਤ, ਜਿਹੜੀ ਬੱਚਿਆਂ ਨੂੰ ਸੰਭਾਲਦੀ ਅੱਕਦੀ ਨਹੀਂ।'

ਦਫ਼ਤਰੋਂ ਉਸ ਕੁਝ ਦਿਨਾਂ ਲਈ ਛੁੱਟੀ ਲੈ ਰੱਖੀ ਸੀ। ਫਿਰ ਵੀ ਕਈ ਵਾਰੀ ਦਫ਼ਤਰੋਂ ਫ਼ੋਨ ਆ ਜਾਂਦਾ। ਦੋਸਤਾਂ ਤੇ ਰਿਸ਼ਤੇਦਾਰਾਂ ਦੇ ਫ਼ੋਨ ਵੀ ਆਉਣ ਲੱਗੇ। ਉਹ ਫੋਨ ਅਟੈਂਡ ਕਰਦਾ। ਡਾਕਟਰ ਨੂੰ ਪੁੱਛਦਾ। ਵਾਰ-ਵਾਰ ਦਵਾਈ ਲਿਖੀ ਪਰਚੀ ਲੈ ਮੈਡੀਕਲ ਸਟੋਰ 'ਤੇ ਜਾਂਦਾ। ਖ਼ਬਰ ਲੈਣ ਆਇਆਂ ਲਈ ਚਾਹ ਲੈਣ ਭੱਜ ਜਾਂਦਾ। ਹਾਲੋਂ-ਬੇਹਾਲ ਹੋਇਆਂ ਕਈ ਵਾਰ ਉਹਨੂੰ ਆਪਣੇ ਹਾਲਾਤਾਂ 'ਤੇ ਖਿੱਝ ਆਉਂਦੀ।

ਉਹ ਘਰ, ਦਫ਼ਤਰ ਅਤੇ ਹਸਪਤਾਲ ਦੀਆਂ ਸੋਚਾਂ ਵਿੱਚ ਉਲਝਿਆ ਰਹਿੰਦਾ। ਕਿਸੇ ਚੀਜ਼ ਨੂੰ ਕਿਧਰੇ ਰੱਖ ਕੇ ਭੁਲ ਜਾਂਦਾ। ਇਕ ਦਿਨ ਸਕੂਟਰ ਸਟੈਂਡ 'ਤੇ ਰੱਖੇ ਮੋਟਰ ਸਾਈਕਲ ਦੀ ਪਰਚੀ ਬੇਧਿਆਨੇ ਕਿਧਰੇ ਰੱਖ ਲਈ। ਜਦੋਂ ਸਟੈਂਡ ਤੋਂ ਮੋਟਰ ਸਾਈਕਲ ਚੁੱਕਿਆ ਤਾਂ ਪਰਚੀ ਕਿਧਰੇ ਨਾ ਲੱਭੇ। ਵਾਰ-ਵਾਰ ਕਮੀਜ਼ ਅਤੇ ਪੈਂਟ ਦੀਆਂ ਜੇਬਾਂ ਵਿੱਚ ਹੱਥ ਮਾਰ ਉਹ ਕਮਲ਼ਾ ਜਿਹਾ ਹੋ ਗਿਆ। ਉਹ ਰੋਣ-ਹਾਕਾ ਹੋ ਗਿਆ। ਸਕੂਟਰ ਸਟੈਂਡ ਵਾਲਿਆਂ ਮੋਟਰ ਸਾਈਕਲ ਦੇਣ ਤੋਂ ਇਨਕਾਰ ਕਰ ਦਿਤਾ।

"ਕਿਸੇ ਜਾਣ-ਪਛਾਣ ਬੰਦੇ ਨਾਲ ਗੱਲ ਕਰਾਓ।" ਸਕੂਟਰ ਸਟੈਂਡ ਵਾਲਿਆਂ ਆਖਿਆ। ਉਹਨੂੰ ਕਿਸੇ ਜਾਣ- ਪਛਾਣ ਬੰਦੇ ਬਾਰੇ ਕੁਝ ਨਾ ਔੜਿਆ। ਉਪਰੋਂ ਹਨੇਰਾ ਗਹਿਰਾ ਹੋ ਰਿਹਾ ਸੀ। ਆਖਰ ਉਹਨੇ ਸਿਮਰ ਦੇ ਕੈਂਸਰ ਦੇ ਅਪਰੇਸ਼ਨ ਬਾਰੇ ਦੱਸਦਿਆਂ ਤਰਲਾ ਕੀਤਾ ਤਾਂ ਕਿਤੇ ਜਾ ਕੇ ਉਹ ਮੰਨੇ।

"ਤੁਸੀਂ ਹੁਣ ਘਰ ਜਾ ਸਕਦੇ ਹੋ। ਕੋਈ ਚਿੰਤਾ ਵਾਲੀ ਨਹੀਂ ਐਂ।" ਅਪਰੇਸ਼ਨ ਤੋਂ ਕਈ ਦਿਨ ਬਾਅਦ ਜਦ ਸਿਮਰ ਕੁਝ ਖਾ ਪੀ ਅਤੇ ਤੁਰਨ ਫਿਰਨ ਜੋਗੀ ਹੋਈ ਤਾਂ ਡਾਕਟਰ ਨੇ ਉਹਨੂੰ ਹਸਪਤਾਲ ਤੋਂ ਡਿਸਚਾਰਜ਼ ਕਰਨ ਦਾ ਫ਼ੈਸਲਾ ਦੱਸਿਆ।

"ਹੁਣ ਕੋਈ ਖਤਰਾ ਤਾਂ ਨਹੀਂ?" ਜਿੰਦਰ ਨੇ ਆਪਣਾ ਡਰ ਦੂਰ ਕਰਨ ਲਈ ਪੁੱਛਿਆ।

"ਨਹੀਂ, ਹੁਣ ਇਹ ਖਤਰੇ ਤੋਂ ਬਾਹਰ ਐਂ। ਬ੍ਰੈਸਟ ਵਿਚੋਂ ਇਕ ਪੀਸ ਅਸੀਂ ਟੈਸਟ ਵਾਸਤੇ ਮੈਡੀਕਲ ਇੰਸਟੀਚਿਊਟ ਮਦਰਾਸ ਭੇਜਿਆ ਹੋਇਐ। ਉਹਦੀ ਰਿਪੋਰਟ ਵੀਹ ਦਿਨਾਂ ਬਾਅਦ ਆਏਗੀ । ਫਿਰ ਪਤਾ ਲੱਗੇਗਾ ਕਿ ਇਹ ਕਿਸ ਕਿਸਮ ਦਾ ਕੈਂਸਰ ਸੀ। ਟੈੱਸਟ ਦੀ ਰਿਪੋਰਟ ਦੇ ਅਧਾਰ 'ਤੇ ਹੀ ਕੀਮੋ ਥੈਰਪੀ ਦੇ ਸਰਕਲ ਬਾਰੇ ਡਿਸਾਈਡ ਕਰਾਂਗੇ।" ਡਾਕਟਰ ਨੇ ਉਹਨਾਂ ਨੂੰ ਵੀਹ ਦਿਨਾਂ ਬਾਅਦ ਮੁੜ ਹਸਪਤਾਲ ਆਉਣ ਲਈ ਕਿਹਾ।

ਵੀਹ ਦਿਨਾਂ ਬਾਅਦ ਉਹ ਮੁੜ ਓਸਵਾਲ ਹਸਪਤਾਲ ਗਏ । ਮਦਰਾਸ ਤੋਂ ਟੈੱਸਟ ਦੀ ਰਿਪੋਰਟ ਆ ਚੁੱਕੀ ਸੀ।

"ਮੈਡੀਕਲ ਇੰਸਟੀਚਿਊਟ ਦੀ ਰਿਪੋਰਟ ਦੇ ਅਨੁਸਾਰ ਹੁਣ ਕੀਮੋ ਥੈਰਪੀ ਸ਼ੁਰੂ ਕੀਤੀ ਜਾਏਗੀ। ਵੀਹ-ਵੀਹ ਦਿਨਾਂ ਦੇ ਗੈਪ ਨਾਲ ਕੁਲ ਛੇ ਥੈਰਪੀਆਂ ਹੋਣਗੀਆਂ।" ਡਾਕਟਰ ਨੇ ਉਹਨਾਂ ਨੂੰ ਅਗਲੇ ਇਲਾਜ ਲਈ ਦੱਸਿਆ ਸੀ। ਉਹ ਸਾਹ ਸੂਤ ਸੁਣਦੇ ਰਹੇ। "ਹਰ ਥੈਰਪੀ ਸਮੇਂ ਤੁਹਾਨੂੰ ਤਿੰਨ ਦਿਨਾਂ ਲਈ ਹਸਪਤਾਲ 'ਚ ਐਡਮਿਟ ਹੋਣਾ ਪਵੇਗਾ।"

ਜਦੋਂ ਥੈਰਪੀ ਲਈ ਸਿਮਰ ਨੇ ਹਸਪਤਾਲ ਜਾਣਾ ਹੁੰਦਾ ਤਾਂ ਜਿੰਦਰ, ਸਿਮਰ ਦੀ ਮੰਮੀ ਨੂੰ ਗੋਸਲਾਂ ਤੋਂ ਲੈ ਆਉਂਦਾ। ਉਹ ਆਉਂਦੀ ਤਾਂ ਸਿਰਫ਼ ਚਾਰ ਦਿਨਾਂ ਲਈ ਸੀ। ਪਰ ਹਰ ਥੈਰਪੀ ਤੋਂ ਬਾਅਦ ਸਿਮਰ ਨੂੰ ਬਹੁਤ ਕਮਜ਼ੋਰੀ ਆ ਜਾਣ ਕਰਕੇ, ਉਸ ਦੀ ਮੰਮੀ ਨੂੰ ਜ਼ਿਆਦਾ ਦਿਨਾਂ ਤੱਕ ਰੁਕਣਾ ਪੈਂਦਾ। ਜਦੋਂ ਸਿਮਰ ਦੀ ਕਮਜ਼ੋਰੀ ਠੀਕ ਹੁੰਦੀ ਤਾਂ ਜਿੰਦਰ ਆਪਣੀ ਸੱਸ ਨੂੰ ਉਹਦੇ ਪਿੰਡ ਛੱਡ ਆਉਂਦਾ। ਉਹਦਾ ਲੰਮਾ ਸਮਾਂ ਸਿਮਰ ਕੋਲ ਰੁਕਣਾ ਔਖਾ ਸੀ। ਕੁਝ ਦਿਨਾਂ ਬਾਅਦ ਅਗਲੀ ਥੈਰਪੀ ਲਈ ਉਹ ਫਿਰ ਸਿਮਰ ਦੀ ਮੰਮੀ ਨੂੰ ਲੈਣ ਚਲਾ ਜਾਂਦਾ।

ਵੀਹ-ਵੀਹ ਦਿਨਾਂ ਦੇ ਫ਼ਰਕ ਨਾਲ ਸਿਮਰ ਦੀਆਂ ਛੇ ਥੈਰਪੀਆਂ ਕੀਤੀਆਂ ਗਈਆਂ। ਇਲਾਜ ਕਰਦਿਆਂ ਲੰਮਾ ਸਮਾਂ ਗੁਜ਼ਰ ਗਿਆ ਸੀ ਤੇ ਬਹੁਤ ਸਾਰਾ ਪੈਸਾ ਵੀ ਖਰਚ ਹੋ ਗਿਆ ਸੀ। ਛੇਵੀਂ ਥੈਰਪੀ ਤੋਂ ਵੀਹ ਦਿਨ ਬਾਅਦ ਪੈਟ ਸਕੈਨ ਟੈੱਸਟ ਦੁਬਾਰਾ ਕੀਤਾ ਗਿਆ। ਚੌਥੇ ਦਿਨ ਉਹ ਦੋਵੇਂ ਰਿਪੋਰਟ ਦਾ ਪਤਾ ਕਰਨ ਹਸਪਤਾਲ ਗਏ।

"ਸਿਮਰ ਕੌਰ, ਤੁਹਾਡੀ ਪੈੱਟ ਸਕੈਨ ਟੈਸਟ ਦੀ ਰਿਪੋਰਟ ਅਨੁਸਾਰ ਤੁਸੀਂ ਬਿਲਕੁਲ ਤੰਦਰੁਸਤ ਓ। ਤੁਹਾਡੀ ਬੀਮਾਰੀ ਪੂਰੀ ਤਰ੍ਹਾਂ ਦੂਰ ਹੋ ਗਈ ਐ। ਹੁਣ ਕੋਈ ਡਰ ਨਹੀਂ ਐ।" ਡਾਕਟਰ ਨੇ ਬਹੁਤ ਖੁਸ਼ ਮੂਡ ਵਿਚ ਉਹਨਾਂ ਨੂੰ ਦੱਸਿਆ। "ਹਰ ਡਾਕਟਰ ਨੂੰ ਓਦੋਂ ਬਹੁਤ ਖੁਸ਼ੀ ਹੁੰਦੀ ਐ, ਜਦੋਂ ਉਸ ਦਾ ਮਰੀਜ਼ ਤੰਦਰੁਸਤ ਹੋ ਕੇ ਆਪਣੇ ਘਰ ਜਾਏ।" ਡਾਕਟਰ ਨੇ ਦੋਹਾਂ ਜੀਆਂ ਵੱਲ ਮੁਸਕਰਾ ਕੇ ਦੇਖਿਆ। "ਹੁਣ ਤੁਸੀਂ ਨਾਰਮਲ ਵਿਅਕਤੀ ਵਾਂਗ ਆਪਣੀ ਜ਼ਿੰਦਗੀ ਗੁਜ਼ਾਰ ਸਕਦੇ ਹੋ। ਪਰ, ਹਰ ਤਿੰਨ ਮਹੀਨੇ ਬਾਅਦ ਇਕ ਵਾਰੀ ਜਨਰਲ ਚੈਕਅਪ ਲਈ ਤੁਹਾਨੂੰ ਹਸਪਤਾਲ ਆਉਣਾ ਪਿਆ ਕਰੇਗਾ।"

ਜਿੰਦਰ ਨੂੰ ਲੱਗਿਆ ਜਿਵੇਂ ਉਹ ਬਹੁਤ ਵੱਡਾ ਮਾਰੂਥਲ ਚੀਰ ਕੇ ਲੰਘਿਆ ਹੋਵੇ। ਲੰਬੇ ਸਮੇਂ ਦੇ ਤਣਾਅ ਵਿਚੋਂ ਲੰਘ ਅੱਜ ਉਹ ਹਲਕਾ ਮਹਿਸੂਸ ਕਰ ਰਿਹਾ ਸੀ। ਬੀਮਾਰੀ ਦੇ ਉਭੜ-ਖਾਬੜ ਸਫ਼ਰ ਨੂੰ ਯਾਦ ਕਰ ਉਸ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਸਨ। ਉਸ ਨੂੰ ਲੱਗਿਆ ਹੁਣ ਸਫ਼ਰ ਦੇ ਔਖੇ ਪੈਂਡੇ ਮੁਕ ਗਏ ਹਨ ਤੇ ਉਹਨਾਂ ਦੀ ਜ਼ਿੰਦਗੀ ਮੁੜ ਪਹਿਲਾਂ ਵਰਗੀ ਲੀਹ 'ਤੇ ਤੁਰ ਪਈ ਐ।

ਜਦੋਂ ਸਿਮਰ, ਜਿੰਦਰ ਕੋਲ ਬੈਠੀ ਹੁੰਦੀ ਤਾਂ ਉਹ ਆਪਣੇ ਉਭਾਰਾਂ ਦੇ ਰਿਮੂਵ ਹੋਣ ਦਾ ਝੋਰਾ ਕਰਦੀ ਹੌਕਾ ਖਿੱਚਦੀ।

"ਤੇਰਾ ਰੋਗ ਕੱਟਿਆ ਗਿਆ। ਸ਼ੁਕਰ ਕਰ ਤੂੰ ਸਹੀ ਸਲਾਮਤ ਐਂ। ਤੈਨੂੰ ਨਵੀਂ ਜ਼ਿੰਦਗੀ ਮਿਲ ਗਈ ਐ। " ਜਿੰਦਰ ਉਹਨੂੰ ਦਿਲਾਸਾ ਦਿੰਦਿਆਂ ਕਹਿੰਦਾ।

"ਮੇਰੇ ਕਰਮਾਂ 'ਚ ਐਡਾ ਵੱਡਾ ਦੁੱਖ ਕਿਉਂ ਲਿਖਿਆ ਸੀ ਭਲਾ?" ਉਸ ਹਰਾਸੇ ਚਿੱਤ ਮਾਯੂਸ ਹੁੰਦਿਆਂ ਕਿਹਾ।

"ਤੇਰੀ 'ਕੱਲੀ ਨੂੰ ਥੋੜੋ ਇਹ ਦੁੱਖ ਆਇਆ। ਹਸਪਤਾਲ 'ਚ ਵਾਰਡਾਂ ਦੇ ਵਾਰਡ ਏਸ ਬੀਮਾਰੀ ਆਲ਼ੇ ਮਰੀਜ਼ਾਂ ਨਾਲ ਭਰੇ ਪਏ ਆ । " ਜਿੰਦਰ ਨੇ ਸਿਮਰ ਦੇ ਮੋਢੇ 'ਤੇ ਹੱਥ ਧਰਦਿਆਂ ਕਿਹਾ। "ਤੂੰ ਸ਼ੁਕਰ ਮਨਾਅ, ਠੀਕ ਹੋ ਗਈ ਏਂ, ਆਪਾਂ ਵਸਦੇ ਰਹਿ ਗਏ ਆਂ। ਨਹੀਂ ਕੋਈ ਟਿਕਾਣਾ ਸੀ ਭਲਾ. . .?" ਜਿੰਦਰ ਨੇ ਸਿਮਰ ਦੇ ਝੋਰੇ ਨੂੰ ਦੂਰ ਕਰਨ ਲਈ ਕਿਹਾ।

"ਧੀਏ, ਤੂੰ ਰਾਜੀ ਖੁਸ਼ੀ ਆਪਣੇ ਬੱਚਿਆਂ 'ਚ ਪਰਤ ਆਈ ਏ, ਤੇਰਾ ਨਮਾਂ ਜਨਮ ਹੋਇਆ। ਜੇ ਕੋਈ ਹਬੀ-ਨਬੀ ਹੋ ਜਾਂਦੀ. . .! ਇਹਨਾਂ ਮਸ਼ੋਰਾਂ ਦਾ ਕੀ ਬਣਦਾ. . .?" ਕੋਲ ਬੈਠੀ ਸਿਮਰ ਦੀ ਮਾਂ ਉਹਦੇ ਸਿਰ 'ਚ ਤੇਲ ਝੱਸਦੀ ਬੋਲੀ। "ਤੇਰੇ ਰੋਗ ਦੀ ਜੜ੍ਹ ਵੱਢੀ ਗਈ ਐ। ਹੁਣ ਕਾਹਦੀ ਚਿੰਤਾ. . .?" ਸਿਮਰ ਨੂੰ ਸਮਝਾਉਂਦੀ ਉਹ ਕਹਿੰਦੀ। "ਅਸੀਂ ਵੀ ਧੀਏ ਵੱਸਦਿਆਂ 'ਚ ਹੋ ਗਏ ਆਂ. . . । ਨਹੀਂ ਸਾਡਾ ਕੋਈ ਟਿਕਾਣਾ ਸੀ? ਤੂੰ ਠੀਕ ਹੋ ਕੇ ਘਰ ਆ ਗਈ ਏ ਤਾਂ ਸਾਨੂੰ ਸੁੱਖ ਦਾ ਸਾਹ ਆਇਆ। ਡੈਡੀ ਤੇਰੇ ਦੀ ਤਾਂ ਰੋਟੀ ਵੀ ਛੁੱਟ ਗਈ ਸੀ. . . । ਤੈਨੂੰ ਨ੍ਹੀ ਪਤਾ, ਧੀਆਂ ਦੇ ਦੁੱਖ ਕਿੰਨ੍ਹੇ ਡਾਢੇ ਹੁੰਦੇ ਆ. . . । "

ਨਹਾਉਂਦੇ ਸਮੇਂ ਜਦੋਂ ਸਿਮਰ ਆਪਣੀ ਦੇਹ ਵੱਲ ਵੇਖਦੀ ਤਾਂ ਉਹਦਾ ਰੋਣ ਨਿਕਲ ਆਉਂਦਾ। ਉਹ ਆਪਣੀ ਹਿੱਕ ਵੇਖ ਝੂਰਦੀ ਰਹਿੰਦੀ।

ਸਿਮਰ ਨੇ ਹੁਣ ਘਰ ਦੇ ਸਾਰੇ ਕੰਮ ਸੰਭਾਲ ਲਏ ਸਨ । ਉਹ ਪੂਰੀ ਤਰ੍ਹਾਂ ਠੀਕ ਮਹਿਸੂਸ ਕਰ ਰਹੀ ਸੀ। ਸਿਮਰ ਦੀ ਤੰਦਰੁਸਤੀ ਵੇਖ ਉਹਦੀ ਮੰਮੀ ਆਪਣੇ ਪਿੰਡ ਜਾਣ ਲਈ ਤਿਆਰ ਹੋ ਗਈ ਸੀ। ਜਾਣ ਤੋਂ ਪਹਿਲਾਂ ਉਹਨੇ ਘਰ ਦੇ ਭਾਰੇ-ਭਾਰੇ ਕੰਮ ਮੁਕਾਅ ਦਿਤੇ ਸਨ। ਤਾਂਕਿ ਸਿਮਰ ਨੂੰ ਭਾਰੇ ਕੰਮ ਨਾ ਕਰਨੇ ਪੈਣ



। ਕੁਝ ਦਿਨ ਹੋਰ ਅਰਾਮ ਮਿਲ ਸਕੇ।

ਤੁਰਨ ਲੱਗੀ ਸਿਮਰ ਦੀ ਮੰਮੀ ਬੋਲੀ, "ਧੀਏ, ਹੌਂਸਲੇ 'ਚ ਰਹਿਣਾ, ਆਪਣੇ ਵੱਲ ਵੇਖ ਕੇ ਐਮੇਂ ਨਾ ਝੂਰੀਂ ਜਾਂਈਂ।" ਆਪਣੇ ਪਿੰਡ ਤੁਰਨ ਲੱਗੀ ਸਿਮਰ ਦੀ ਮੰਮੀ ਨੇ ਕਿਹਾ। ਚਿੰਤਾ 'ਚ ਕੋਈ ਹੋਰ ਰੋਗ ਨਾ ਸਹੇੜ ਲਵੀਂ। ਸ਼ੁਕਰਾਨਾ ਕਰਿਆ ਕਰ ਗੁਰੂ ਮਹਾਰਾਜ ਦਾ . . .। ਜਿਹਨੇ ਜ਼ਿੰਦਗੀ ਬਖਸ਼ੀ ਆ। ਥੋੜ੍ਹਾ ਠੀਕ ਹੋ ਕੇ ਗੋਸਲੀਂ ਆਇਓ, ਮੈਂ 'ਰਾਜਾ ਸਾਬ' ਦੇ ਤੇਰਾ ਮੱਥਾ ਟਿਕਾਉਣਾ ਸੁਖਿਆ ਹੋਇਆ. . .।" ਸਿਮਰ ਦੇ ਸਿਰ 'ਤੇ ਹੱਥ ਫੇਰਦਿਆਂ ਉਸ ਫਿਰ ਕਿਹਾ,"ਲੰਮੀਆਂ ਉਮਰਾਂ ਮਾਣੋ ਤੁਸੀਂ। ਤੁਹਾਡੇ ਵੱਲੋਂ ਸੁੱਖ ਦੇ ਸੁਨੇਹੇ ਆਉਣ। ਮੇਰੀ ਧੀ ਨੇ ਘਬਰਾਉਣਾ ਨ੍ਹੀ ਹੁਣ. . .।" ਉਸ, ਸਿਮਰ ਨੂੰ ਆਪਣੀ ਹਿੱਕ ਨਾਲ ਜੋਰ ਦੀ ਘੁੱਟ ਲਿਆ ਸੀ। ਨਾ ਚਾਹੁੰਦਿਆਂ ਵੀ ਸਿਮਰ ਦੇ ਹੰਝੂ ਰੀਂਘ ਪਏ ਸਨ। ਉਸ ਦੀ ਮੰਮੀ ਨੇ ਹੰਝੂ ਪੂੰਝ ਉਹਦਾ ਮੱਥਾ ਚੁੰਮਿਆ।

ਜਦੋਂ ਜਿੰਦਰ, ਸਿਮਰ ਵੱਲ ਵੇਖਦਾ ਤਾਂ ਸਿਮਰ ਦਾ ਹਿੱਕ-ਰਹਿਤ ਵਜੂਦ ਉਹਦੇ ਜ਼ਿਹਨ ਵਿੱਚ ਖਲਬਲੀ ਮਚਾਅ ਦਿੰਦਾ। ਉਹਦੇ ਅੰਦਰ ਤੂਫ਼ਾਨ ਝੁਲ ਜਾਂਦਾ। ਵਿਚੋਂ-ਵਿੱਚ ਰਿੱਝਦਾ ਉਹ ਕੰਧਾਂ 'ਚ ਮੁਕੀਆਂ ਮਾਰਦਾ। ਬੁੱਝ ਜਿਹਾ ਜਾਂਦਾ। ਮੱਥੇ ਕੁਝ ਟੱਸ ਟੱਸ ਵੱਜਣ ਲਗਦਾ। ਬੇਵਸੀ ਵਿਚ ਉਹ ਉਦਾਸ ਹੋ ਜਾਂਦਾ।

ਉਹਨੂੰ ਸਿਮਰ ਦਾ ਨਹੀਂ, ਆਪਣਾ ਕੋਈ ਅੰਗ ਕੱਟਿਆ ਗਿਆ ਲੱਗਦਾ। ਉਹ ਠਗਿਆ ਜਿਹਾ ਮਹਿਸੂਸ ਕਰਦਾ। ਸਿਮਰ ਦੀ ਦੇਹ ਵਿਚ ਪਿਆ ਕੱਜ ਜਿੰਦਰ ਦੀਆਂ ਅੱਖਾਂ ਵਿਚ ਤ੍ਰਿਸ਼ੂਲ ਵਾਂਗ ਗੱਡਿਆ ਜਾਂਦਾ। ਉਹ ਉਬਲਦਾ । ਬੇਵਸ । ਲਾਚਾਰ। ਕੁਝ ਗੁਆਚ ਜਾਣ ਵਾਂਗ ਮਹਿਸੂਸ ਕਰਦਾ। ਘਰ ਦੇ ਹਨੇਰਿਆਂ ਖੂੰਜਿਆਂ ਚੋਂ ਡੋਲ਼ੀ ਚੋਂ ਉਤਰੀ ਸਿਮਰ ਨੂੰ ਭਾਲਦਾ ਹੰਭ ਜਾਂਦਾ। ਸਿਮਰ ਸਾਹਮਣੇ ਹੁੰਦੀ ਉਹ ਅੱਖਾਂ ਮੁੰਦ ਲੈਂਦਾ।

ਸਿਮਰ ਨਾਲ ਖੇਡੀਆਂ ਖੇਡਾਂ ਦਾ ਛਿੰਨ-ਭੰਗਰਾ ਅਹਿਸਾਸ ਹੀ ਉਹਨੂੰ ਬੁਰੀ ਤਰ੍ਹਾਂ ਪੱਛ ਸੁੱਟਦਾ। ਉਹਦੇ ਅੰਗ-ਅੰਗ ਅੰਗਿਆਰ ਬਲ ਉਠਦੇ। ਉਹਦੇ ਚੇਤਿਆਂ ਵਿਚ ਬੀਤਿਆ ਬਹੁਤ ਕੁਝ ਥੋਹਰ ਬਣ ਉੱਗ ਪੈਂਦਾ।

"ਮੈਥੋਂ ਐਨਾ ਦੂਰ ਕਿਉਂ ਬੈਠੀ ਏ. . .? ਬੇਗਾਨਾ ਆਂ ਮੈਂ. . .?" ਕਿਧਰੇ ਜਾਣ ਸਮੇਂ ਮੋਟਰ ਸਾਈਕਲ ਦੇ ਪਿੱਛੇ ਬੈਠੀ ਸਿਮਰ ਨੂੰ ਉਹ ਖਿੱਝ ਕੇ ਕਿਹਾ ਕਰਦਾ ਸੀ। "ਨੇੜੇ ਹੋ ਕੇ ਬੈਠ ਨਾ. . .।" ਇਕ ਹੱਥ ਨਾਲ ਉਹਨੂੰ ਆਪਣੇ ਨੇੜੇ ਖਿੱਚਦਾ ।

"ਮੈਂ ਦੂਰ ਈ ਠੀਕ ਆਂ. . . ਕੋਈ ਦੇਖੂ ਤਾਂ ਕੀ ਆਖੂ. . .?" ਸਿਮਰ ਲੱਜਾ 'ਚ ਭਿਜਦੀ।

"ਲੋਕਾਂ ਦੀ ਛੱਡ। ਤੂੰ ਨਾਲ ਲੱਗ ਕੇ ਬੈਠ। ਪਤਾ ਲੱਗੇ, ਕਿ ਤੂੰ ਮੇਰੀ ਪਤਨੀ ਐਂ. . .।" ਉਹ ਸਿਮਰ ਦੀ ਦੇਹ ਵਿਚੋਂ ਅੰਗਿਆਰ ਭਾਲਣਾ ਚਾਹੁੰਦਾ, ਇਕ ਵਾਰ ਨ੍ਹੀਂ, ਹਰ ਵਾਰ ਜਦੋਂ ਸਿਮਰ ਉਹਦੇ ਨੇੜੇ ਬੈਠੀ ਹੁੰਦੀ। ਘਰ ਬੈਠੀ ਹੋਵੇ ਜਾਂ ਮੋਟਰ ਸਾਈਕਲ 'ਤੇ।

"ਅੱਛਾ ਜੀ, ਫੇਅ ਬੈਠ ਜਾਨੀ ਆਂ।" ਸਿਮਰ ਆਦਤ ਅਨੁਸਾਰ ਪਹਿਲਾਂ ਜਿੰਦਰ ਨੂੰ ਥੋੜ੍ਹਾ ਖਿਝਾ ਦਿੰਦੀ ਫਿਰ ਕੁਝ ਸਮੇਂ ਬਾਅਦ ਉਹਦੇ ਨੇੜੇ ਖਿਸਕਦੀ ਹੱਸਦੀ ਆਖਦੀ, "ਜੇ ਬੰਦਾ ਖੁਸ਼ ਐ , ਤਾਂ ਰੱਬ ਵੀ ਖੁਸ਼।" ਆਖਦਿਆਂ ਉਹ ਆਪਣੀ ਸੱਜੀ ਬਾਂਹ ਜਿੰਦਰ ਦੇ ਦੁਆਲੇ ਵਲ਼ ਲੈਂਦੀ ਸੀ। "ਕਿਉਂ—? ਹੁਣ ਠੀਕ ਹੈ ?" ਬਾਂਹ ਨੂੰ ਕੱਸ ਉਹ ਨਖਰੇ ਨਾਲ ਮੁਸਕਰਾ ਕੇ ਕਹਿੰਦੀ।

"ਪਹਿਲਾਂ ਈ ਏਦਾਂ ਬੈਠ ਜਿਆ ਕਰ. . .।"

"ਤੁਸੀਂ ਤਾਂ ਕਹਿੰਦੇ ਓ, ਹਰ ਵੇਲੇ ਮੈਂ ਤੁਹਾਨੂੰ ਈ ਚਿੰਬੜੀ ਰਹਾਂ. . .।"

"ਆਖਰ ਪਤੀ-ਪਤਨੀ ਆਂ ਯਾਰ। ਬੇਗਾਨੀ ਥੋੜੋਂ ਐਂ ਤੂੰ . . .।" ਆਖਦਿਆਂ ਜਿੰਦਰ ਮੋਟਰ

ਸਾਈਕਲ ਚਲਾਉਂਦਿਆਂ ਪਿਛਾਂਹ ਸਿਮਰ 'ਤੇ ਉਲਰਦਾ।

"ਮੋਟਰ ਸਾਈਕਲ ਚਲਾਉਣ 'ਚ ਧਿਆਨ ਰੱਖੋ ਜਨਾਬ। ਵਾਪਸ ਘਰ ਵੀ ਜਾਣਾ। ਟ੍ਰੈਫ਼ਿਕ ਬਹੁਤ ਐ. . .।" ਸਿਮਰ ਝਿੜਕਣ ਵਾਂਗ ਕਹਿੰਦੀ। ਜਿੰਦਰ ਆਪਣਾ ਇੱਕ ਹੱਥ ਸਿਮਰ ਦੀ ਬਾਂਹ 'ਤੇ ਫੇਰਨ ਲੱਗ ਜਾਂਦਾ।

ਘਰ ਵਿੱਚ ਜਿੰਦਰ ਅੱਜੀਂ-ਪੱਜੀਂ ਸਿਮਰ ਦੇ ਨਾਜ਼ੁਕ ਅੰਗਾਂ ਨੂੰ ਛੂਣ ਦਾ ਯਤਨ ਕਰਦਾ। ਜਦੋਂ ਉਹ ਇੱਕਲੀ ਹੁੰਦੀ, ਆਨੇ-ਬਹਾਨੇ ਸਰਕਦਾ ਸਿਮਰ ਦੇ ਦੁਆਲ਼ੇ ਮੰਡਰਾਉਣ ਲੱਗ ਜਾਂਦਾ। ਸਿਮਰ ਨੂੰ ਦੇਖਦਾ ਹੀ ਉਹ ਪਿਘਲਣ ਲਗਦਾ। ਵਰੋਲ਼ੇ ਵਾਂਗ ਉਹਦੇ ਦੁਆਲ਼ੇ ਉਡਦਾ। ਸਿਮਰ ਹਲਕਾ ਜਿਹਾ ਵਿਰੋਧ ਕਰਦੀ । ਪਰ ਉਹ ਆਪਣੀ ਜ਼ਿੱਦ ਪੁਗਾਅ ਕੇ ਹੀ ਸਾਹ ਲੈਂਦਾ।

"ਮੈਂ ਕਪੜੇ ਬਦਲ ਲਵਾਂ, ਤੁਸੀਂ ਦੂਸਰੇ ਕਮਰੇ ਵਿੱਚ ਚਲੇ ਜਾਓ।" ਕਿਤੇ ਜਾਣ ਲਈ ਤਿਆਰ ਹੋਣ ਤੋਂ ਪਹਿਲਾਂ ਉਹ ਜਿੰਦਰ ਨੂੰ ਕਹਿੰਦੀ।

"ਕਿਉਂ—? ਨਹੀਂ ਜਾਂਦਾ। ਕੋਈ ਓਪਰਾ ਆਂ ਮੈਂ?" ਉਹ ਸ਼ਰਾਰਤ ਨਾਲ ਕਹਿੰਦਾ ਤੇ ਨਿੱਠ ਕੇ ਬੈਠ ਜਾਂਦਾ।

"ਜਾਓ ਵੀ ਨਾ—।" ਸਿਮਰ, ਜਿੰਦਰ ਨੂੰ ਦੂਸਰੇ ਕਮਰੇ ਵੱਲ ਧੱਕ ਦਿੰਦੀ ਤੇ ਬੈੱਡਰੂਮ ਦਾ ਦਰਵਾਜ਼ਾ ਢੋਅ ਲੈਂਦੀ। ਜਿੰਦਰ ਭਾਵੇਂ ਦੂਸਰੇ ਕਮਰੇ 'ਚ ਆ ਜਾਂਦਾ ਪਰ ਉਹ ਆਪਣੀ ਸੁਤਾ ਰਾਹੀਂ ਸਿਮਰ ਨੂੰ ਆਪਣੇ ਸਾਹਮਣੇ ਕਪੜੇ ਬਦਲਦੀ ਵੇਖ ਕਿਆਸਦਾ ।

"ਚਲੋ ਜੀ, ਚੱਲੀਏ।" ਕੁਝ ਸਮੇਂ ਬਾਅਦ ਸਿਮਰ ਪੂਰੀ ਤਰ੍ਹਾਂ ਤਿਆਰ ਹੋ ਬਾਂਹ 'ਚ ਪਰਸ ਲਮਕਾਅ ਜਿੰਦਰ ਦੇ ਸਾਹਮਣੇ ਆ ਖੜ੍ਹਦੀ। ਉਹ ਸਿਮਰ ਦੇ ਡੁੱਲ੍ਹਦੇ ਜੋਬਨ ਨੂੰ ਵੇਖ ਪਿਘਲ ਜਾਂਦਾ।

"ਐਨੀ ਸਜੀ-ਫਬੀ ਨੂੰ ਵੇਖ ਆਪਣੇ-ਆਪ 'ਤੇ ਕਿਵੇਂ ਕਾਬੂ ਰੱਖਾਂ?" ਜਿੰਦਰ ਦੀ ਨਜ਼ਰ ਉਹਦੇ ਡੁੱਲ੍ਹਦੇ ਉਭਾਰਾਂ 'ਤੇ ਅਟਕ ਜਾਂਦੀ। ਉਹ ਭਾਵੁਕ ਹੋ ਸਿਮਰ ਨੂੰ ਖਿੱਚ ਆਪਣੀਆਂ ਮਜ਼ਬੂਤ ਬਾਹਾਂ ਵਿਚ ਜਕੜ ਲੈਂਦਾ। ਉਹਦੇ ਅੰਗ-ਅੰਗ ਕਾਮੁਕ ਵਰੋਲ਼ੇ ਝੁਲ ਜਾਂਦੇ।

"ਜਾਓ ਪਰ੍ਹਾਂ—- ਮੇਰੇ ਸਾਰੇ ਕਪੜੇ ਉੱਘੜ-ਦੁੱਘੜ ਕਰ ਦਿਤੇ ਆ।" ਪਲ ਕੁ ਮਗਰੋਂ ਉਹਨੂੰ ਪਰ੍ਹਾਂ ਨੂੰ ਧੱਕਦੀ ਸਿਮਰ ਆਖਦੀ।

ਹੁਣ ਤਾਂ ਉਹਦੀ ਹਿੱਕ ਵੱਲ ਵੇਖ ਉਹਨੂੰ ਭੈਅ ਆਉਂਦਾ। ਦੇਹ ਵਿਚ ਆਰੀਆਂ ਫਿਰ ਜਾਂਦੀਆਂ। ਉਹ ਐਂ ਤੜਫਦਾ ਜਿਵੇਂ ਕੋਈ ਅੰਗਿਆਰਾਂ 'ਤੇ ਪਿਆ ਤੜਫ਼ ਰਿਹਾ ਹੋਵੇ। ਉਹਨੂੰ ਆਪਣੀਆਂ ਮੂੰਹ ਜ਼ੋਰ ਕਾਮਨਾਵਾਂ ਹਮੇਸ਼ਾ ਲਈ ਦਫ਼ਨ ਹੋ ਗਈਆਂ ਲਗਦੀਆਂ।

ਬ੍ਰੈਸਟ ਰਿਮੂਵ ਹੋਣ ਤੋਂ ਬਾਅਦ ਸਿਮਰ ਹੈਵੀ ਪੈਡ ਵਾਲੀ ਬਰਾ ਪਹਿਨਣ ਲੱਗ ਪਈ ਸੀ। ਅਣਜਾਣ ਨੂੰ ਉਹਦੇ ਰਿਮੂਵ ਕੀਤੇ ਉਭਾਰਾਂ ਦਾ ਪਤਾ ਨਾ ਲਗਦਾ। ਪਰ ਜਿੰਦਰ ਦੀ ਅੱਖ ਨੂੰ ਇਹ ਬਨਾਉਟੀਪਨ ਭਾਉਂਦਾ ਨਾ। ਉਹ ਪਲਕ ਮਾਤਰ ਵੀ ਉਹਨਾਂ ਵੱਲ ਨਾ ਝਾਕਦਾ। ਨਾ ਹੀ ਕਦੀ ਉਸ, ਉਹਨਾਂ ਨੂੰ ਛੂਹਿਆ ਹੀ ਸੀ। ਉਹਦੀਆਂ ਅੱਖਾਂ ਸਾਹਵੇਂ ਤਾਂ ਸੱਜ-ਵਿਆਹੀ ਸਿਮਰ ਦੀ ਡੁੱਲ੍ਹਦੀ ਛਾਤੀ ਆ ਖੜ੍ਹਦੀ। ਜਿਨ੍ਹਾਂ 'ਚ ਉਹ ਅਕਸਰ ਗੁਆਚ ਜਾਇਆ ਕਰਦਾ ਸੀ। ਵਿਆਹ ਤੋਂ ਬਾਅਦ ਬੇਪ੍ਰਵਾਹ ਹੋ ਕੇ ਖਿਚਵਾਈਆਂ ਤਸਵੀਰਾਂ ਨੂੰ ਹੁਣ ਉਹ ਵਾਰ-ਵਾਰ ਵੇਖਦਾ। ਝੂਰਦਾ। ਤੜਫ਼ਦਾ। ਕਲ਼ਪਦਾ। ਨਿਢਾਲ ਹੋ ਜਾਦਾ।

ਮੋਟਰ ਸਾਈਕਲ 'ਤੇ ਜਾਂਦਿਆਂ ਹੁਣ ਕਦੀ ਵੀ ਉਹਨੇ ਸਿਮਰ ਨੂੰ ਨੇੜੇ ਹੋ ਕੇ ਬੈਠਣ ਲਈ ਨਹੀਂ ਸੀ ਕਿਹਾ। ਨਾ ਹੀ ਉਹ ਕਦੀ ਪਿਛਾਂਹ ਸਿਮਰ 'ਤੇ ਉਲਰਦਾ ਸੀ।

"ਤੁਸੀਂ ਹੁਣ ਮੈਨੂੰ ਨੇੜੇ ਹੋ ਕੇ ਬੈਠਣ ਲਈ ਨਹੀਂ ਕਹਿੰਦੇ?" ਸਿਮਰ ਤੜਪ ਕੇ ਜਿੰਦਰ ਨੂੰ ਪੁੱਛਦੀ।



"ਤੂੰ ਆਪ ਈ ਕਿਹਾ ਸੀ ਕਿ ਲੋਕ ਕੀ ਸੋਚਣਗੇ. . .?" ਉਹ ਰੁੱਖਾ ਬੋਲਦਾ। ਸਿਮਰ ਚੁੱਪ ਕਰ ਜਾਂਦੀ। ਸਿਮਰ ਸਹਿਜੇ ਜਿਹੇ ਉਹਦੇ ਲਾਗੇ ਖਿਸਕ ਜਾਂਦੀ । ਉਹ ਸੋਚਦੀ, 'ਪਲ ਭਰ ਦੀ ਦੂਰੀ ਬਰਦਾਸ਼ਤ ਨਾ ਕਰਨ ਵਾਲਾ ਜਿੰਦਰ ਇਕ ਹਾਦਸੇ ਨਾਲ ਈ ਕਿੰਨੀ ਦੂਰ ਹੋ ਗਿਆ?' ਸਿਮਰ ਦੇ ਬਲ਼-ਬਲ਼ ਉਠਦੀਆਂ। ਉਹ ਕਰੋਧ 'ਚ ਮੱਚਣਾ ਚਾਹੁੰਦੀ। ਪਰ ਬੇਵਸ ਹੋ ਸ਼ਾਂਤ ਰਹਿੰਦੀ।

ਸਿਮਰ ਨੇ ਜਿੰਦਰ ਨੂੰ ਕਦੀ ਕਰੋਧ ਵਿਚ ਨਹੀਂ ਸੀ ਦੇਖਿਆ। ਪਰ ਹੁਣ ਬਿਨ੍ਹਾਂ ਕਾਰਨ ਖਿੱਝ ਕੇ ਛੱਤਣੀ ਜਾ ਲਗਦਾ। ਬੱਚਿਆਂ ਨੂੰ ਟੁੱਟ-ਟੁੱਟ ਕੇ ਪੈਂਦਾ। ਚੀਜ਼ਾਂ ਚੁੱਕ-ਚੁੱਕ ਮਾਰਦਾ। ਇਹ ਵੇਖ ਸਿਮਰ ਨੂੰ ਘਬਰਾਹਟ ਹੋਣ ਲਗਦੀ। ਸਿਮਰ ਨਾਲ ਨਿੱਕੀਆਂ ਨਿੱਕੀਆਂ ਗੱਲਾਂ ਕਰਨੀਆਂ ਜਿੰਦਰ ਨੂੰ ਹੁਣ ਵਿਸਰ ਹੀ ਗਈਆਂ ਸਨ। ਜਿੰਦਰ ਘਰ ਹੁੰਦਾ ਹੋਇਆ ਵੀ ਘਰੋਂ ਗੈਰ-ਹਾਜ਼ਿਰ ਜਾਪਦਾ। ਛੁੱਟੀ ਹੁੰਦੀ ਤਾਂ ਚੁਪੀਤੇ ਘਰੋਂ ਨਿਕਲ ਜਾਂਦਾ। ਸਿਮਰ ਇਕੱਲ ਮਹਿਸੂਸ ਕਰਦੀ ਅੰਤਾਂ ਦੀ ਉਦਾਸ ਹੋ ਜਾਂਦੀ। ਜਿੰਦਰ ਦੀ ਸਾਧੀ ਚੁੱਪ ਨਾਲ ਸਿਮਰ ਨੂੰ ਆਪਣਾ ਦਮ ਘੁੱਟਦਾ ਲਗਦਾ।

ਸਿਮਰ ਨੂੰ ਸਜੀ-ਫਬੀ ਵੇਖ ਹੁਣ ਜਿੰਦਰ ਬੇਕਾਬੂ ਨਾ ਹੁੰਦਾ। ਨਾ ਹੀ ਪਿਘਲਦਾ। ਨਾ ਰੁਮਾਂਟਿਕ ਸ਼ਰਾਰਤਾਂ ਕਰਦਾ। ਨਾ ਉਹਦੇ ਹੱਥਾਂ 'ਚ ਵਰੋਲ਼ੇ ਉਡਦੇ। ਸਹਿਜ ਰਹਿੰਦਾ । ਚੁੱਪ-ਚਾਪ। ਗੰਭੀਰ ਜਿਹਾ। ਦੋਂਹਾਂ ਦੇ ਹੁੰਦਿਆਂ ਵੀ ਘਰ 'ਚ ਸੁੰਨ ਪਸਰੀ ਰਹਿੰਦੀ। ਉਹਨਾਂ ਵਿਚਕਾਰ ਲੰਮਾ ਸੰਵਾਦ ਨਾ ਹੁੰਦਾ। ਗੱਲ ਹਾਂ-ਹੂੰ ਤੱਕ ਹੀ ਰਹਿੰਦੀ। ਉਹ ਸਿਮਰ ਤੋਂ ਦੂਰ ਰਹਿਣ ਦਾ ਯਤਨ ਕਰਦਾ। ਦਫ਼ਤਰੋਂ ਆ ਜਿੰਦਰ, ਸਿਮਰ ਨੂੰ ਦੱਸੇ ਬਿਨ੍ਹਾਂ ਬਾਹਰ ਚਲੇ ਜਾਂਦਾ । ਬੱਚੇ ਵੇਲੇ ਸਿਰ ਸੌਂ ਜਾਂਦੇ। ਸਿਮਰ ਨੂੰ ਸੁੰਨ੍ਹੇ ਘਰ 'ਚੋਂ ਭੈਅ ਆਉਂਦਾ। ਉਹ ਜਿੰਦਰ ਨੂੰ ਉਡੀਕਦੀ ਕੰਧਾਂ ਵੱਲ ਵੇਖ-ਵੇਖ ਝੂਰਦੀ ਰਹਿੰਦੀ। ਜਿੰਦਰ ਗਹਿਰਾ ਹਨੇਰਾ ਹੋਣ 'ਤੇ ਹੀ ਘਰ ਪਰਤਦਾ।

ਰਾਤ ਸਮੇਂ ਸਿਮਰ ਦੀ ਦੇਹ ਚੋਂ ਸੇਕ ਲੱਭਦੀ ਜਿੰਦਰ ਦੇ ਮੱਥੇ ਚੋਂ ਉਮਡੀ ਹਨੇਰੀ ਚੁਪੀਤੇ ਉਹਨਾਂ ਦੇ ਨਾਲ ਖਹਿ ਕੇ ਲੰਘ ਜਾਂਦੀ। ਰਾਤ ਅਤੇ ਚੁੱਪ ਦੋਹਾਂ ਦੁਆਲੇ ਤਣ ਜਾਂਦੀ। ਜਿੰਦਰ ਦੇ ਹੱਥ ਨਿੱਸਲ ਤੇ ਬੇਹਰਕਤ ਹੀ ਰਹਿੰਦੇ।

"ਤੁਸੀਂ ਖੁਸ਼ ਨਹੀਂ ਹੋ? ਨਰਾਜ਼ਗੀ ਜਾਣ ਸਕਦੀ ਆਂ? " ਹਨੇਰੀ ਸ਼ਾਂਤ ਹੁੰਦੀ। ਸਿਮਰ ਜੇਰਾ ਕਰਕੇ ਪੁੱਛਦੀ।

"ਕਾਹਦੀ ਨਰਾਜ਼ਗੀ . . .? ਬਸ. . . ਹਾਲਾਤ ਨਾਲ ਸਮਝੌਤਾ ਐ. . .।" ਉਸ ਇੱਟ ਵਰਗੇ ਬੋਲ ਸਿਮਰ ਦੀ ਹਿੱਕ ਵਿਚ ਮਾਰੇ। ਰੁੱਖੇ ਬੋਲ ਸੁਣ ਸਿਮਰ ਨੂੰ ਲਗਦਾ, ਜਿੰਦਰ ਨਹੀਂ ਕੋਈ ਹੋਰ ਬੋਲ ਰਿਹਾ ਏ।

"ਕੀ ਗਲ਼ਤੀ ਐ ਮੇਰੀ?" ਸਿਮਰ ਰੋਣਹਾਕੀ ਹੋ ਪੁੱਛਦੀ।

"ਜਦੋਂ ਸਾਲ਼ੀ ਤਕਦੀਰ ਈ ਸੌਂਕਣ ਬਣ ਜਾਏ, ਫੇਰ ਕੀਹਨੂੰ ਦੋਸ਼ ਦਿਆਂ?" ਜਿੰਦਰ ਦੇ ਤਲਖ਼ ਬੋਲ ਚੁੱਪ ਰਾਤ ਨੂੰ ਚੀਰ ਗਏ। ਸਿਮਰ ਦੇ ਕਾਲਜਿਓਂ ਰੁੱਗ ਭਰੇ ਗਏ। ਉਸ ਪੀੜ੍ਹਤ ਹੌਕਾ ਲਿਆ। ਤਣਾਓ ਨਾਲ ਭਰੀ ਉਹ ਚੁੱਪ ਹੋ ਜਾਂਦੀ। ਉਸ ਦੇ ਨੈਣ ਸਲ੍ਹਾਬੇ ਜਾਂਦੇ।

ਦਫ਼ਤਰ ਜਾਂ ਬਜ਼ਾਰ ਜਾਂਦਿਆਂ ਜਦੋਂ ਉਹ ਅਲੜ੍ਹ ਮੁਟਿਆਰਾਂ ਵੱਲ ਵੇਖਦਾ ਤਾਂ ਉਹਦੇ ਅੰਦਰ ਅੱਗ ਮੱਚਣ ਲਗਦੀ। ਕੋਈ ਅਚਵੀ ਉਹਦੀ ਦੇਹ ਨੂੰ ਨੋਚ ਸੁੱਟਦੀ। ਉਹਦੇ ਖ਼ਰਖ਼ਰੇ ਵਜੂਦ ਅੰਦਰ ਕੋਈ ਅੰਗਿਆਰੀ ਧੁੱਖ ਪੈਂਦੀ।

ਆਪਣੇ ਦਫ਼ਤਰ ਦੀ ਕੰਪਿਊਟਰ ਅਪਰੇਟਰ ਰਿਤੂ ਵੱਲ ਪਹਿਲਾਂ ਕਦੀ ਉਸ ਨੇ ਨੀਝ ਨਾਲ ਤੱਕਿਆ ਹੀ ਨਹੀਂ ਸੀ। ਹੁਣ ਵਾਰ-ਵਾਰ ਉਹਦੀ ਨਜ਼ਰ ਰਿਤੂ ਵੱਲ ਜਾਂਦੀ। ਰਿਤੂ ਦੀ ਚੜ੍ਹਦੀ ਉਮਰ, ਤਰਾਸ਼ੇ ਨਕਸ਼, ਗੁੰਦਵਾਂ ਸਰੀਰ, ਡੁੱਲਦੀ ਛਾਤੀ। ਛੀਟਕਾ ਬਦਨ। ਪਤਲੇ ਬੁੱਲ੍ਹ। ਮੁੱਠੀ ਭਰ ਕਮਰ। ਰਿਤੂ ਨੂੰ ਵੇਖਦਾ ਉਹ ਆਪਣੀ ਸੁੱਧ-ਬੁੱਧ ਭੁੱਲ ਜਾਂਦਾ । ਉਹਦੀ ਦੇਹ ਭੱਠੀ ਵਾਂਗ ਤੱਪਣ ਲਗੀ। ਵਜੂਦ ਵਿੱਚ

ਕਾਮੁਕ ਹਨੇਰੀ ਸ਼ੂਕ ਪੈਂਦੀ । ਰਿਤੂ ਬੜੀ ਚੱਕਵੀਂ ਕੁੜੀ ਸੀ। ਜਿੰਦਰ ਨੂੰ ਰਿਤੂ, ਵਜੂਦ ਦੀ ਥਾਂ ਅੱਗ ਤੁਰੀ ਫਿਰਦੀ ਨਜ਼ਰ ਆਉਂਦੀ।

"ਬੈਠ ਜਾਓ. . .।" ਜਦੋਂ ਕੋਈ ਫਾਈਲ ਜਿੰਦਰ ਕੋਲ ਲੈ ਕੇ ਆਉਂਦੀ ਤਾਂ ਉਹ, ਰਿਤੂ ਨੂੰ ਝੱਟ ਕੁਰਸੀ ਖਿੱਚ ਕਹਿੰਦਾ।

ਰਿਤੂ ਬੈਠ ਜਾਂਦੀ। ਜਿੰਦਰ ਨੂੰ ਸੰਘਣੀ ਖੁਸ਼ਬੋ ਦੀ ਹਨੇਰੀ ਆਪਣੇ ਆਲੇ-ਦੁਆਲੇ ਝੁਲ ਗਈ ਲਗਦੀ। ਉਹ ਰਿਤੂ ਦੀ ਗੱਲ ਨੂੰ ਲਮਕਾਉਂਦਾ ਤਾਂ ਕਿ ਉਹ ਜ਼ਿਆਦਾ ਸਮਾਂ ਉਹਦੇ ਕੋਲ ਬੈਠੀ ਰਹੇ। ਜਿੰਦਰ ਦੀ ਨਜ਼ਰ ਫ਼ਾਈਲ 'ਤੇ ਨਹੀਂ, ਰਿਤੂ ਦੇ ਅੰਗਾਂ 'ਤੇ ਤਰਦੀ।

ਜਦੋਂ ਰਿਤੂ ਟੀ-ਸ਼ਰਟ ਤੇ ਜੀਨ ਪਾ ਕੇ ਦਫ਼ਤਰ ਆਉਂਦੀ, ਤਾਂ ਜਿੰਦਰ ਉਹਦਾ ਡੁੱਲ੍ਹਦਾ ਜੋਬਨ ਦੇਖਦਾ ਪਿਘਲ ਜਾਂਦਾ। ਉਸ ਦਾ ਸਬਰ ਟੁੱਟਦਾ। ਅੱਖਾਂ ਵਾਰ-ਵਾਰ ਰਿਤੂ ਦਾ ਪਿੱਛਾ ਕਰਦੀਆਂ। ਉਹ ਰਿਤੂ ਦੀ ਮੇਜ਼ 'ਤੇ ਜਾਣ ਦਾ ਬਹਾਨਾ ਲੱਭਦਾ। ਕਿਸੇ ਕੰਮ ਦੇ ਪੱਜ ਰਿਤੂ ਦੇ ਸਾਹਮਣੇ ਜਾ ਬੈਠਦਾ। ਟਿਕਟਿਕੀ ਲਗਾ ਉਹਦੇ ਅੰਗ-ਅੰਗ ਨੂੰ ਨਿਹਾਰਦਾ। ਉਹਨੂੰ ਕੋਈ ਅਲੌਕਿਕ ਅਨੁਭਵ ਹੁੰਦਾ।

ਕੋਈ ਸਮਾਂ ਸੀ ਜਦੋਂ ਜਿੰਦਰ ਛੁੱਟੀ ਤੋਂ ਪਹਿਲਾਂ ਹੀ ਘਰ ਨੂੰ ਵੱਗ ਤੁਰਦਾ ਸੀ। ਪਰ ਹੁਣ ਛੁੱਟੀ ਹੋਣ 'ਤੇ ਵੀ ਉਹ ਦਫ਼ਤਰ 'ਚ ਬੈਠਾ ਰਹਿੰਦਾ।

ਉਹ ਰਿਤੂ ਨਾਲ ਨੇੜਤਾ ਵਧਾਉਣ ਦਾ ਯਤਨ ਕਰਨ ਲੱਗਾ। ਰਿਤੂ ਹਰ ਰੋਜ਼ ਨਵੇਂ ਤੋਂ ਨਵਾਂ ਪਹਿਰਾਵਾ ਪਾ ਕੇ ਆਉਂਦੀ। ਉਹ ਹਰ ਰੋਜ਼ ਉਸ ਦੇ ਪਹਿਰਾਵੇ ਦੀ ਸਿਫ਼ਤ ਕਰਦਾ। ਜਿੰਦਰ ਦਿਨੋ-ਦਿਨ ਉਸ ਵੱਲ ਖਿੱਚਿਆ ਜਾ ਰਿਹਾ ਸੀ। ਉਹਦਾ ਕੁਆਰਾ ਜੋਬਨ ਵੇਖ ਜਿੰਦਰ ਦੇ ਜ਼ਿਹਨ ਵਿਚ ਸੱਜ-ਵਿਆਹੀ ਸਿਮਰ ਜਾਗ ਉੱਠਦੀ। ਮਨ ਆਪ-ਮੁਹਾਰਾ ਬੇਕਾਬੂ ਹੋਈ ਜਾਂਦਾ। ਦਫ਼ਤਰ ਵਿਚ ਉਸ ਦੀਆਂ ਨਜ਼ਰਾਂ ਰਿਤੂ ਦਾ ਪਿੱਛਾ ਕਰਦੀਆਂ ਰਹਿੰਦੀਆਂ।

'ਉਹ ਭਾਗਾਂ ਵਾਲਾ ਈ ਹਊ , ਜਿਹਦੀ ਫੁੱਲਾਂ ਆਲ਼ੀ ਕਾਰ 'ਚ ਇਹ ਬੈਠੂ ।' ਰਿਤੂ ਵੱਲ ਵੇਖ ਜਿੰਦਰ ਲੰਮਾ ਹਉਕਾ ਲੈ ਸੋਚਦਾ।

ਸਿਮਰ ਨੂੰ ਮਾਣਨ ਸਮੇਂ ਹੁਣ ਉਹ ਰੁੱਖਾ ਜਿਹਾ ਵਿਚਰਦਾ। ਚੁੱਪ-ਚਾਪ ਬਿਸਤਰ 'ਤੇ ਦੂਜੇ ਪਾਸੇ ਨੂੰ ਟੇਢਾ ਹੋ ਸੌਂ ਜਾਂਦਾ। ਸਿਮਰ ਹਨੇਰੇ ਵਿਚ ਛੱਤ ਵੱਲ ਵੇਖ ਤਣਾਓ ਨਾਲ ਭਰ ਜਾਂਦੀ। ਉਹਦੀਆਂ ਅੱਖਾਂ ਵਿਚ ਨੀਂਦ ਨਹੀਂ ਪਾਣੀ ਸਿਮ ਆਉਂਦਾ। ਆਪਣੇ ਰੂਪ ਵਿਚ ਪਏ ਕੱਜ ਵੱਲ ਵੇਖ ਉਹ ਝੂਰਦੀ। ਨੇੜੇ ਹੁੰਦਿਆਂ ਵੀ ਜਿੰਦਰ ਹੁਣ ਉਹਨੂੰ ਕੋਹਾਂ ਦੂਰ ਜਾਪਦਾ । ਉਸ ਦੀਆਂ ਸੋਚਾਂ ਸਵੇਰ ਦੇ ਚਾਨਣ ਨਾਲ ਟੁੱਟਦੀਆਂ।

ਬੀਤਿਆਂ ਸਮਾਂ ਸਿਮਰ ਦੇ ਮੱਥੇ ਪੀੜ ਬਣ ਟੱਸ-ਟੱਸ ਕਰਦਾ। ਕੋਈ ਸਮਾਂ ਸੀ ਜਦੋਂ ਜਿੰਦਰ ਜਾਣ-ਬੁਝ ਘੜੀ-ਮੁੜੀ ਉਹਦੇ ਨੇੜੇ ਆਉਂਦਾ। ਆਪਣੀਆਂ ਮਜ਼ਬੂਤ ਬਾਹਾਂ 'ਚ ਉਹਨੂੰ ਇਕਦਮ ਜਕੜ ਲੈਂਦਾ। ਮੋਟਰ ਸਾਈਕਲ ਚਲਾਉਂਦਿਆਂ ਉਹਦੇ 'ਤੇ ਉਲਰਿਆ ਰਹਿੰਦਾ। ਘਰ ਤੁਰਿਆ ਫਿਰਦਾ ਉਹਦੇ ਨਾਲ ਖਹਿੰਦਾ। ਰੁਮਾਂਟਿਕ ਸ਼ਰਾਰਤਾਂ ਕਰਦਾ । ਹੁਣ ਅਜਿਹਾ ਕੁਝ ਵੀ ਨਾ ਵਾਪਰਦਾ। ਉਹ ਸ਼ਾਂਤ ਸੀ। ਚੁੱਪ-ਚਾਪ। ਜਿੰਨਾ ਕੁ ਸਿਮਰ ਪੁੱਛਦੀ ਓਨਾ ਕੁ ਹੀ ਉਹ ਜੁਆਬ ਦਿੰਦਾ।

ਰਿਤੂ ਦੇ ਨੇੜੇ ਹੋਣ ਲਈ ਉਹ, ਉਹਨੂੰ ਕਈ ਤਰ੍ਹਾਂ ਦੇ ਸਵਾਲ ਕਰਦਾ ਰਹਿੰਦਾ। "ਤੈਨੂੰ ਕਿਹੜਾ ਰੰਗ ਪਸੰਦ ਐ? ਹੌਬੀ ਕੀ ਐ? ਵਿਹਲੇ ਸਮੇਂ ਦਾ ਕੀ ਕਰਦੀ ਐਂ? ਬਜ਼ਾਰ ਕਦੋਂ ਜਾਂਦੀ ਏਂ? ਸੂਟ ਕਿਹੜੀ ਦੁਕਾਨ ਤੋਂ ਖਰੀਦਦੀ ਐ? ਤੈਨੂੰ ਹੋਰ ਕੀ-ਕੀ ਚੰਗਾ ਲਗਦਾ ਐ?"

ਰਿਤੂ ਦੇ ਨਖਰਿਆਂ ਅਤੇ ਖ਼ੂਬਸੂਰਤ ਫਿਲਮੀ ਹਰਕਤਾਂ ਨੂੰ ਵੇਖ ਉਹ ਖਿੜ੍ਹ ਜਾਂਦਾ। ਦਫ਼ਤਰ ਵਿਚ ਉਸ ਦੀ ਜ਼ਬਾਨ 'ਤੇ ਰਿਤੂ ਨਾਮ ਚੜ੍ਹਿਆ ਹੋਇਆ ਸੀ। ਉਹਨੂੰ ਕਈ ਵਾਰੀ ਘਰ 'ਚ ਰਿਤੂ ਦਾ ਝੌਲ਼ਾ ਪੈ ਜਾਂਦਾ। ਰਿਤੂ ਉਹਦੇ ਜ਼ਿਹਨ ਵਿਚ ਪੂਰੀ ਤਰ੍ਹਾਂ ਛਾਈ ਹੋਈ ਸੀ। ਬਿਸਤਰ 'ਤੇ ਸਿਮਰ ਹੁੰਦੀ ਤਾਂ ਜ਼ਿਹਨ



ਵਿਚ ਰਿਤੂ ਦਾ ਕਿਆਸ ਹੁੰਦਾ।

ਇਕ ਦਿਨ ਚਾਣਚੱਕ ਰਿਤੂ ਉਹਨੂੰ ਬਜ਼ਾਰ 'ਚ ਮਿਲ ਪਈ। ਉਹ ਜਿੰਦਰ ਦੇ ਸਾਹਮਣੇ ਆ ਖੜ੍ਹੀ ਹੋਈ। ਅਪਣੱਤ ਨਾਲ ਮਿਲੀ। ਜਿੰਦਰ ਰੂਹ ਤੱਕ ਖਿੜ ਗਿਆ। ਰਿਤੂ ਬੇਪ੍ਰਵਾਹੀ ਵਿਚ ਜਿੰਦਰ ਦੀ ਬਾਂਹ ਫੜ੍ਹ ਕਪੜਿਆਂ ਦੀ ਦੁਕਾਨ ਵਿਚ ਖਿੱਚ ਕੇ ਲੈ ਗਈ।

"ਸਰ, ਤੁਸੀਂ ਪੁੱਛਿਆ ਸੀ, ਸੂਟ ਕਿਹੜੀ ਦੁਕਾਨ ਤੋਂ ਖਰੀਦਦੀ ਆਂ? ਇਸ ਦੁਕਾਨ ਤੋਂ ਲੈਂਦੀ ਆਂ ਮੈਂ ਸੂਟ. . .। ਤੁਸੀਂ ਵੀ ਭਰਜਾਈ ਲਈ ਇਥੋਂ ਈ ਸੂਟ ਲਿਆ ਕਰੋ। ਇਥੇ ਬਹੁਤ ਲੇਟੈਸਟ ਡਿਜ਼ਾਇਨਾਂ ਵਾਲੇ ਸੂਟ ਰੀਜਨਲ ਰੇਟ 'ਤੇ ਮਿਲ ਜਾਂਦੇ ਆਂ . . .। ਦੱਸੋ ਸਰ. . . ਕਢਵਾਵਾਂ ਭਰਜਾਈ ਲਈ ਆਪਣੀ ਪਸੰਦ ਦਾ ਕੋਈ ਸੂਟ. . .?" ਰਿਤੂ ਦੁਕਾਨ ਵਿੱਚ ਸੋਫ਼ੇ 'ਤੇ ਬੈਠੀ ਇਕੋ ਸਾਹੇ ਬੋਲਦੀ ਗਈ। ਜਿੰਦਰ ਉਹਦੀ ਬਗਲ ਵਿੱਚ ਨੀਮ ਬੇਹੋਸ਼ੀ ਦੀ ਹਾਲਤ ਵਿਚ ਬੈਠਾ ਸੀ।

"ਨਹੀਂ ਰਿਤੂ, ਅੱਜ ਨੀਂ. . . ਫੇਅ ਕਦੀ ਸਹੀ।" ਝਟਕੇ ਨਾਲ ਹੋਸ਼ ਵਿਚ ਆਉਂਦਾ ਜਿੰਦਰ ਬੋਲਿਆ। ਸੂਟਾਂ ਵਿਚ ਉਹਦੀ ਉਕਾ ਦਿਲਚਸਪੀ ਨਹੀਂ ਸੀ। ਰਿਤੂ ਨੇ ਆਪਣੇ ਲਈ ਕਈ ਸੂਟ ਕਢਵਾਏ। ਜਿੰਦਰ ਚੁੱਪ ਤੇ ਸ਼ਾਂਤ ਜਿਹਾ ਉਹਦੇ ਕੋਲ ਬੈਠਾ ਉਹਦਾ ਸਾਥ ਮਾਣਦਾ ਰਿਹਾ। ਕੁਝ ਸਮੇਂ ਬਾਅਦ ਰਿਤੂ ਕੋਲੋਂ ਉੱਠ ਕੇ ਆਉਣ ਤੋਂ ਬਾਅਦ ਉਹਨੂੰ ਲੱਗਿਆ ਜਿਵੇਂ ਉਹਦਾ 'ਸਭ ਕੁਝ' ਉਸ ਦੁਕਾਨ ਵਿੱਚ ਹੀ ਰਹਿ ਗਿਆ ਹੋਵੇ।

" ਛੁੱਟੀ ਆਲ਼ੇ ਦਿਨ ਕਿਹੜੇ ਕੰਮ ਹੁੰਦੇ ਥੁਆਨੂੰ? ਜਿਹੜਾ ਘਰ ਨ੍ਹੀਂ ਟਿਕਦੇ। ਕੀ ਛੁੱਟੀ ਆਲ਼ੇ ਦਿਨ ਵੀ ਦਫ਼ਤਰ ਲਗਦਾ?" ਸਿਮਰ ਦੇ ਸਬਰ ਦਾ ਬੰਨ੍ਹ ਟੁੱਟ ਗਿਆ। ਉਸ ਦਲੇਰੀ ਨਾਲ ਜਿੰਦਰ ਨੂੰ ਪੁੱਛਿਆ, "ਮੈਨੂੰ ਵੀ ਪਤਾ ਲੱਗੇ ਕਿਹੜਾ ਨਵਾਂ ਬਿਜ਼ਨਸ ਸ਼ੁਰੂ ਕੀਤਾ ਤੁਸੀਂ ? ਛੁੱਟੀ ਆਲ਼ੇ ਦਿਨ ਤਾਂ ਤੁਸੀਂ ਘਰੋਂ ਨੀਂ ਸੀ ਨਿਕਲਦੇ ਹੁੰਦੇ। ਸਾਥੋਂ ਬਿਨ੍ਹਾਂ ਕਦੀ ਬਾਹਰ ਜਾਂਦੇ ਈ ਨ੍ਹੀਂ ਸੀ। ਹੁਣ ਘਰ ਟਿਕਦੇ ਈ ਨ੍ਹੀਂ। " ਸਿਮਰ ਨੇ ਇਕ ਦਿਨ ਹਿਰਖ ਲਾਇਆ ।

ਛੁੱਟੀ ਵਾਲੇ ਦਿਨ ਇੱਕ ਵਕਤ ਦਾ ਖਾਣਾ ਉਹ ਬਾਹਰ ਹੀ ਖਾਇਆ ਕਰਦੇ ਸਨ। ਕਦੀ ਸਿਨਮੇ ਜਾਂਦੇ। ਕਦੀ ਹਵੇਲੀ ਜਾਂਦੇ, ਕਦੀ ਰੰਗਲਾ ਪੰਜਾਬ, ਕਦੀ ਪਟਵਾਰੀ ਢਾਬੇ 'ਤੇ ਖਾਣਾ ਖਾਂਦੇ ਤੇ ਕਦੀ ਬੱਚਿਆਂ ਨਾਲ ਵੰਡਰ ਲੈਂਡ 'ਚ ਸਾਰਾ ਦਿਨ ਮਸਤੀ ਕਰਦੇ। ਪਰ ਹੁਣ ਤਾਂ ਉਹ ਸਭ ਕੁਝ ਯਾਦ ਬਣ ਕੇ ਰਹਿ ਗਿਆ ਸੀ। ਜਿੰਦਰ ਘਰ ਦੇ ਕੰਮਾਂ ਤੋਂ ਲਾ-ਪ੍ਰਵਾਹ ਹੋ ਗਿਆ। ਸਿਮਰ ਦਾ ਕਿਹਾ ਅਣ-ਸੁਣਿਆ ਕਰਨ ਲੱਗਾ। ਉਸ ਦੇ ਰੰਗ-ਢੰਗ ਵੇਖ ਸਿਮਰ ਨੂੰ ਅਚਵੀਂ ਲੱਗ ਜਾਂਦੀ। ਕਦੀ ਉਹ ਸੋਚਦੀ, ' ਇਸ ਬਾਰੇ ਮੰਮੀ ਨਾਲ ਗੱਲ ਕਰਾਂ। ਨਹੀਂ ਇਹ ਮੇਰਾ ਘਰ ਦਾ ਮਸਲਾ ਐ।' ਅਗਲੇ ਪਲ ਉਹ ਤੀਸਰੇ ਕੋਲ ਧੂੰ ਕੱਢਣ ਦਾ ਮਨ ਤਿਆਗ ਦਿੰਦੀ।

ਅਚਾਨਕ ਕੁਝ ਗ਼ਲਤ ਵਾਪਰ ਗਿਆ।

ਇਕ ਰਾਤ ਆਵੇਸ਼ ਵਿਚ ਜਿੰਦਰ ਦੇ ਮੂੰਹੋਂ ਰਿਤੂ ਦਾ ਨਾਂ ਨਿਕਲ ਗਿਆ।

ਸਿਮਰ ਅੰਦਰੋਂ ਕੜੱਕ ਕਰਕੇ ਕੁਝ ਟੁੱਟਿਆ। ਉਹ ਬਿਖਰ ਗਈ। ਇਹ ਰਿਤੂ ਕੌਣ ਹਊ? ਸੋਚਦੀ ਉਹ ਸੰਭਲ ਗਈ। ਐਨੀ ਕੁ ਗੱਲ 'ਤੇ ਕਾਹਲ ਕੀਤਿਆਂ ਘਰ ਟੁੱਟ ਸਕਦਾ ਸੀ। ਉਸ ਆਪਣਾ ਸਬਰ ਮਜ਼ਬੂਤ ਕੀਤਾ। ਜਿੰਦਰ ਦੀਆਂ ਗਤੀਵਿਧੀਆਂ 'ਤੇ ਤਿਖੀ ਨਜ਼ਰ ਰੱਖਣ ਲੱਗੀ।

"ਅੱਜ ਤਾਂ ਦਫ਼ਤਰੋਂ ਛੁੱਟੀ ਆਂ. . .। ਅੱਜ ਕਿਧਰ. . .?" ਛੁੱਟੀ ਵਾਲੇ ਦਿਨ ਘਰੋਂ ਤੁਰਨ ਸਮੇਂ ਆਖਰ ਸਿਮਰ ਸ਼ੂਕਦੀ ਜਿੰਦਰ ਦੇ ਸਾਹਮਣੇ ਆ ਖੜ੍ਹੀ ਹੋਈ।

"ਤੁਰਨ ਲੱਗੇ ਨੂੰ ਨਾ ਪੁੱਛਿਆ ਕਰ, ਕਿਥੇ ਚਲਿਆਂ। ਕਿਹਦੇ ਨਾਲ ਚੱਲਿਆਂ? ਕਦੋਂ ਆਉਣਾ? ਕੀ ਬਕਵਾਸ ਐ ਇਹ. . .?" ਜਿੰਦਰ ਭਵਕਿਆ।

"ਘਰ 'ਚ ਤੁਹਾਡੇ ਬਰਾਬਰ ਦਾ ਦਰਜਾ ਰੱਖਦੀਆਂ ਮੈਂ।" ਉਹਦੇ ਰੁੱਖੇ ਤੇ ਕੁਰੱਖ਼ਤ ਬੋਲ ਸੁਣ ਸਿਮਰ

ਸਹਿਜ ਨਾਲ ਬੋਲੀ। "ਤੁਸੀਂ ਕਮਾਈ ਕਰਕੇ ਲਿਆਉਂਦੇ ਓ, ਮੈਂ ਘਰ ਚਲਾਉਂਦੀਆਂ। ਬੱਚਿਆਂ ਨੂੰ ਸੰਭਾਲਦੀ ਆਂ। ਮੈਨੂੰ ਪੁੱਛਣ ਦਾ ਹੱਕ ਐ. . .।"

"ਕਿਸੇ ਦੋਸਤ ਕੋਲ ਚੱਲਿਆਂ. . .। ਸੁਣਿਆ. . .? ਸਭ ਕੁਝ ਦੱਸਣਾ ਜ਼ਰੂਰੀ ਨਹੀਂ ਹੁੰਦਾ. . .।" ਜਿੰਦਰ ਨੇ ਤਲਖ਼ੀ ਨਾਲ ਕਿਹਾ।

"ਕੋਈ ਦੋਸਤ ਐ ਕਿ ਰਿਤੂ. . .?" ਸਿਮਰ, ਹਿੰਮਤ ਤੇ ਦਲੇਰੀ ਨਾਲ ਸਿੱਧਾ ਉਸ ਵੱਲ ਵੇਖ ਬੋਲੀ।

"ਕੀ ਬਕਵਾਸ ਕਰ ਰਹੀ ਏ ਤੂੰ?" ਜਿੰਦਰ ਨੇ ਚੀਕ ਕੇ ਕਿਹਾ।

"ਓਹੀ . . . ਜੋ ਤੁਸੀਂ ਨੀਂਦ 'ਚ ਬੁੜ-ਬੁੜਾਉਂਦੇ ਕਰਦੇ ਓ. . .।" ਸਿਮਰ ਲੱਕ 'ਤੇ ਹੱਥ ਰੱਖ ਤਣੀ ਖੜ੍ਹੀ ਸੀ। "ਔਰਤ ਆਂ ਮੈਂ . . . ਸਭ ਕੁਝ ਸਮਝਦੀ ਆਂ. . .। ਜਾਣਦੀਆਂ ਮੈਂ . . .ਕਿਉਂ ਵੱਟ ਚੜ੍ਹਿਆਂ ਹੋਇਆ ਥੁਹਾਨੂੰ।" ਉਹ ਲਾਟ ਵਾਂਗ ਮੱਚੀ। "ਮੇਰੇ ਕੀ ਵੱਸ ਸੀ ? ਜੇ ਮੇਰੇ ਇਸ ਵਜੂਦ ਨੂੰ ਬਰਦਾਸ਼ਤ ਨਹੀਂ ਸੀ ਕਰ ਸਕਦੇ ਤਾਂ ਕਿਉਂ ਬਚਾਇਆ ਸੀ ਮੈਨੂੰ? ਮਰ ਜਾਣ ਦਿੰਦੇ ਤਾਂ. . . .।" ਸਿਮਰ ਦੇ ਬੋਲ ਨਹੀਂ ਅੰਗਿਆਰ ਡਿੱਗ ਰਹੇ ਸਨ। ਉਹਦੇ ਅੰਦਰਲੀ ਔਰਤ ਜਵਾਲਾ-ਮੁੱਖੀ ਬਣ, ਲਾਵਾ ਉੱਗਲਣ ਲੱਗੀ।

ਜਿੰਦਰ ਆਪਣੀ ਚਤੁਰਾਈ 'ਤੇ ਸੰਨ੍ਹ ਲੱਗਣ ਤੋਂ ਹਫਿਆ ਖੜ੍ਹਾ ਸੀ। ਸਿਮਰ ਦੀਆਂ ਅੱਖਾਂ ਵਿਚ ਉਹ ਪੂਰੇ ਦਾ ਪੂਰਾ ਨੰਗਾ ਹੋ ਚੁੱਕਿਆ ਸੀ। ਉਸ ਦੀ ਦੇਹ ਝੂਠੀ ਜਿਹੀ ਪੈ ਗਈ।

"ਤੁਸੀਂ ਕਹਿ ਕਿਉਂ ਨਹੀਂ ਦਿੰਦੇ, ਅੱਕ ਗਏ ਓ ਮੇਰੇ ਤੋਂ. . .।" ਕਾਟਵੇਂ ਬੋਲ ਸੁਣ ਜਿੰਦਰ ਯਖ ਹੋਇਆ ਖੜਾ ਸੀ। ਸਿਮਰ ਦੀ ਤਲਖ਼ੀ ਮੋਹਰੇ ਉਹ ਤੂੰਬਾ ਤੂੰਬਾ ਹੋ ਗਿਆ । ਸਿਮਰ ਨੇ ਉਹਨੂੰ ਬੋਲਣ ਦਾ ਮੌਕਾ ਹੀ ਨਾ ਦਿਤਾ।

ਸਿਮਰ ਹਨੇਰੀ ਵਾਂਗ ਬੱਚਿਆਂ ਕੋਲ ਆਈ, "ਸਰਦਾਰ ਸਾਬ, ਆਹ ਸਾਂਭੋ ਆਪਣੇ ਨਿਆਣੇ. . .।" ਉਹਨੇ ਅਵੀ ਤੇ ਗਗਨ ਨੂੰ ਬਾਹੋਂ ਫੜ੍ਹ ਜਿੰਦਰ ਵੱਲ ਧੱਕਿਆ। "ਜੋ ਵੀ ਬਣੂੰ ਜਾਂ ਵਿਗੜੂ ਮੇਰਾ 'ਕੱਲੀ ਦਾ ਨਹੀਂ, ਤੇਰਾ ਵੀ ਨਾਲ ਈ ਆ. . .।" ਨੇੜੇ ਹੀ ਸੈਲਫ਼ 'ਤੇ ਰੱਖੇ ਪੇਪਰ ਚੁੱਕ ਜਿੰਦਰ ਵੱਲ ਵਗਾਹ ਮਾਰੇ। "ਕਰੋ ਸਾਈਨ, ਤਲਾਕ ਦਿਆਂ ਮੈਂ। ਤੇ ਹੋਰ ਵਿਆਹ ਕਰਾਮਾਂ. . .।" ਉਹ ਐਨਾ ਬੇਬਾਕੀ ਨਾਲ ਬੋਲੀ ਜਿਨ੍ਹਾਂ ਇਸ ਸਮੇਂ ਉਸ ਨੂੰ ਬੋਲਣਾ ਚਾਹੀਦਾ ਸੀ।

"ਤੇਰੇ ਵੱਢੀ-ਟੁੱਕੀ ਨਾਲ ਕੌਣ ਵਿਆਹ ਕਰਾਊ. . .?" ਜੋ ਜਿੰਦਰ ਦੇ ਦਿੱਲ ਵਿਚ ਸੀ ਉਹ ਜ਼ਬਾਨ 'ਤੇ ਆ ਗਿਆ।

"ਵਿਆਹ. . .?" ਉਹ ਹੱਸੀ। "ਤੇਰੇ ਈ ਦੋਸਤ ਨਾਲ ਕਰਾਊਂ। ਤੇਰੇ ਸਾਹਮਣੇ . . .।"

"ਕੀ. . .? ਮੇਰੇ ਦੋਸਤ ਨਾਲ. . .? ਤੇਰੀ ਐਨੀ ਜ਼ੁਅਰਤ. . .?" ਉਹ ਸਣ-ਕਪੜੀਂ ਮੱਚ ਉਠਿਆ। ਆਪਣਾ ਸੱਜਾ ਹੱਥ ਚੁੱਕ ਸਿਮਰ ਵੱਲ ਵਧਿਆ।

"ਕਿਉਂ. . . ਲੱਗਾ ਸੇਕ. . .?" ਸਿਮਰ ਹੋਰ ਵੀ ਤਣ ਕੇ ਖਲੋਅ ਗਈ। "ਮੇਰੇ 'ਤੇ ਹੱਥ ਚੁੱਕ ਕੇ ਤਾਂ ਵੇਖ. . .?" ਸਿਮਰ, ਜਿੰਦਰ ਦੇ ਚੁੱਕੇ ਹੱਥ ਵੱਲ ਵੇਖ ਬੰਬ ਵਾਂਗ ਫੱਟੀ।

ਸਿਮਰ ਦੀਆਂ ਅੱਖਾਂ ਚੋਂ ਅੰਗਿਆਰੇ ਨਿਕਲਦੇ ਵੇਖ ਜਿੰਦਰ ਜਿਥੇ ਸੀ ਉਥੇ ਈ ਰੁਕ ਗਿਆ। ਉਹਦੇ ਜ਼ਿਹਨ ਵਿਚ ਸਾਰੇ ਦੋਸਤਾਂ ਦੀਆਂ ਤਸਵੀਰਾਂ ਘੁੰਮ ਗਈਆਂ। ਅੱਖਾਂ ਸਾਹਵੇਂ ਇਕ ਦੋਸਤ ਸ਼ਮੀਰ ਦੀ ਤਸਵੀਰ ਦਾ ਅਕਸ ਫੈਲਦਾ ਗਿਆ। ਜਿਸ ਵਿਆਹ ਨਹੀਂ ਸੀ ਕਰਾਇਆ। ਫਿਲਾਸਫ਼ਰ ਮਜ਼ਾਜ ਦਾ ਬੰਦਾ ਸੀ। ਭਲਾ-ਪੁਰਸ਼। ਠਹਿਰਿਆ ਹੋਇਆ। ਸ਼ਾਂਤ ਸੁਭਾਅ। ਬਹੁਤ ਸੰਜੀਦਾ। ਹਮੇਸ਼ਾ ਔਰਤ ਦੇ ਹੱਕ ਦੀ ਗੱਲ ਕਰਨ ਵਾਲਾ। ਉਹ ਕਈ ਵਾਰ ਘਰ ਵੀ ਆ ਚੁੱਕਿਆ ਸੀ।

"ਮੇਰੇ ਇਕ ਸਵਾਲ ਦਾ ਜੁਆਬ ਦੇਹ. . .।" ਸਿਮਰ ਚੀਕੀ।

"ਜੇ ਤੇਰੀ ਇੱਕ ਲੱਤ ਵੱਢੀ ਜਾਂਦੀ . . .? ਮੈਂ ਤੈਨੂੰ ਛੱਡ ਜਾਂਦੀ . . .???"

**ਮੋਬਾਇਲ** 88728-54500



## ਕਹਾਣੀ / ਉਹ ਕੁੜੀ / - ਗੁਰਦੀਪ ਸਿੰਘ ਢੁੱਡੀ

ਸੁਬਕ ਜਿਹੀ ਉਹ ਕੁੜੀ। ਕੱਦ ਦੀ ਲੰਮੀ, ਰੰਗ ਦੀ ਗੋਰੀ, ਅੱਖਾਂ ਵਿਚ ਥੋੜ੍ਹਾ ਭੂਰਾਪਣ ਕਸ਼ਿਸ਼ ਬਣਾਉਣ ਵਾਲਾ, ਜਚਣ ਵਾਲੇ ਸਿੱਧੇ ਵਾਹੇ ਵਾਲ਼, ਉਤਲੀ ਦੰਦਰਾਲ ਵਿਚ ਥੋੜ੍ਹੀ ਜਿਹੀ ਵਿਰਲ ਹੋਣ ਦੇ ਬਾਵਜੂਦ ਵੀ ਚਿਹਰੇ ਦੀ ਫੱਬਤ ਬਣਦੀ ਸੀ। ਪਹਿਲਾਂ ਵਾਂਗ ਹੀ ਉਸ ਦੇ ਸਾਦਾ ਕਮੀਜ਼ ਸਲਵਾਰ ਪਾਏ ਹੋਏ ਸਨ। ਉਮਰ ਦੇ ਏਸ ਪੱਖ ਤੇ ਪਹੁੰਚ ਕੇ ਵੀ ਉਸ ਦੇ ਚਿਹਰੇ ਦਾ ਭੋਲ਼ਾਪਣ ਕਾਇਮ ਸੀ। ਹਾਂ, ਗੰਭੀਰ ਜ਼ਰੂਰ ਉਹ ਪਹਿਲਾਂ ਨਾਲੋਂ ਜਿਆਦਾ ਜਾਪ ਰਹੀ ਸੀ। ਉਹ ਆਈ ਤੇ ਜਿਵੇਂ ਉਸ ਦੇ ਪੈਰਾਂ ਵਿਚ ਪਹਾੜ ਬੰਨ੍ਹਿਆ ਹੋਵੇ। ਤੁਰਿਆ ਨਹੀਂ ਜਾਂਦਾ ਸੀ। ਮੇਰਾ ਜੀਅ ਕੀਤਾ ਉਸ ਨੂੰ ਬਾਂਹ ਤੋਂ ਫੜ੍ਹ ਕੇ ਤੋਰ ਲਵਾਂ। ਪਰ ਉਹ ਕੁੜੀ ਹੈ। ਜਵਾਨ ਹੈ। ਵੀਹ ਇੱਕੀ ਸਾਲ ਦੀ ਉਮਰ ਦੀਆਂ ਲੜਕੀਆਂ ਤਾਂ ਕਿਸੇ ਮਰਦ ਦੀ ਛੋਹ ਨਾਲ ਹੀ ਛਾਈਂ ਮਾਈਂ ਹੋ ਜਾਂਦੀਆਂ ਹਨ। ਜਾਂ ਫਿਰ ਭਾਂਬੜ ਬਣ ਕੇ ਸਾੜ ਵੀ ਸਕਦੀਆਂ ਹਨ। ਬੱਸ, ਬੜੀ ਮੁਸ਼ਕਲ ਨਾਲ ਉਸ ਦੇ ਸਿਰ ਤੇ ਹੱਥ ਰੱਖਿਆ, ਸਿਰ ਪਲੋਸਣ ਵਾਲਿਆਂ ਵਾਂਗ। ਉਸ ਨੂੰ ਸੋਫ਼ੇ ਤੇ ਬੈਠਣ ਲਈ ਇਸ਼ਾਰਾ ਕੀਤਾ । ਸੋਫ਼ੇ ਤੇ ਬੈਠੀ ਤਾਂ ਜਿਵੇਂ ਉਸ ਦੇ ਪੈਰਾਂ ਹੇਠਾਂ ਅੱਗ ਬਲ਼ ਰਹੀ ਹੋਵੇ। "ਕਿਵੇਂ ਤੂੰ ਠੀਕ ਹੈਂ? ਤੇਰੀ ਮੰਮੀ ਦਾ ਕੀ ਹਾਲ ਹੈ?, ਤੇਰੀ ਪੜ੍ਹਾਈ ਕਿਵੇਂ ਚੱਲ ਰਹੀ ਹੈ? ਤੇਰੇ ਪਾਪਾ ਠੀਕ ਰਹਿੰਦੇ ਆ?" ਮੈਂ ਉਸ ਦਾ ਹਾਲ-ਚਾਲ ਪੁੱਛਿਆ।

ਉਸ ਨੇ ਉਤਾਂਹ ਸਿਰ ਚੁੱਕ ਕੇ ਵੇਖਿਆ। ਨਾ ਬੋਲਦਿਆਂ ਵੀ ਬਹੁਤ ਸਾਰਾ ਕੁੱਝ ਕਿਹਾ ਗਿਆ। ਗਲ਼ਾ ਸਪਸ਼ਟ ਦੱਸ ਰਿਹਾ ਸੀ ਕਿ ਮੂੰਹ ਤਾਂ ਸੱਸੀ ਵਾਲਾ ਮਾਰੂਥਲ਼ ਬਣਿਆ ਪਿਆ ਹੈ। 'ਹਾਇ ਰੱਬਾ, ਏਸੇ ਬਾਲੂ ਨੇ ਸੱਸੀ ਝੁਲ਼ਸ ਦਿੱਤੀ ਸੀ। ਕਿਤੇ ਏਹ ਵੀ . . ' ਮੇਰੇ ਸੀਨੇ ਵਿਚ ਡਰ ਦੀਆਂ ਲਕੀਰਾਂ ਦੌੜਨ ਲੱਗ ਪਈਆਂ। ਉਹ ਹੁਬਕੀਂ ਹੁਬਕੀਂ ਰੋਣ ਲੱਗ ਪਈ। " ਲੈ ਫੜ੍ਹ ਪਾਣੀ ਪੀ ਲੈ। ਰੋਈਦਾ ਨ੍ਹੀਂ ਹੁੰਦਾ। " ਪਾਣੀ ਲੈ ਕੇ ਆਈ ਮੇਰੀ ਪਤਨੀ ਨੇ ਉਸ ਨੂੰ ਕਿਹਾ। ਪਤਨੀ ਨੇ ਪਾਣੀ ਫੜਾਇਆ। ਉਸ ਤੋਂ ਤਾਂ ਗਲਾਸ ਚੁੱਕਿਆ ਹੀ ਨਹੀਂ ਜਾ ਰਿਹਾ ਸੀ। ਪਤਨੀ ਨੇ ਆਪ ਗਲਾਸ ਫੜ੍ਹ ਕੇ ਉਸ ਦੇ ਮੂੰਹ ਨੂੰ ਲਾਇਆ। ਦੋ ਘੁੱਟਾਂ ਪਾਣੀ ਪੀ ਕੇ ਉਸ ਨੇ ਗਲਾਸ ਰੱਖ ਦਿੱਤਾ। ਉਸ ਦਾ ਰੋਣਾ ਸਾਉਣ ਭਾਦੋਂ ਦੇ ਮੀਂਹ ਦੀ ਤੇਜੀ ਫੜ ਚੁੱਕਿਆ ਸੀ। " ਤੂੰ ਗੱਲ ਤਾਂ ਦੱਸ ਕੀ ਆ। ਚੁੱਪ ਕਰ ਪਹਿਲਾਂ। ਗੱਲ ਦੱਸ ਪਹਿਲਾਂ ਕੀ ਆ। ਆਪਾਂ ਹੱਲ ਕੱਢ ਲਵਾਂਗੇ, ਰੋਇਆਂ ਮਸਲੇ ਹੱਲ ਨਹੀਂ ਹੁੰਦੇ, ਸਗੋਂ ਤਾਣੀ ਉਲ਼ਝ ਜਾਇਆ ਕਰਦੀ ਹੈ।" ਮੈਂ ਆਪਣੇ ਵੱਲੋਂ ਦਿਲਾਸਾ ਦੇਣ ਦੀ ਕੋਸ਼ਿਸ਼ ਕਰ ਰਿਹਾ ਸਾਂ।

ਉਦੋਂ ਉਹ ਦਸਵੀਂ ਜਮਾਤ ਵਿਚ ਪੜ੍ਹਦੀ ਸੀ। ਰੰਗ ਦੀ ਗੋਰੀ। ਜਿਸਮ ਵੱਲ ਵੇਖਿਆਂ ਸਰੀਰ ਤੇ ਮਾਸ ਨਾਂ ਦੀ ਕੋਈ ਚੀਜ਼ ਹੀ ਨਾ ਜਾਪਦੀ। ਸਰੀਰ ਵਿਚ ਖ਼ੂਨ ਏਨਾ ਘੱਟ ਜਿਵੇਂ ਪੀਲ਼ੀਏ ਦੀ ਮਰੀਜ਼ ਹੋਵੇ। ਸਕੂਲ ਦੀ ਵਰਦੀ ਵਿਚ ਉਹ ਆਪਣੀ ਉਮਰ ਨਾਲੋਂ ਵੀ ਛੋਟੀ ਜਾਪਦੀ ਸੀ। ਏਸ ਉਮਰੇ ਜਦੋਂ ਕੁੜੀਆਂ ਦੇ ਪੈਰ ਧਰਤੀ ਤੇ ਨਹੀਂ ਲੱਗਦੇ ਪਰ ਉਸ ਵਿਚ ਤਾਂ ਸੰਜੀਦਗੀ ਹੀ ਕੁੱਟ ਕੁੱਟ ਕੇ ਭਰੀ ਜਾਪਦੀ ਸੀ। ਮੈਨੂੰ ਯਾਦ ਹੈ। ਮੈਂ ਉਸ ਦੀ ਮਾਂ ਨੂੰ ਬੁਲਾਇਆ ਸੀ, ਸਕੂਲ। ਉਸ ਦੀ ਖਾਧ ਖੁਰਾਕ ਦਾ ਧਿਆਨ ਰੱਖਣ ਲਈ ਆਖਿਆ ਸੀ। ਬੇਹੱਦ ਮਿਹਨਤੀ ਤੇ ਆਗਿਆਕਾਰੀ ਲੜਕੀ ਬਾਰੇ ਦੱਸਦਿਆਂ ਮੈਂ ਆਖਿਆ," ਪੜ੍ਹ ਕੇ ਤੁਹਾਡਾ ਨਾਮ ਰੋਸ਼ਨ ਕਰੇਗੀ। ਥੋੜੇ ਥੋੜ੍ਹਾ ਸਾਥ ਦੇਣ ਦੀ ਲੋੜ ਹੈ। ਇਸ ਤਰ੍ਹਾਂ ਦੀਆਂ ਲੜਕੀਆਂ ਨੂੰ ਮਹੌਲ ਮਿਲਣਾ ਚਾਹੀਦੈ। ਸਿਆਣੀ ਤੇ ਸੰਜੀਦਾ ਹੈ, ਸ਼ਰਾਰਤ ਤਾਂ ਕਰਦੀ ਹੀ ਨਹੀਂ ਹੈ, ਪੜ੍ਹਾਈ ਵਿਚ ਪੂਰੀ ਹੁਸ਼ਿਆਰ।" ਮਾਂ ਚੁੱਪ ਦਾ ਘੁੱਟ ਭਰ ਕੇ ਚਲੀ ਗਈ ਸੀ। ਨੀਂਵੀਂ ਪਾ ਕੇ ਤੁਰੀ ਜਾਂਦੀ ਮਾਂ ਦੇ ਬੋਝਲ ਕਦਮਾਂ

ਵਿਚਲੀ ਮਜਬੂਰੀ ਦੀ ਇਬਾਰਤ ਮੈਂ ਅੱਧ-ਪਚੱਧੀ ਦੀ ਪੜ੍ਹ ਸਕਿਆ ਸਾਂ। 'ਔਰਤ ਤੇਰੀ ਕਹਾਣੀ !' ਤੇ ਮਰਦ ਹੁੰਦਿਆਂ ਹੋਇਆਂ ਵੀ ਮੇਰੇ ਅੰਦਰੋਂ ਪਹਾੜ ਜੇਡਾ ਹਾਉਂਕਾ ਨਿੱਕਲਿਆ ਸੀ।

ਇਕ ਗੱਲ ਬੜੀ ਸਕਾਰਾਤਮਿਕ ਵਾਪਰੀ ਸੀ। ਛੂਈ- ਮੂਈ ਜਿਹੀ ਉਸ ਕੁੜੀ ਨੇ ਇਕ ਦਿਨ ਮੈਨੂੰ ਆਪਣੇ ਦਫ਼ਤਰ ਵਿਚ ਇਕੱਲੇ ਨੂੰ ਵੇਖ ਕੇ ਮੇਰੇ ਕੋਲ ਆਉਣ ਦਾ ਹੀਂਆ ਕਰ ਲਿਆ ਸੀ। " ਸਰ ! ਮੈਂ ਇਕ ਗੱਲ ਕਰਨੀ ਆ, ਥੋਡੇ ਨਾਲ। " ਆਪਣੀ ਚੁੰਨੀ ਦੇ ਇਕ ਲੜ ਨੂੰ ਉਹ ਉਂਗਲ਼ 'ਤੇ ਲਪੇਟ ਰਹੀ ਸੀ।

"ਹਾਂ, ਕਰੋ ਕਰੋ, ਬੇਟੇ। " ਉਸ ਵੱਲ ਵੇਖਦੇ ਨੇ ਮੈਂ ਉਸ ਨੂੰ ਆਖਿਆ।

" ਸਰ ਸੀਕਰੱਟ ਆ।"

" ਕੋਈ ਗੱਲ ਨਹੀਂ, ਤੁਸੀਂ ਕਰੋ, ਬੇਝਿਜਕ। ਅਧਿਆਪਕ, ਅਧਿਆਪਕ ਵੀ ਹੁੰਦੈ ਤੇ ਮਾਂ-ਬਾਪ ਵੀ। ਸੰਗਣ ਝਿਜਕਣ ਦੀ ਲੋੜ ਨਹੀਂ ਹੈ। "

" ਸਰ, ਘਰ ਦੀ ਗੱਲ ਆ। " ਉਸ ਨੇ ਆਪਣੇ ਸੱਜੇ ਹੱਥ ਨਾਲ ਖੱਬੇ ਹੱਥ ਦੀਆਂ ਉਂਗਲ਼ਾਂ ਮਰੋੜਦੀ ਨੇ ਆਖਿਆ।

" ਕੋਈ ਗੱਲ ਨਹੀਂ। ਤੁਸੀਂ ਜੋ ਵੀ ਕਹਿਣਾ, ਕਹੋ। ਝਿਜਕਣ ਦੀ ਕੋਈ ਲੋੜ ਨਹੀਂ। ਮੈਂ ਜੇ ਹੱਲ ਕਰ ਸਕਦਾ ਹੋਇਆ ਤਾਂ ਜ਼ਰੂਰ ਕਰਾਂਗਾ। "

" ਸਰ, ਮੇਰੇ ਪਾਪਾ ।" ਤੇ ਉਸ ਦਾ ਰੋਣ ਨਿੱਕਲ ਗਿਆ।

" ਹਾਂ, ਹਾਂ ਦੱਸੋ। ਕੋਈ ਗੱਲ ਨਹੀਂ , ਜ਼ਰੂਰ ਹੱਲ ਨਿੱਕਲ ਆਵੇਗਾ। " ਜਲਦੀ ਨਾਲ ਮੈਂ ਅੰਦਾਜ਼ਾ ਲਾ ਲਿਆ ਸੀ ਕਿ ਇਹ ਘਰ ਦੀ ਗ਼ਰੀਬੀ ਕਾਰਨ ਆਰਥਿਕ ਸਹਾਇਤਾ ਦੀ ਗੱਲ ਆਖੇਗੀ ਤੇ ਮੈਂ ਇਸ ਤਰ੍ਹਾਂ ਦੀ ਗੁਪਤ ਸਹਾਇਤਾ ਪਹਿਲਾਂ ਵੀ ਕਰ ਚੁੱਕਿਆ ਸਾਂ। ਹੋ ਸਕਦਾ ਹੈ ਇਸ ਦਾ ਬਾਪ ਇਸ ਨੂੰ ਅੱਗੇ ਪੜ੍ਹਨ ਤੋਂ ਰੋਕ ਰਿਹਾ ਹੋਵੇ। ਲੜਕੀ ਹੁਸ਼ਿਆਰ ਹੈ। ਇਸ ਨੂੰ ਪੜ੍ਹਨਾ ਚਾਹੀਦਾ ਹੈ। ਘਰ ਦੀ ਗਰੀਬੀ ਕਾਰਨ ਪੜ੍ਹਨ ਵਾਲੇ ਬੱਚੇ ਤੋਂ ਪੜ੍ਹਾਈ ਛੁੱਟਣੀ ਨਹੀਂ ਚਾਹੀਦੀ। ਮੇਰੀ ਉਧੇੜ-ਬੁਣ ਸ਼ੁਰੂ ਹੋ ਗਈ ਸੀ।

" ਸਰ ਮੇਰੇ ਪਾਪਾ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ, ਮਾਲਕਾਂ ਨੇ। ਉਹ ਮਿੱਲ ਵਿਚ ਨੌਕਰੀ ਕਰਦੇ ਸੀ। ਤਨਖਾਹ ਤਾਂ ਥੋੜ੍ਹੀ ਹੀ ਸੀ ਪਰ ਘਰ ਦਾ ਗੁਜ਼ਾਰਾ ਔਖਾ ਸੌਖਾ ਚੱਲੀ ਜਾਂਦਾ ਸੀ। ਮੇਰੇ ਮੰਮੀ ਲੋਕਾਂ ਦੇ ਕੱਪੜੇ ਸਿਉਂ ਕੇ ਘਰ ਦਾ ਗੁਜ਼ਾਰਾ ਕਰਦੇ ਆ। ਪਾਪਾ, ਹੁਣ ਰੋਜ਼੍ਹ ਸ਼ਰਾਬ ਪੀ ਕੇ ਘਰ ਦਾ ਮਹੌਲ ਵਿਗਾੜੀ ਰੱਖਦੇ ਆ। ਮੈਥੋਂ ਪੜ੍ਹਿਆ ਵੀ ਨਹੀਂ ਜਾਂਦਾ। . . " ਤੇ ਉਸ ਦਾ ਰੋਣਾ ਨਿੱਕਲ ਗਿਆ।

" ਤੂੰ ਆਪਣੀ ਮੰਮੀ ਨੂੰ ਬੁਲਾਈਂ। ਕਿਸੇ ਦਿਨ ਸਕੂਲ ਆਉਣਗੇ। ਮੇਰਾ ਨਾਂ ਲਵੀਂ।" ਮੈਂ ਆਖ ਕੇ ਉਸ ਨੂੰ ਤੋਰ ਦਿੱਤਾ।

ਮੈਂ ਸੋਚ ਲਿਆ ਸੀ। ਉਸ ਦੀ ਮੰਮੀ ਰਾਹੀਂ ਉਸ ਦੇ ਪਾਪਾ ਨੂੰ ਸਕੂਲ ਬੁਲਾਵਾਂਗਾ ਤੇ ਸਮਝਾਉਣ ਦੀ ਕੋਸ਼ਿਸ਼ ਕਰਾਂਗਾ। ਹੋ ਸਕਦਾ ਹੈ ਉਸ ਵਿਚ ਕੁਛ ਬਦਲਾਅ ਆ ਜਾਵੇ। ਇਸੇ ਤਰ੍ਹਾਂ ਹੀ ਕੀਤਾ ਤੇ ਸਚਮੁੱਚ ਇਸ ਦਾ ਬਿਜਲਈ ਅਸਰ ਹੋਇਆ। ਉਹ ਕੁੜੀ ਫਿਰ ਇਕ ਦਿਨ ਉਸੇ ਤਰ੍ਹਾਂ ਮੇਰੇ ਇਕੱਲੇ ਕੋਲ ਆਈ ਤੇ ਉਸ ਨੇ ਬੜੇ ਖੁਸ਼ ਰੌਂਅ ਵਿਚ ਦੱਸਿਆ," ਸਰ, ਪਾਪਾ ਜਿਸ ਦਿਨ ਐਥੇ ਆਏ ਸੀ, ਉਸ ਤੋਂ ਬਾਅਦ ਪਾਪਾ ਨੇ ਸ਼ਰਾਬ ਪੀਣੀ ਛੱਡ ਦਿੱਤੀ। ਉਹ ਘਰ ਦਾ ਕੰਮ ਧੰਦਾ ਕਰਦੇ ਆ,ਸਗੋਂ ਮੰਮੀ ਨਾਲ ਸਿਲਾਈ ਦੇ ਕੰਮ ਵਿਚ ਵੀ ਹੱਥ ਵਟਾਉਂਦੇ ਆ। ਮੈਨੂੰ ਪੜ੍ਹਨ ਦਾ ਮੌਕਾ ਮਿਲ ਜਾਂਦਾ ਹੈ।"

ਦਸਵੀਂ ਜਮਾਤ ਵਿਚੋਂ ਉਸ ਨੇ ਚੰਗੇ ਅੰਕ ਲਏ ਤੇ ਫਿਰ ਪਲੱਸ ਵੰਨ ਟੂ ਵਿਚ ਸਾਇੰਸ ਗਰੁੱਪ ਰੱਖ ਕੇ ਵੀ ਚੰਗੇ ਨੰਬਰ ਲੈ ਕੇ ਪਾਸ ਹੋ ਗਈ। ਪੀ.ਐਸ.ਟੀ.ਐਸ.ਈ. ਪਾਸ ਕਰਨ ਕਰਕੇ ਉਸ ਨੂੰ ਵਜ਼ੀਫ਼ਾ ਵੀ ਮਿਲਦਾ ਸੀ। ਪਤਾ ਲੱਗਿਆ ਸੀ ਕਿ ਕਾਲਜ ਵਿਚ ਉਹ ਬੀ.ਐਸ.ਸੀ ਨਾਨ ਮੈਡੀਕਲ ਕਰ ਰਹੀ ਹੈ ਅਤੇ



ਚੰਗੇ ਨੰਬਰਾਂ ਨਾਲ ਪਹਿਲੇ ਦੋਵੇਂ ਸਾਲ ਪੂਰੇ ਕੀਤੇ ਹਨ। ਸ਼ੁਰੂ ਸ਼ੁਰੂ ਵਿਚ ਉਹ ਇਕ ਦੋ ਵਾਰੀ ਕਿਸੇ ਫ਼ਾਰਮ ਵਗੈਰਾ ਤੇ ਦਸਤਖ਼ਤ ਕਰਵਾਉਣ ਵਾਸਤੇ ਆਈ ਸੀ ਅਤੇ ਫਿਰ ਉਸ ਤੋਂ ਬਾਅਦ ਕਦੀ ਮੇਲ ਨਹੀਂ ਹੋਇਆ ਸੀ। ਮੈਂ ਹੁਣ ਜਦੋਂ ਰਿਟਾਇਰ ਹੋ ਕੇ ਘਰ ਵਿਚ ਹੀ ਸਾਂ ਉਸ ਦਾ ਇਸ ਤਰ੍ਹਾਂ ਇਕ ਦਿਨ ਅਚਾਨਕ ਹੀ ਘਰ ਆ ਜਾਣਾ ਤੇ ਫਿਰ ਕੇਵਲ ਰੋ ਕੇ ਹੀ ਚਲੇ ਜਾਣਾ ਮੇਰੇ ਵਾਸਤੇ ਕੋਈ ਬਹੁਤੀ ਚਿੰਤਾ ਵਾਲੀ ਗੱਲ ਨਹੀਂ ਸੀ। ਮੇਰੇ ਅਨੁਸਾਰ ਫਿਰ ਉਸ ਦੇ ਘਰ ਦੇ ਮਹੌਲ ਨੇ ਹੀ ਉਸ ਨੂੰ ਪਰੇਸ਼ਾਨ ਕੀਤਾ ਹੋਣੈ। ਉਸ ਦੇ ਪਾਪਾ ਨੇ ਸ਼ਰਾਬ ਪੀ ਕੇ ਘਰ ਵਿਚ ਖ਼ਰੂਦ ਕਰਨਾ ਸ਼ੁਰੂ ਕਰ ਦਿੱਤਾ ਹੋਣੈ। ਪੜ੍ਹਨ ਵਾਲੀ ਲੜਕੀ ਹੈ, ਹੋਰ ਕੋਈ ਐਸੀ ਵੈਸੀ ਗੱਲ ਤਾਂ ਹੋ ਨਹੀਂ ਸਕਦੀ। " ਵੇਖੋ ਬੇਟੇ, ਬੰਦਾ ਉਹੀ ਹੈ ਜਿਹੜਾ ਮੁਸ਼ਕਲ ਵਾਲੇ ਹਾਲਤਾਂ ਨਾਲ ਵੀ ਸੰਘਰਸ਼ ਕਰਨ ਦੀ ਹਿੰਮਤ ਰੱਖਦਾ ਹੋਵੇ। " ਮੈਂ ਬੋਲਣਾ ਸ਼ੁਰੂ ਕੀਤਾ ਤੇ ਉਸ ਦਾ ਰੋਣਾ ਹੋਰ ਵੀ ਤੇਜ ਹੋ ਗਿਆ।

" ਘਰਾਂ ਦੇ ਝਗੜੇ ਝੇੜੇ ਨਿਪਟਾਉਣੇ ਕੋਈ ਬਹੁਤੇ ਔਖੇ ਨਹੀਂ ਹੁੰਦੇ। ਬਾਹਰ ਜੂਝਣਾ ਕਠਿਨ ਹੁੰਦਾ ਹੈ। ਮੇਰੇ ਵੱਲ ਵੇਖ। ਤੈਨੂੰ ਘਰ ਦੀ ਮੇਰੀ ਮੁਸ਼ਕਲ ਦਾ ਵੀ ਪਤੈ ਤੇ ਸਕੂਲ ਵਿਚ ਵੀ ਕੀ ਕੁੱਝ ਹੁੰਦਾ ਰਿਹੈ, ਏਹ ਵੀ ਤੈਨੂੰ ਪਤੈ। ਮੈਂ ਸੱਭ ਥਾਂ ਲੜਿਆ ਹਾਂ। ਬੰਦੇ ਵਿਚ ਹਿੰਮਤ ਹੋਣੀ ਚਾਹੀਦੀ ਹੈ।" ਮੈਂ ਬੋਲ ਰਿਹਾ ਸਾਂ ਤੇ ਉਸ ਦਾ ਰੋਣਾ ਮੋਹਲੇਧਾਰ ਮੀਂਹ ਵਿਚ ਬਦਲ ਰਿਹਾ ਸੀ। ਵਿਚ ਦੀ ਉਹ ਰੋਂਦੀ ਰੋਂਦੀ ਮੇਰੀ ਗੱਲ ਦਾ ਹੁੰਗਾਰਾ ਵੀ ਭਰੀ ਜਾਂਦੀ ਸੀ। " ਸਭ ਤੋਂ ਔਖਾ, ਬੰਦੇ ਦਾ ਆਪਣੇ ਆਪ ਨਾਲ ਲੜਨਾ ਹੁੰਦਾ ਹੈ। ਏਥੇ ਆ ਕੇ ਬੰਦਾ ਬੇਵੱਸ ਹੋ ਜਾਂਦੈ। ਉਸ ਦੀ ਕੋਈ ਪੇਸ਼ ਨਹੀਂ ਜਾਂਦੀ। ਉਹ ਸਹੀ ਵਿਸ਼ਲੇਸ਼ਣ ਨਹੀਂ ਕਰ ਸਕਦਾ। ਜੇਕਰ ਉਹ ਤਰਕ ਤੋਂ ਕੰਮ ਲੈਂਦਾ ਹੋਵੇ ਤਾਂ ਉਹ ਠੀਕ ਗਲਤ ਦਾ ਨਿਰਣਾ ਕਰ ਸਕਦਾ ਹੈ। ਠੀਕ ਗਲਤ ਦੇ ਨਿਰਣੇ ਨਾਲ ਉਹ ਸਮੱਸਿਆ ਦਾ ਹੱਲ ਸੌਖਿਆਂ ਹੀ ਕਰ ਲੈਂਦਾ ਹੈ। ਅਸਲ ਵਿਚ ਆਪਣੇ ਆਪ ਨਾਲ ਲੜਾਈ ਕਿਸੇ ਐਹੋ ਜਿਹੀ ਸਮੱਸਿਆ ਵਿਚੋਂ ਪੈਦਾ ਹੋਈ ਹੁੰਦੀ ਹੈ ਜਿਸ ਦਾ ਹੱਲ ਬੰਦੇ ਕੋਲ ਆਪਣੇ ਕੋਲ ਹੀ ਹੁੰਦਾ ਹੈ। ਉਹ ਆਪਣੀਆਂ ਭਾਵਨਾਵਾਂ ਅੱਗੇ ਬੇਵੱਸ ਹੋਇਆ ਕੋਈ ਨਿਰਣਾ ਨਹੀਂ ਕਰ ਸਕਦਾ। ਅਜਿਹੇ ਸਮੇਂ ਦ੍ਰਿੜ ਇਰਾਦੇ ਅਤੇ ਦਲੇਰੀ ਭਰੇ ਕਦਮ ਚੁੱਕਣ ਦੀ ਲੋੜ ਹੁੰਦੀ ਹੈ। ਪਰੰਤੂ ਇਸ ਲਈ ਦਿਮਾਗ ਤੇ ਲੋੜੋਂ ਕਿਤੇ ਜਿਆਦਾ ਬੋਝ ਪਾਉਣਾ ਪੈਂਦਾ ਹੈ। ਜੇ ਦਿਮਾਗ ਨੇ ਸੋਚ ਲਿਆ, ਠੀਕ ਫ਼ੈਸਲਾ ਲੈ ਲਿਆ, ਦ੍ਰਿੜ ਇਰਾਦੇ ਨਾਲ ਦਲੇਰੀ ਭਰਿਆ ਕਦਮ ਚੁੱਕ ਲਿਆ ਤਾਂ ਬੰਦਾ ਇਸ ਲੜਾਈ ਨੂੰ ਵੀ ਫ਼ਤਹਿ ਕਰ ਲੈਂਦਾ ਹੈ। ਬੱਸ ਇਸ ਦਾ ਇਹੀ ਇਕੋ-ਇੱਕ ਹੱਲ ਹੁੰਦੈ। " ਮੈਂ ਬੋਲ ਰਿਹਾ ਸਾਂ, ਰੋਂਦੀ ਰੋਂਦੀ ਉਹ ਚੁੱਪ ਕਰ ਗਈ, ਉੱਠ ਕੇ ਖੜ੍ਹੀ ਹੋ ਗਈ ਤੇ ਹੱਥ ਜੋੜ ਕੇ ਮੈਨੂੰ ਫ਼ਤਹਿ ਬੁਲਾ ਕੇ ਤੁਰ ਪਈ। ਮੈਂ ਅਵਾਕ ਰਹਿ ਗਿਆ।

" ਮੈਂ ਥੋੜ੍ਹਾ ਜਿਹਾ ਲੇਟ ਹੋ ਗਈ ਸੀ। ਮੈਂ ਚਾਹ ਲੈ ਕੇ ਆਈ ਤੇ ਉਹ ਚਲੀ ਗਈ।" ਪਤਨੀ ਟਰੇਅ ਵਿਚ ਚਾਹ ਦੇ ਦੋ ਕੱਪ ਰੱਖ ਕੇ ਲਿਆਈ ਸੀ। ਇਕ ਕੱਪ ਉਸ ਨੇ ਮੈਨੂੰ ਫੜਾਇਆ ਤੇ ਦੂਸਰਾ ਆਪ ਫੜ੍ਹ ਕੇ ਮੈਨੂੰ ਉਸ ਕੁੜੀ ਦੇ ਆਉਣ ਦੇ ਕਾਰਨ ਬਾਰੇ ਪੁੱਛਣ ਲੱਗੀ। " ਕੁਛ ਨ੍ਹੀਂ , ਦਸਵੀਂ ਬਾਰ੍ਹਵੀਂ ਇਸ ਨੇ ਸਾਡੇ ਸਕੂਲ ਵਿਚੋਂ ਕੀਤੀ ਹੈ। ਦਸਵੀਂ ਵਿਚ ਇਸ ਨੂੰ ਸਮੱਸਿਆ ਆ ਗਈ ਸੀ। ਇਸ ਦੇ ਪਿਓ ਨੇ ਘਰ ਦਾ ਮਾਹੌਲ ਖ਼ਰਾਬ ਕੀਤਾ ਸੀ। ਇਸ ਨੇ ਮੇਰੇ ਕੋਲ ਗੱਲ ਕੀਤੀ। ਇਸ ਦੇ ਪਿਓ ਨੂੰ ਮੈਂ ਇਕ ਦਿਨ ਸਕੂਲ ਹੀ ਬੁਲਾ ਲਿਆ ਸੀ। ਮੈਂ ਇਸ ਦੇ ਪਿਓ ਨੂੰ ਸਮਝਾਇਆ ਸੀ। ਉਹ ਠੀਕ ਹੋ ਗਿਆ ਸੀ ਤੇ ਇਸ ਨੇ ਦਸਵੀਂ ਬਾਰ੍ਹਵੀਂ ਚੰਗੇ ਨੰਬਰਾਂ ਵਿਚ ਪਾਸ ਕਰ ਲਈ ਸੀ। ਇਸ ਨੇ ਪੀ.ਐਸ.ਟੀ.ਐਸ. ਈ. ਪਾਸ ਕਰਕੇ ਵਜ਼ੀਫ਼ਾ ਵੀ ਹਾਸਲ ਕੀਤਾ ਸੀ। ਪੜ੍ਹਨ ਵਿਚ ਬਹੁਤ ਹੁਸ਼ਿਆਰ ਹੈ। ਬੜੀ ਮਿਹਨਤੀ ਲੜਕੀ ਹੈ। ਹੁਣ ਇਹ ਬੀ.ਐਸ.ਸੀ. ਨਾਨ ਮੈਡੀਕਲ ਕਰ ਰਹੀ ਹੈ। ਹੁਣ ਪਿਓ ਫਿਰ ਖ਼ਰਾਬ ਕਰ ਰਿਹਾ ਹੋਣੈ। ਰੋਂਦੀ ਸੀ, ਵਿਚਾਰੀ। ਦੱਸਿਆ ਕੁਛ ਨ੍ਹੀਂ। ਰੋਂਦੀ ਰੋਂਦੀ ਹੀ ਉੱਠ ਕੇ ਚਲੇ ਗਈ ਆ।" ਪਤਨੀ ਨੂੰ ਮੈਂ ਸੰਖੇਪ ਵਿਚ ਦੱਸਿਆ।

" ਹਾਂ, ਬੀ.ਐਸ.ਸੀ. ਵਿਚ ਤਾਂ ਮਿਹਨਤ ਵੀ ਖ਼ਾਸੀ ਕਰਨੀ ਪੈਂਦੀ ਆ। ਜੇ ਘਰੇ ਮਹੌਲ ਖ਼ਰਾਬ ਹੋਵੇ ਤਾਂ ਬੱਚਾ ਪੜ੍ਹ ਕਿੱਥੋਂ ਲਵੇਗਾ। ਪੜ੍ਹਨ ਲਈ ਇਕਾਗਰਤਾ ਅਤੇ ਸ਼ਾਂਤ ਮਹੌਲ ਦੀ ਲੋੜ ਹੁੰਦੀ ਹੈ।" ਪਤਨੀ ਨੇ ਗੱਲ ਕੀਤੀ ਤੇ ਅਸੀਂ ਚਾਹ ਪੀ ਕੇ ਉੱਠ ਕੇ ਖੜ੍ਹੇ ਹੋ ਗਏ।

ਬਹੁਤ ਦਿਨ ਲੰਘ ਗਏ। ਉਹ ਕੁੜੀ ਨਾ ਆਈ। ਮੈਨੂੰ ਵੀ ਗੱਲ ਵਿੱਸਰ ਗਈ। ਫਿਰ ਇਕ ਦਿਨ ਆਈ ਤੇ ਬੜੀ ਖੁਸ਼ ਖੁਸ਼ ਲੱਗ ਰਹੀ ਸੀ। ਉਸ ਨੇ ਮੈਨੂੰ ਸਤਿ ਸ਼੍ਰੀ ਅਕਾਲ ਬੁਲਾਈ ਤੇ ਕੋਲ ਫੜ੍ਹੇ ਲਿਫ਼ਾਫ਼ੇ ਵਿਚੋਂ ਮਠਿਆਈ ਵਾਲਾ ਡੱਬਾ ਕੱਢ ਕੇ ਮੇਰੇ ਵੱਲ ਵਧਾ ਦਿੱਤਾ।" ਸਰ, ਵਧਾਈਆਂ ਥੋਨੂੰ। ਮੂੰਹ ਮਿੱਠਾ ਕਰੋ ਤੇ ਮੈਨੂੰ ਅਸ਼ੀਰਵਾਦ ਦਿਓ। ਮੈਂ ਕੈਨੇਡਾ ਜਾ ਰਹੀ ਹਾਂ। ਸਟੱਡੀ ਬੇਸ ਤੇ। ਤੁਸੀਂ ਇਕ ਵਾਰੀ ਫਿਰ ਮੈਨੂੰ ਮੰਝਧਾਰ ਵਿਚੋਂ ਕੱਢ ਦਿੱਤਾ।" ਅੱਜ ਉਹ ਪੂਰੇ ਆਤਮ ਵਿਸ਼ਵਾਸ਼ ਨਾਲ ਭਰੀ ਹੋਈ ਸੀ। ਬੜੇ ਅਰਾਮ ਨਾਲ ਉਹ ਸੋਫ਼ੇ ਤੇ ਬੈਠ ਗਈ ਤੇ ਹੱਸਦੀ ਹੋਈ ਨੇ ਦੁਬਾਰਾ ਗੱਲ ਸ਼ੁਰੂ ਕਰ ਦਿੱਤੀ," ਸਰ ਉਸ ਦਿਨ ਮੇਰਾ ਬੁਰਾ ਹਾਲ ਸੀ। ਤੁਸੀਂ ਵੇਖਿਆ ਹੀ ਸੀ। ਮੇਰੇ ਵਿਚ ਗੱਲ ਕਰਨ ਦੀ ਵੀ ਹਿੰਮਤ ਨਹੀਂ ਸੀ। ਮੇਰਾ ਖ਼ੁਦਕੁਸ਼ੀ ਕਰਨ ਨੂੰ ਜੀਅ ਕਰਦਾ ਸੀ। ਮੈਨੂੰ ਸਮਝ ਨਹੀਂ ਸੀ ਆਉਂਦੀ, ਮੈਂ ਕੀ ਕਰਾਂ। ਮੈਨੂੰ ਲੱਗਦਾ ਸੀ , ਮੈਂ ਬਹੁਤ ਵੱਡੀ ਗਲਤੀ ਕਰ ਲਈ ਹੈ। ਬੱਸ ਮੈਂ ਖ਼ੁਦਕੁਸ਼ੀ ਕਰਨ ਈ ਵਾਲੀ ਸਾਂ ਕਿ ਇਕਦਮ ਥੋਡਾ ਖਿਆਲ ਆਇਆ। ਸੋਚਿਆ ਇਕ ਵਾਰੀ ਥੋਨੂੰ ਮਿਲ ਆਵਾਂ।" ਹੱਸ ਹੱਸ ਗੱਲ ਕਰਦੀ ਹੋਈ ਮੇਰੇ ਲਈ ਉਹ ਬੁਝਾਰਤ ਬਣ ਰਹੀ ਸੀ।" ਆਈ ਤਾਂ ਥੋਨੂੰ ਆਖਰੀ ਵਾਰੀ ਮਿਲਣ ਹੀ ਸੀ ਪਰ ਮਿਲਣ ਆਈ ਨੂੰ ਦੁਬਾਰਾ ਜ਼ਿੰਦਗੀ ਮਿਲ ਗਈ।" ਉਹ ਹੱਸੀ ਤੇ ਫਿਰ ਗੰਭੀਰ ਹੋ ਗਈ ਸੀ।

'ਬਾਹਰ ਜਾਣੈ, ਗਲਤੀ ਕਰ ਲਈ, ਖ਼ੁਦਕੁਸ਼ੀ ਕਰਨੀ', ਦੁਬਾਰਾ ਜ਼ਿੰਦਗੀ ਮਿਲ ਜਾਣੀ, ਅੱਜ ਉਹ ਉਲਟਾ ਮੈਨੂੰ ਸ਼ਸ਼ੋਪੰਜ ਵਿਚ ਪਾਈ ਜਾਂਦੀ ਸੀ।" ਚੱਲੋ ਚੰਗਾ ਹੋਇਆ, ਤੂੰ ਵੀ ਬਾਹਰ ਜਾਣ ਦਾ ਫੈਸਲਾ ਕਰ ਲਿਆ। ਸਾਰੇ ਟੇਲੈਂਟਡ ਬੱਚੇ ਬਾਹਰ ਜਾ ਰਹੇ ਆ। ਇਹੋ ਹਾਲ ਰਿਹਾ ਤਾਂ ਭਾਰਤ ਖਾਲੀ ਦਿਮਾਗ ਵਾਲੇ ਲੋਕਾਂ ਦਾ ਹੋ ਕੇ ਰਹਿ ਜਾਵੇਗਾ। . .ਪਰ ਮੈਨੂੰ ਤੇਰੀ ਗਲਤੀ ਵਾਲੀ, ਖ਼ੁਦਕੁਸ਼ੀ ਵਾਲੀ ਗੱਲ ਦੀ ਸਮਝ ਨਹੀਂ ਆਈ।" ਮੇਰੇ ਲਈ ਉਹ ਸੁਆਲੀਆ ਚਿੰਨ੍ਹ ਬਣੀ ਖੜ੍ਹੀ ਸੀ ਤੇ ਮੈਂ ਇਸ ਬਾਰੇ ਜਾਣਨਾ ਚਾਹੁੰਦਾ ਸਾਂ।

" ਸਰ, ਥੋਨੂੰ ਸਾਡੇ ਘਰ ਦੀ ਹਾਲਤ ਦਾ ਤਾਂ ਪਤਾ ਈ ਆ। ਬੀ.ਐਸ.ਸੀ. ਦੇ ਪਹਿਲੇ ਸਾਲ ਹੀ ਮੈਂ ਪਿੰਡ ਵਿਚ ਮੈਥ ਦੀ ਟਿਊਸ਼ਨ ਪੜ੍ਹਾਉਣੀ ਸ਼ੁਰੂ ਕਰ ਦਿੱਤੀ ਸੀ। ਸਾਡੇ ਪਿੰਡ ਇਕ ਪ੍ਰਾਈਵੇਟ ਸਕੂਲ ਆ ਤੇ ਇਸੇ ਸਕੂਲ ਵਾਲਿਆਂ ਨੇ ਹੀ ਮੈਨੂੰ ਟਿਊਸ਼ਨ ਦਿੱਤੀ ਸੀ, ਦਸਵੀਂ ਜਮਾਤ ਵਾਲੇ ਬੱਚਿਆਂ ਨੂੰ ਪੜ੍ਹਾਉਣਾ ਹੁੰਦੈ। ਪਹਿਲੇ ਸਾਲ ਉਹ ਮਹੀਨੇ ਦੇ ਤਿੰਨ ਹਜ਼ਾਰ ਰੁਪਏ ਦਿੰਦੇ ਸੀ, ਫਿਰ ਚਾਰ ਹਜ਼ਾਰ ਕੀਤਾ ਤੇ ਐਤਕੀ ਮੈਨੂੰ ਪੰਜ ਹਜ਼ਾਰ ਦਿੰਦੇ ਆ। ਮੇਰੀ ਪੜ੍ਹਾਈ ਵੀ ਸੌਖੀ ਚੱਲ ਰਹੀ ਸੀ ਤੇ ਘਰਦਿਆਂ ਦੀ ਵੀ ਸਹਾਇਤਾ ਹੋ ਰਹੀ ਸੀ।" ਉਸ ਨੇ ਗੱਲ ਵਿਸਥਾਰ ਨਾਲ ਕਰਨੀ ਸ਼ੁਰੂ ਕੀਤੀ। ਉਸ ਦੇ ਇਸ ਤਰ੍ਹਾਂ ਕਰਨ ਬਾਰੇ ਦੱਸਣ ਤੇ ਮੈਂ ਉਸ ਨੂੰ ਸ਼ਾਬਾਸ਼ ਦਿੱਤੀ, " ਜੇਕਰ ਸਾਰੇ ਬੱਚੇ ਤੇਰੇ ਵਾਂਗੂੰ ਕਰਨ ਲੱਗ ਪੈਣ ਤਾਂ ਗ਼ਰੀਬ ਘਰਾਂ ਦੇ ਬੱਚੇ ਪੜ੍ਹ ਵੀ ਸਕਦੇ ਆ ਤੇ ਮਾਪਿਆਂ ਤੇ ਬੋਝ ਵੀ ਨਹੀਂ ਰਹਿੰਦੇ। ਪਰ ਤੇਰੀ...।"

" ਹਾਂ, ਹਾਂ, ਸਰ ਮੈਂ ਅੱਗੇ ਦੱਸ ਰਹੀ ਸਾਂ, ਨਾ। ਬੱਸ ਤੁਸੀਂ ਸੁਣਦੇ ਜਾਵੋ। ਮੇਰਾ ਪੱਕਾ ਵਿਸ਼ਵਾਸ਼ ਹੈ ਕਿ ਤੁਸੀਂ ਮੇਰੇ ਨਾਲ ਹੋਵੋਗੇ। ਸ਼ਾਬਾਸ਼ ਦੇਵੋਗੇ।" ਥੋੜ੍ਹਾ ਚੁੱਪ ਕਰਕੇ ਉਸ ਨੇ ਫਿਰ ਬੋਲਣਾ ਸ਼ੁਰੂ ਕਰ ਦਿੱਤਾ," ਇਸ ਸਾਲ ਮੈਂ ਆਈਲੈਟਸ ਦੀ ਤਿਆਰੀ ਕੀਤੀ ਤੇ ਨੌਂ ਬੈਂਡ ਹਾਸਲ ਕਰ ਲਏ। ਪੜ੍ਹਨ ਲਈ ਮੈਨੂੰ ਆਫ਼ਰ ਆ ਗਈ ਤੇ ਵੀਜ਼ਾ ਵੀ ਮਿਲ ਗਿਆ। ਪਰ ਮੁਸ਼ਕਲ ਇਹ ਆ ਗਈ ਕਿ ਘਰਦਿਆਂ ਕੋਲ ਏਨੇ ਪੈਸੇ ਨਹੀਂ ਸੀ। ਮੈਂ ਫਿਰ ਪਤਾ ਕੀਤਾ। ਆਪਣੀ ਮਾਸੀ ਕੋਲ ਗਈ। ਉਸ ਦੀ ਲੜਕੀ ਪਹਿਲਾਂ ਹੀ ਜਾ ਚੁੱਕੀ ਹੈ। ਥੋਨੂੰ ਯਾਦ ਹੋਣੈ। ਉਹ ਆਪਣੇ ਕੋਲੋ ਹੀ ਪੜ੍ਹਦੀ ਸੀ। ਤੁਸੀਂ ਉਸ ਦੀ ਵੀ ਬੜੀ ਹੈਲਪ ਕਰਿਆ ਕਰਦੇ ਸੀ, ਅੱਗੇ



ਵਧਣ ਵਿਚ। . . ਪੜ੍ਹਾਈ ਕਰਨ ਲਈ ਜਾਣ ਵਾਲੀ ਲੜਕੀ ਜੇਕਰ ਵਿਆਹੀ ਹੋਵੇ ਤਾਂ ਓਥੇ ਜਾ ਕੇ ਉਹ ਆਪਣੇ ਹੱਸਬੈਂਡ ਨੂੰ ਓਥੇ ਬੁਲਾ ਸਕਦੀ ਹੈ। ਮੈਨੂੰ ਪਤਾ ਸੀ, ਮੇਰੀ ਸਕੀ ਮਾਸੀ ਆਵਦੇ ਮੁੰਡੇ ਨੂੰ ਕੈਨੇਡਾ ਭੇਜਣਾ ਚਾਹੁੰਦੇ ਹਨ, ਪਰ ਉਸ ਤੋਂ ਆਈਲੈਟਸ ਕਲੀਅਰ ਨਹੀਂ ਹੋਇਆ। ਤਿੰਨ ਚਾਰ ਵਾਰੀ ਉਸ ਨੇ ਟੱਕਰਾਂ ਮਾਰੀਆਂ। ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਮੇਰਾ ਸਾਰਾ ਕੁੱਝ ਕਲੀਅਰ ਹੋ ਗਿਆ ਹੈ ਤਾਂ ਮੇਰੀ ਮਾਸੀ ਵਾਸਤੇ ਤਾਂ ਰਾਹ ਹੀ ਖੁੱਲ੍ਹ ਗਿਆ ਸੀ। ਉਸ ਦੀਆਂ ਅੱਖਾਂ 'ਚ ਮੈਂ ਤੀਜ ਦੀਆਂ ਤੀਆਂ ਲੱਗੀਆਂ ਵੇਖੀਆਂ ਸਨ। ਮੇਰੇ ਸਿਰ ਤੇ ਹੱਥ ਰੱਖ ਕੇ ਮੈਨੂੰ ਬੜਾ ਪਿਆਰ ਦਿੱਤਾ। ਉਹ ਤਾਂ ਮੇਰੇ ਤੋਂ ਆਪਣਾ ਆਪ ਵਾਰਨਾ ਚਾਹੁੰਦੀ ਸੀ।" ਮੈਂ ਘਰੇ ਆਵਾਂਗੀ। ਤੇਰੀ ਮੰਮੀ ਨਾਲ ਗੱਲ ਕਰਾਂਗੀ। ਸਮਝ ਲੈ ਤੂੰ ਕੈਨੇਡਾ ਗਈ। ਬੱਸ ਤੂੰ ਜਹਾਜ਼ 'ਚ ਬੈਠਣ ਦੇ ਸੁਪਨੇ ਵੇਖ। ਪੈਸਿਆਂ ਦਾ ਕੀ ਆ, ਮੈਂ ਤਾਂ ਤੇਰੇ ਵਾਸਤੇ ਚਿੜੀਆਂ ਦਾ ਦੁੱਧ ਵੀ ਪੈਦਾ ਕਰ ਸਕਦੀ ਆਂ। ਆਵਦੀ ਮੰਮੀ ਨੂੰ ਆਖੀਂ, ਮੈਂ ਓਹਦੇ ਕੋਲ ਘਰੇ ਆਊਂਗੀ।" ਮਾਸੀ ਦੇ ਬੋਲਾਂ ਵਿਚੋਂ ਘੁੰਗਰੂਆਂ ਦੀ ਛਣਕਾਰ ਸੁਣਾਈ ਦਿੰਦੀ ਸੀ।

ਮੈਂ ਘਰ ਆ ਗਈ। ਮਾਸੀ ਤਾਂ ਦੂਸਰੇ ਦਿਨ ਹੀ ਪਿੰਡ ਸਾਡੇ ਘਰੇ ਪਹੁੰਚ ਗਈ।" ਵੇਖ ਪਾਸ਼ੋ ." ਮਾਸੀ ਨੇ ਮੇਰੀ ਮੰਮੀ ਨੂੰ ਆਖਣਾ ਸ਼ੁਰੂ ਕੀਤਾ। ਅੱਖਾਂ ਉਸ ਦੀਆਂ ਮੇਰੇ ਚਿਹਰੇ ਤੇ ਗੱਡੀਆਂ ਹੋਈਆਂ ਸਨ," ਸ਼ੀਰੀ ਜਾ ਸਕਦੀ ਹੈ। ਪੈਸੇ ਦਾ ਮੈਂ ਸਾਰਾ ਪ੍ਰਬੰਧ ਕਰ ਦਿੰਨੀ ਆਂ। ਇਹ ਓਥੇ ਚਲੀ ਜਾਵੇਗੀ। ਇਹ ਕੰਮ ਕੋਈ ਬਹੁਤਾ ਔਖਾ ਨ੍ਹੀਂ, ਆਪਾਂ ਨੂੰ ਰਲ਼ ਕੇ ਚੱਲਣਾ ਪੈਣੈ। ਕੈਨੇਡਾ ਜਾਣ ਲਈ ਤਾਂ ਲੋਕ ਸਾਰਾ ਕੁਛ ਦਾਅ ਤੇ ਲਾ ਦਿੰਦੇ ਆ। ਆਪਾਂ ਤਾਂ ਥੋੜ੍ਹੀ ਜਿਹੀ ਖੇਡ ਈ ਖੇਡਣੀ ਆ।"

" ਭੈਣੇ ਸਾਡੇ ਵਾਸਤੇ ਤਾਂ ਇਹੀ ਪਹਾੜ ਬਣਿਆ ਪਿਐ। ਤੈਨੂੰ ਤਾਂ ਪਤਾ ਈ ਆ, ਅਸੀਂ ਤਾਂ ਜਿਹੜੀ ਕਮਾਉਨੇ ਆ, ਉਹੀ ਖਾ ਲੈਨੇ ਆ। ਅਜੇ ਤਾਂ ਇਹ ਟਿਊਸ਼ਨ ਪੜਾਈ ਜਾਂਦੀ ਆ, ਆਪ ਵੀ ਪੜ੍ਹੀ ਜਾਂਦੀ ਆ ਤੇ ਘਰ ਦਾ ਗੁਜ਼ਾਰਾ ਵੀ ਹੋਈ ਜਾਂਦੈ।" ਮੰਮੀ ਦੀਆਂ ਗੱਲਾਂ ਵਿਚੋਂ ਬੇਵੱਸੀ ਸਪਸ਼ਟ ਝਲਕਦੀ ਸੀ।

" ਇਹ ਤਾਂ ਮੈਨੂੰ ਪਤੈ। ਤਾਂ ਹੀ ਤਾਂ ਮੈਂ ਥੋਡੀ ਹੈਲਪ ਕਰਨ ਦੀ ਸੋਚੀ ਆ। ਇਹੋ ਜ੍ਹੀ ਧੀ ਤਾਂ ਡੱਬੀ 'ਚ ਪਾ ਕੇ ਰੱਖਣ ਵਾਲੀ ਹੁੰਦੀ ਹੈ। ਏਹਦੇ ਬਾਹਰ ਜਾਣ ਦਾ ਪ੍ਰਬੰਧ ਕਰਦੂੰ ਮੈਂ ਸਾਰਾ, ਪਰ।" ਤੇ ਮਾਸੀ ਨੇ ਅੱਗੇ ਸੁਆਲੀਆ ਨਿਸ਼ਾਨ ਪੈਦਾ ਕਰ ਦਿੱਤਾ ਸੀ।

" ਲੈ ਦੱਸ ਭੈਣੇ, ਤੂੰ ਤਾਂ ਰੱਬ ਬਣ ਕੇ ਬਹੁੜੀ ਆਂ। ਏਸ ਵਿਚਾਰੀ ਦੀ ਜੂਨ ਸੁਧਰ ਜਾਣੀ ਆ। ਸੁਣਿਆ ਓਥੇ ਤਾਂ ਹੁਸ਼ਿਆਰ ਬੱਚਿਆਂ ਦੀ ਬੜੀ ਕਦਰ ਆ। ਸਾਡੇ ਤਾਂ ਏਥੇ ਗਧੇ ਘੋੜੇ ਦਾ ਇਕੋ ਮੁੱਲ ਆ।"

" ਹਾਂ, ਹਾਂ। ਇਹੋ ਤਾਂ ਮੈਂ ਕਹਿਨੀ ਆ।"

"ਸਾਥੋਂ ਛੇਤੀ ਤਾਂ ਪੈਸੇ ਮੋੜੇ ਨ੍ਹੀਂ ਜਾਣੇ। ਇਹ ਹੀ ਓਥੇ ਜਾ ਕੇ ਕਮਾਈ ਕਰੂਗੀ ਤਾਂ ਹੌਲ਼ੀ ਹੌਲ਼ੀ ਕਰਕੇ ਮੋੜ ਦੇਵੇਗੀ।"

" ਤੂੰ ਪੈਸਿਆਂ ਦਾ ਫਿਕਰ ਨਾ ਕਰ। ਆਪਣਾ ਕੁਛ ਵੰਡਿਆ ਹੋਇਆ। ਫਿਰ ਮੈਂ ਇਸ ਨੂੰ ਆਪਣੀ ਧੀ ਬਣਾ ਕੇ ਹੀ ਤਾਂ ਤੋਰੂੰਗੀ। ਭਾਣਜੀ ਕੀ ਤੇ ਧੀ ਕੀ। ਸਗੋਂ ਮੈਂ ਤਾਂ ਇਸ ਨੂੰ ਕਦੇ ਭਾਣਜੀ ਸਮਝਿਆ ਈ ਨ੍ਹੀਂ। ਹੁਣ ਮੈਂ ਜਵਾਂ ਈ ਧੀ ਬਣਾ ਲੈਨੀ ਆਂ। ਤੂੰ ਹਾਂ ਕਰ ਇਕ ਵਾਰੀ।" ਮਾਸੀ ਨੇ ਅੱਧਾ ਚੋਗਾ ਸੁੱਟ ਦਿੱਤਾ।

" ਲੈ ਫੇਰ ਮੈਨੂੰ ਕਾਹਦਾ ਫਿਕਰ।" ਮੇਰੀ ਮਾਂ ਵੱਡੀ ਭੈਣ ਦੇ ਪੈਰਾਂ ਵੱਲ ਨੂੰ ਝੁਕੀ।

" ਬੱਸ ਆਪਾਂ ਨੂੰ ਇਕ ਸਮਝੌਤਾ ਕਰਨਾ ਪੈਣੈ। ਇਸ ਨੂੰ ਉਥੇ ਆਵਦੇ ਵੀਰੇ ਨੂੰ ਬੁਲਾਉਣਾ ਪੈਣੈ। ਇਸ ਲਈ ਆਪਾਂ ਨੂੰ ਇਹਨਾਂ ਦਾ ਫ਼ਰਜ਼ੀ ਵਿਆਹ ਕਰਨਾ ਪੈਣੈ, ਦੋਨਾਂ ਭੈਣ ਭਰਾਵਾਂ ਦਾ। ਸੱਚੀਂ ਮੁੱਚੀ ਵਰਗਾ। ਮੈਰਿਜ਼ ਰਜਿਸਟਰਡ ਵੀ ਕਰਵਾਉਣੀ ਪੈਣੀ ਆ। ਸਾਰਾ ਕੁੱਝ ਪੂਰਾ ਕਰਨਾ ਪੈਣਾ ਹੈ। ਇਹ ਸਾਰਾ ਕੰਮ ਮੈਂ

ਆਪੇ ਸਿਰੇ ਲਾ ਦੇਵਾਂਗੀ। ਬੱਸ ਤੁਸੀਂ ਤਾਂ ਓਵੇਂ ਕਰੀ ਜਾਣੈ ਜਿਵੇਂ ਜਿਵੇਂ ਮੈਂ ਤੁਹਾਨੂੰ ਆਖੀਂ ਜਾਵਾਂ। ਇਹਦੇ ਜਾਣ ਲਈ ਸਾਰੇ ਪੈਸੇ ਦਾ ਪ੍ਰਬੰਧ ਅਸੀਂ ਆਪੇ ਕਰ ਦੇਵਾਂਗੇ। ਬੱਸ ਓਥੇ ਜਾ ਕੇ ਇਕ ਵਾਰੀ ਇਹ ਆਪਣੇ ਵੀਰੇ, ਫ਼ਰਜ਼ੀ ਬਣੇ ਪਤੀ ਨੂੰ ਓਥੇ ਬੁਲਾਊਗੀ। ਫਿਰ ਸਾਰਾ ਕੁੱਝ ਠੀਕ ਹੋ ਜਾਵੇਗਾ।" ਮਾਸੀ ਨੇ ਪੂਰੀ ਅਪਣੱਤ ਵਾਲੀਆਂ ਗੱਲਾਂ ਕੀਤੀਆਂ। ਤੇ ਫਿਰ ਮਾਸੀ ਸਾਡੀ ਹਾਂ ਸਮਝ ਕੇ ਵਾਪਸ ਚਲੀ ਗਈ।

ਉਹ ਸਾਹ ਲੈਣ ਲਈ ਰੁਕ ਗਈ ਤੇ ਫਿਰ ਬੋਲਣਾ ਸ਼ੁਰੂ ਕੀਤਾ," ਸਰ, ਹੁਣ ਮੇਰੀ ਆਪਣੇ ਆਪ ਨਾਲ ਲੜਾਈ ਸ਼ੁਰੂ ਹੋ ਗਈ ਸੀ।" ਮੇਰੀ ਮਾਸੀ ਨੇ ਵੱਡਾ ਪੱਤਾ ਖੇਡਿਆ ਸੀ। ਮੇਰੀ ਮੰਮੀ ਨੇ ਮੇਰੇ ਵੱਲ ਵੇਖਿਆ, ਮੈਂ ਮੰਮੀ ਵੱਲ ਤੇ ਅਸੀਂ ਹਾਮੀ ਭਰ ਦਿੱਤੀ ਸੀ।" ਸਾਰੀ ਖੇਡ ਉਵੇਂ ਹੀ ਹੋਈ ਤੇ ਮੈਂ ਇਕ ਗੁੱਡੀ ਬਣ ਕੇ ਖੇਡਦੀ ਗਈ ਸਾਂ। ਖੇਡ ਦੇ ਵਿਚ ਵਿਚ ਹੀ ਮੇਰਾ ਸਿਰ ਚੱਕਰ ਖਾਣ ਲੱਗ ਪਿਆ ਸੀ ਤੇ ਹੌਲ਼ੀ ਹੌਲ਼ੀ ਮੇਰੀ ਹਾਲਤ ਉਸ ਦਿਨ ਵਾਲੀ ਹੋ ਗਈ ਸੀ। ਇਕ ਪਲ ਇਕ ਗੱਲ ਠੀਕ ਲੱਗਦੀ ਤਾਂ ਦੂਸਰੇ ਪਲ ਉਹੀ ਗੱਲ ਗਲਤ ਲੱਗਣ ਲੱਗ ਪੈਂਦੀ। ਜਿਸ ਦਿਨ ਮੈਂ ਥੋਡੇ ਕੋਲ ਆਈ ਸਾਂ। ਸੋਚਿਆ ਸੀ ਥੋਨੂੰ ਦੱਸ ਕੇ ਸਿਰੋਂ ਭਾਰ ਲਾਹ ਲਵਾਂਗੀ ਤੇ ਫਿਰ ਗੋਲ਼ੀਆਂ ਨਿਗਲ ਲਵਾਂਗੀ। ਗੋਲ਼ੀਆਂ ਵਾਲੀ ਸ਼ੀਸ਼ੀ ਮੇਰੇ ਕੋਲ ਸੀ। ਮੇਰੀ ਆਪਣੇ ਆਪ ਨਾਲ ਲੜਾਈ ਸ਼ੁਰੂ ਹੋ ਗਈ ਸੀ। ਠੀਕ ਗਲਤ, ਚੰਗਾ ਮਾੜਾ, ਨੈਤਿਕ ਅਨੈਤਿਕ , ਬੱਸ ਮੈਂ ਕੋਈ ਫ਼ੈਸਲਾ ਨ੍ਹੀਂ ਕਰ ਸਕੀ ਸੀ। ਵਾਕਿਆ ਈ, ਆਪਣੇ ਆਪ ਨਾਲ ਲੜਾਈ ਦਾ ਨਿਰਣਾ ਔਖਾ ਹੋ ਜਾਂਦੈ।"

" ਫਿਰ ਅੱਜ ਇਹ ਮਠਿਆਈ ਵਾਲਾ ਡੱਬਾ, ਜਾਣ ਦਾ ਫ਼ੈਸਲਾ ਕਰ ਲਿਆ। ਠੀਕ ਗਲਤ ਦਾ ਨਿਰਣਾ ਕਰ ਲਿਆ? ਤਕੜੀ ਆਂ। ਹੋ ਸਕਦਾ ਮੈਂ ਨਿਰਣਾ ਨਾ ਕਰ ਸਕਦਾ।" ਹੁਣ ਮੈਂ ਝੁੰਜਲਾ ਗਿਆ ਸਾਂ।

" ਸਰ, ਮੈਂ ਫ਼ੈਸਲਾ ਕਰ ਲਿਆ। ਜੇ ਮਾਸੀ ਖੇਡ ਖੇਡ ਸਕਦੀ ਆ ਤਾਂ ਮੈਂ ਕਿਉਂ ਨ੍ਹੀਂ ਖੇਡ ਸਕਦੀ। ਆਖਰਕਾਰ ਮੇਰੇ ਵਿਚ ਵੀ ਮਾਸੀ ਵਰਗਾ ਕੁਛ ਤਾਂ ਹੋਣਾ ਚਾਹੀਦੈ।"

" ਵਾਹ ! ਕੀ?"

" ਥੋਡੀਆਂ ਗੱਲਾਂ ਮੇਰੇ ਜ਼ਿਹਨ ਵਿਚ ਬੈਠ ਗਈਆਂ। ਮੈਂ ਆਪਣੇ ਆਪ ਨਾਲ ਲੜੀ। ਆਪੇ ਨੂੰ ਲੜਾਈ ਵਿਚੋਂ ਬਾਹਰ ਕੱਢ ਕੇ ਸੋਚਿਆ ਤੇ ਅਖੀਰ ਜਿੱਤਣ ਵਾਲੇ ਫ਼ੈਸਲੇ ਤੇ ਪਹੁੰਚ ਗਈ। ਕੁੱਛ ਤਾਂ ਛੱਡਣਾ ਈ ਪੈਣਾ ਸੀ। ਨੈਤਿਕਤਾ ਦੇ ਅਰਥ ਬਦਲੇ ਤੇ ਫ਼ੈਸਲਾ ਹੋ ਗਿਆ। ਅਸਲ ਵਿਚ ਨੈਤਿਕਤਾ ਵਿਹੂਣਿਆਂ ਨਾਲ ਮਿੱਕਣ ਵਾਸਤੇ ਆਪ ਨੂੰ ਵੀ ਅਰਥਾਂ ਨੂੰ ਬਦਲਣਾ ਪੈਂਦੈ। ਜ਼ਹਿਰ ਦੇ ਅਸਰ ਨੂੰ ਜ਼ਹਿਰ ਨਾਲ ਹੀ ਖ਼ਤਮ ਕੀਤਾ ਜਾ ਸਕਦੈ। ਉਹ ਮੈਂ ਕਰ ਲਿਆ।"

"ਕੀ ?"

" ਮਾਸੀ ਦੇ ਪੈਸਿਆਂ ਨਾਲ , ਮੈਂ ਹੁਣ ਕੈਨੇਡਾ ਜਾਵਾਂਗੀ। ਜਿੰਨਾ ਚਿਰ ਓਥੇ ਆਪਣੇ ਪੈਰਾਂ ਸਿਰ ਨਹੀਂ ਹੋ ਜਾਂਦੀ, ਆਪਣੀ 'ਸਾਸੂ ਮਾਸੀ' ਤੋਂ ਪੈਸੇ ਵੀ ਮੰਗਵਾਉਂਦੀ ਰਹਾਂਗੀ। ਆਪਣੇ ਵੀਰੇ, ਮੇਰਾ ਮਤਲਬ ਆ ਆਪਣੇ ਫ਼ਰਜ਼ੀ ਪਤੀ ਨੂੰ ਕਦੋਂ ਬੁਲਾਉਣੈ ਤੇ ਕਦੋਂ ਨਹੀਂ ਬੁਲਾਉਣਾ ਇਹ ਤਾਂ ਮੇਰੇ ਹੱਥ ਵਿਚ ਹੀ ਰਹੇਗਾ। ਬਹੁਤੀ ਚਿੰਤਾ ਕਰਨ ਦੀ ਲੋੜ ਨ੍ਹੀਂ। ਉਲਟਾ ਮੰਮੀ ਨੂੰ ਆਖਾਂਗੀ, ਲੋੜ ਪੈਣ ਤੇ ਆਵਦੀ ਭੈਣ, ਮੇਰੀ ਮਾਸੀ, ਭਾਵ ਮੇਰੀ ਸੱਸ ਨੂੰ ਹੁਕਮ ਕਰ ਦਿਆ ਕਰ। ਇਹ ਤਾਂ ਮਦਾਰੀ ਦੇ ਹੁਕਮ ਵਾਂਗ ਬਾਂਦਰੀ ਨਾਚ ਨੱਚਿਆ ਕਰੂਗੀ।" ਤੇ ਉਸ ਨੇ ਮਿਠਿਆਈ ਵਾਲਾ ਡੱਬਾ ਖੋਲ੍ਹ ਕੇ ਮੇਰੇ ਅੱਗੇ ਕਰਦਿਆਂ ਮੈਨੂੰ ਮੂੰਹ ਮਿੱਠਾ ਕਰਨ ਲਈ ਆਖਿਆ।

**ਸੰਪਰਕ- 95010-20731**



## ਕਹਾਣੀ/ ਨਾਬਰ / - ਮਲਕੀਤ ਜੌੜਾ

ਮੋਢੇ ਉੱਤੇ ਕਹੀ ਅਤੇ ਬਗਲ ਵਿੱਚ ਪੱਲੀ ਲੈ ਕੇ ਪੱਠਿਆਂ ਨੂੰ ਜਾਣਾ, ਹਰੀ ਸਿੰਹੁ ਦੀ ਇਹ ਗੱਲ ਸਾਰੇ ਪਿੰਡ ਵਿਚ ਚਰਚਾ ਦਾ ਵਿਸ਼ਾ ਬਣੀ ਹੋਈ ਸੀ। ਦੂਸਰੇ ਭਾਈਚਾਰੇ ਵਾਲੇ ਬਹੁਤੇ ਲੋਕ ਤਾਂ ਵਾਲ੍ਹਾ ਬੁਰਾ ਮਨਾਉਂਦੇ ਕਿ ਹਰੀਆ ਮੋਢੇ ਉੱਤੇ ਕਹੀ ਰੱਖ ਖੇਤਾਂ 'ਚੋਂ ਪੱਠੇ ਖੋਤਣ ਜਾਂਦਾ ਹੈ।

ਸੁਭਾਅ ਦਾ ਜਰਾ ਅੜਬ ਤੇ ਤੱਤਾ ਹੋਣ ਕਰਕੇ ਕੋਈ ਉਸ ਨੂੰ ਕੁਝ ਵੀ ਕਹਿਣ ਦੀ ਹਿੰਮਤ ਨਾ ਕਰਦਾ, ਪਿੱਠ ਪਿੱਛੇ ਭਾਵੇਂ ਸੌ ਸੌ ਗੱਲਾਂ ਕਰਦੇ ਸਨ। ਹਰੀ ਸਿੰਹੁ ਨੇ ਅੱਧੀ ਤੋਂ ਜਿਆਦਾ ਉਮਰ ਭੋਗ ਲਈ ਸੀ, ਹਰ ਤਰ੍ਹਾਂ ਦਾ ਕੰਮ ਕਰ ਲੈਂਦਾ ਸੀ। ਤਰ੍ਹਾਂ ਤਰ੍ਹਾਂ ਦੇ ਲੋਕਾਂ ਨਾਲ ਮਿਲਿਆ ਗਿਲਿਆ ਹੋਣ ਕਰਕੇ ਡਰ ਤੇ ਝਿਜਕ ਉਸ ਉਸ ਦੇ ਨੇੜੇ ਤੇੜੇ ਨਹੀਂ ਸੀ ਦਿਸਦੇ। ਬੋਲਣ ਦਾ ਲਹਿਜਾ ਅਲੱਗ, ਖੜਕਵੀਂ ਆਵਾਜ਼, ਕਿਸੇ ਐਰੇ ਗੈਰੇ ਦੀ ਧੌਂਸ ਝੱਲਣਾ ਕਦੇ ਉਸ ਦੇ ਜੀਵਨ ਦਾ ਹਿੱਸਾ ਨਹੀਂ ਰਿਹਾ ਸੀ। ਜ਼ਿੰਦਗੀ ਜੀਉਣ ਦਾ ਉਸ ਦਾ ਆਪਣਾ ਅੰਦਾਜ਼ ਸੀ। ਨੰਗੇ ਪੈਰ ਰਹਿਣਾ, ਨਹਾਉਣਾ ਉਸਦਾ ਸਭ ਤੋਂ ਅਲੱਗ, ਨਹਾਉਣ ਲੱਗੇ ਉਹ ਪਹਿਲਾ ਇਕ ਬਾਂਹ ਧੋਂਦਾ, ਫਿਰ ਦੂਜੀ ਬਾਂਹ, ਫਿਰ ਇਕ ਲੱਤ ਨਲਕੇ ਦੀ ਬੋਕੀ ਹੇਠ ਕਰਦਾ, ਫਿਰ ਦੂਜੀ ਲੱਤ, ਤੇ ਫਿਰ ਪੈਰ ਅਤੇ ਹੱਥ ਥੱਲੇ ਲਾ ਕੇ ਨਲਕੇ ਦੀ ਬੋਕੀ ਹੇਠ ਪਿੱਠ ਕਰ ਲੈਂਦਾ, ਪਾਣੀ ਪਿੱਠ ਤੇ ਪੈਂਦਾ ਤਾਂ ਉਹ ਇਕ ਹੱਥ ਨਾਲ ਢਿੱਡ ਤੇ ਹੱਥ ਫੇਰ ਲੈਂਦਾ, ਨਲਕਾ ਗੇੜਨ ਵਾਲਾ ਨਲਕਾ ਗੇੜਦਾ ਰਹਿੰਦਾ, ਫਿਰ ਸਿਰ ਵਿਚ ਪਾਣੀ ਪਾਉਂਦਾ, ਮੂੰਹ ਤੇ ਹੱਥ ਫੇਰ ਲੈਂਦਾ, ਸਾਬਣ ਉਸ ਕਦੇ ਨਹੀਂ ਸੀ ਲਾਇਆ, ਸਰੀਰ ਨਰੋਆਂ ਵੀ ਸੀ। ਬਿਨਾ ਨਾਗਾ ਪਾਏ ਉਹ ਖੇਤਾਂ ਨੂੰ ਕਹੀ ਨਾਲ ਪੱਠੇ ਕੋਤਣ ਜਾਂਦਾ। ਕਹੀ ਮੋਢੇ ਉੱਤੇ ਰੱਖ ਖੇਤਾਂ ਨੂੰ ਜਾਣ ਪਿਛੇ ਉਸ ਦੀ ਕੀ ਸੋਚ ਸੀ ਉਹੀ ਜਾਣਦਾ ਸੀ। ਪਰ ਗੱਲ ਸਾਰੇ ਪਿੰਡ ਵਿਚ ਉੱਡੀ ਹੋਈ ਸੀ।

ਕਰਮ ਸਿੰਘ ਕੁਝ ਮਹੀਨੇ ਬਾਹਰ ਵਿਦੇਸ਼ ਰਹਿ ਕੇ ਪਿੰਡ ਵਾਪਿਸ ਗਿਆ ਸੀ। ਇਸ ਗੱਲ ਦੀ ਚਰਚਾ ਉਸਦੇ ਕੰਨੀ ਵੀ ਪਈ, ਉਸ ਨੇ ਆਪਣਾ ਸ਼ੱਕ ਦੂਰ ਕਰਨ ਲਈ ਆਪਣੇ ਭਾਈਚਾਰੇ ਦੇ ਕੁਝ ਮੋਹਤਵਰ ਬੰਦਿਆਂ ਨਾਲ ਸਾਂਝੀ ਕੀਤੀ। ਗੱਲ ਸੱਚ ਹੋਣ ਤੇ ਉਹ ਤਾਂ ਆਪੇ ਤੋਂ ਬਾਹਰ ਹੋ ਗਿਆ, ਆਪਣੇ ਬੰਦਿਆਂ ਨੂੰ ਬੁਰਾ ਭਲਾ ਆਖਣ ਲੱਗਾ।

"ਉਏ ! ਏਡਾ ਪਿੰਡ ਤੁਹਾਡੇ ਤੋਂ ਇਕ ਮਾਹਤੜ ਬੰਦਾ ਨਈਂ ਹਟਾਅ ਹੋਇਆ, ਮੈਂ ਦੱਸੂ ਤੁਹਾਨੂੰ ਉਹਨੂੰ ਰੋਕ ਕੇ? ਏਦਾ ਤਾਂ ਕੱਲ ਨੂੰ ਹਰ ਜਣਾ-ਖਣਾ ਸਾਡੇ ਸਿਰ ਉੱਤੇ ਆ ਬੈਠੂ, ਅੱਜ ਤੱਕ ਸਾਡੇ ਸਾਹਮਣੇ ਕਿਸੇ ਅੱਖ ਉੱਚੀ ਨਾ ਕੀਤੀ, ਇਹ ਮਾਹਤੜ ਬੰਦਾ ! ਏਦੂ ਪਹਿਲਾਂ ਇਨ੍ਹਾਂ ਲੋਕਾਂ ਦੇ ਤੇਵਰ ਹੋਰ ਹੋਣ ਪਹਿਲਾਂ ਹੀ ਨੱਥ ਲਿਆ ਜਾਵੇ।"

ਕਰਮ ਸਿੰਘ ਅੰਦਰ ਛੋਟੇ-ਵੱਡੇ ਊਚ-ਨੀਚ ਵਾਲਾ ਫਰਕ ਕੁਝ ਜ਼ਿਆਦਾ ਹੀ ਬੈਠਾ ਹੋਇਆ ਸੀ। ਉਹ ਆਪਣੇ ਆਪ ਨੂੰ ਵੱਡਾ ਤੇ ਉੱਚਾ ਸਮਝਦਾ ਸੀ। ਉਸ ਤੋਂ ਹਰੀ ਸਿੰਹੁ ਵਾਲੀ ਗੱਲ ਜਰੀ ਨਾ ਗਈ।

ਪਿੰਡ ਦੇ ਲੋਕ ਉਸ ਦਾ ਦਾਬਾ ਝੱਲਦੇ ਹੋਣ ਕਰਕੇ ਉਸ ਨੇ ਹਰੀ ਸਿੰਹੁ ਨੂੰ ਇਕ ਦੋ ਵਾਰੀ ਰੋਕ ਕੇ ਵਰਜਿਆ ਵੀ, ਪਰ ਹਰੀ ਸਿੰਹੁ ਕਿੱਥੇ ਟਲਦਾ !

ਦੋਵੇਂ ਪਿੰਡ ਵਿਚ ਆਪਣੇ ਆਪਣੇ ਭਾਈਚਾਰੇ ਵਿਚ ਆਪਣੀ ਪੈਂਠ ਰੱਖਦੇ ਸਨ। ਲੋਕ ਵੀ ਗੱਲਾਂ ਕਰਦੇ, ਹੁਣ ਤਾਂ ਬਣੀ 'ਸ਼ੇਰ ਨੂੰ ਸਵਾ ਸ਼ੇਰ ਟੱਕਰੂ।"

ਰੋਜ਼ ਦੀ ਤਰ੍ਹਾਂ ਹਰੀ ਸਿੰਹੁ ਮੋਢੇ ਉੱਤੇ ਕਹੀ ਰੱਖ ਖੇਤਾਂ ਵੱਲ ਪੱਠਿਆਂ ਨੂੰ ਜਾ ਰਿਹਾ ਸੀ, ਤਾਂ ਕਰਮ

ਸਿੰਘ ਉਸਦੇ ਪਿੱਛੇ ਪਿੱਛੇ ਚਲ ਪਿਆ, ਮੀਲ ਕੁ ਅੱਗੇ ਜਾ ਕੇ ਹਰੀ ਸਿੰਹੁ ਨੇ ਪੱਲੀ ਬੰਨੇ ਤੇ ਰੱਖੀ ਤੇ ਕਹੀ ਨਾਲ ਘਾਹ ਖੋਤਣ ਲੱਗ ਪਿਆ।

ਦੂਜੇ ਖੇਤ ਵਿਚ ਜਰਾ ਕੁ ਪਰ੍ਹਾ ਕਰਮ ਸਿੰਘ ਦਾ ਭਰਾ ਆੜ ਸਾਫ਼ ਕਰ ਰਿਹਾ ਸੀ। ਹਰੀ ਸਿੰਹੁ ਆਪਣੇ ਧਿਆਨ ਘਾਹ ਖੋਤ ਰਿਹਾ ਸੀ, ਨਾਲੇ ਗੁਣ ਗੁਣਾ ਰਿਹਾ ਸੀ। ਕਰਮ ਸਿੰਘ ਉਸ ਦੇ ਕੋਲ ਆਇਆ ਤੇ ਤੈਸ ਵਿਚ ਆ ਕੇ ਬੋਲਣ ਲੱਗਾ,

"ਉਏ ਹਰੀਆ ! ਦੇਖ ਆਹ ਕੰਮ ਤੇਰੇ ਲਈ ਚੰਗਾ ਨਈਂ, ਤੂੰ ਪੁੱਠੀ ਰੀਤ ਚਲਾਉਣ ਤੇ ਤੁਲਿਆ ਹੋਇਆ ਏ।"

ਕਹੀ ਛੱਡ ਹਰੀ ਸਿੰਹੁ ਬੋਲਿਆ, "ਕੀ ਹੋਇਆ ਕਰਮਿਆ?"

"ਕੀ ਨਹੀਂ ਹੋਇਆ, ਤੂੰ ਪਿਛਲੇ ਕੁਝ ਮਹੀਨਿਆਂ ਤੋਂ ਕੀ ਨਵਾਂ ਕੰਮ ਫੜਿਆ ਹੋਇਆ? ਜੇ ਸਾਡੀਆਂ ਵੱਟਾਂ ਤੋਂ ਪੱਠੇ ਖੋਤਣੇ ਆਂ ਤਾਂ ਰੰਬੇ ਨਾਲ ਖੋਤ, ਜੋ ਤੁਹਾਡੀ ਰੀਤ ਹੈ, ਨਹੀਂ ਤਾਂ ਅਸੀਂ ਸਾਰੇ ਭਾਈਚਾਰੇ ਨੇ ਖੇਤਾਂ ਵਿਚ ਪੈਰ ਨਈਂ ਪਾਉਂਣ ਦੇਣਾ ਤੁਹਾਨੂੰ, ਉਧਰ ਦੇਖ ਮੇਰੇ ਭਰਾ ਵੱਲਾਂ, ਫਿਰ ਆਪਣੇ ਵੱਲ ਦੇਖ, ਲੱਗਦਾ ਤੂੰ ਕੰਮੀ, ਕਮੀਣ ਏ ਤੇ ਉਹ ਮਾਲਕ, ਤੂੰ ਤਾਂ ਸਾਡੀ ਬਰਾਬਰੀ ਕਰਦਾ ਏ।"

"ਇਹਦੇ 'ਚ ਬਰਾਬਰੀ ਕਾਹਦੀ ਕਰਮਿਆ, ਪੱਠੇ ਖੋਤਣੇ ਆਂ, ਰੰਬੀ ਨਾਲ ਨਾ ਸਹੀ ਕਹੀ ਨਾਲ ਖੋਤ ਲਏ" ਹਰੀ ਸਿੰਹੁ ਬੋਲਿਆ।

"ਮੈਂ ਤੈਨੂੰ ਚੰਗੀ ਤਰ੍ਹਾਂ ਜਾਣਦਾ, ਤੇਰੇ ਅੰਦਰ ਜਿਹੜੀ ਗੱਲ ਐ, ਕੰਮੀ-ਕਮੀਣ ਹੋਣ ਦੇ ਬਾਵਜੂਦ ਵੀ ਤੂੰ ਆਪਣੇ ਆਪ ਨੂੰ ਸਾਡੇ ਨਾਲੋਂ ਘਟ ਨਈਂ ਸਮਝਦਾ। ਸਾਡੀ ਬਰਾਬਰੀ ਕਰਨ ਲਈ ਹੀ ਤੂੰ ਨਵੀਂ ਰੀਤ ਪਾਈ ਆ।

ਅੱਜ ਸਦੀਆਂ ਹੋ ਗਈਆਂ ਕੋਈ ਕੰਮੀ ਕਮੀਣ ਦੇਖਿਆ ਕਦੇ ਮੋਢੇ ਉੱਤੇ ਕਹੀ ਰੱਖ ਪੱਠਿਆਂ ਨੂੰ ਜਾਂਦਾ ਬੇਗਾਨੇ ਖੇਤਾਂ 'ਚੋਂ ਕਹੀ ਨਾਲ ਪੱਠੇ ਖੋਤਦਾ। ਤੁਹਾਡੀ ਪਛਾਣ ਰੰਬਾ ਹੀ ਆ, ਕਹੀ ਸਾਡੀ ਪਛਾਣ ਏ?"

"ਹੁਣ ਕੋਲੋ ਲੰਘਣ ਵਾਲਾ ਜਦੋਂ ਦੇਖੇਗਾ ਤਾਂ ਕਹਿ ਸਕੇਗਾ ਕਿ ਤੂੰ ਕੰਮੀ ਕਮੀਣ ਅਤੇ ਉਹ ਸਰਦਾਰ ਏ, ਦੇਖਣ ਵਾਲੇ ਨੇ ਤਾਂ ਇਹੀ ਸਮਝਣਾ ਇਹ ਖੇਤਾਂ ਦਾ ਮਾਲਕ ਹੁਣੈ।" ਪਰ ਹਰੀ ਸਿੰਹੁ ਨੇ ਬਿਨ੍ਹਾ ਪਰਵਾਹ ਕਰਮ ਸਿੰਘ ਦੀ ਕਿਸੇ ਗੱਲ ਦਾ ਕੋਈ ਸਿੱਧਾ ਜਵਾਬ ਨਾ ਦਿੱਤਾ। ਸਮਝੌਤੇ ਵਾਲਾ ਜਵਾਬ ਨਾ ਸੁਣ ਕੇ ਕਰਮ ਸਿੰਘ ਗੁੱਸੇ ਵਿਚ ਆ ਗਿਆ। ਜਿਸ ਨੂੰ ਉਸ ਨੇ ਆਪਣੀ ਇੱਜਤ ਦਾ ਸਵਾਲ ਬਣਾ ਲਿਆ। ਦੋਵੇ ਆਪੋ ਆਪਣੀ ਜਿੱਦ ਤੇ ਅੜ ਗਏ। ਗੱਲ ਪੰਚਾਇਤ ਤਕ ਪਹੁੰਚ ਗਈ।

ਹਰੀ ਸਿੰਹੁ ਨੂੰ ਬਰਾਦਰੀ ਵਾਲਿਆਂ ਨੇ ਬਥੇਰਾ ਸਮਝਾਇਆ ਪਰ ਉਸ ਕਿਸੇ ਦੀ ਨਾ ਸੁਣੀ?

ਕਰਮ ਸਿੰਘ ਨੇ ਆਪਣੇ ਭਾਈਚਾਰੇ ਨਾਲ ਸਲਾਹ ਮਸ਼ਵਰਾ ਕਰਕੇ ਪੁਰਾਣਾ ਹੱਲ ਲੱਭਿਆ, "ਹਰੀ ਸਿੰਹੁ ਤੇ ਉਸ ਦੀ ਬਰਾਦਰੀ ਦਾ ਬਾਈਕਾਟ ਕੀਤਾ ਜਾਵੇ, ਕਿਸੇ ਨੂੰ ਵੀ ਖੇਤਾਂ ਵਿੱਚ ਵੜਨ ਨਾ ਦਿੱਤਾ ਜਾਵੇ?"

ਦੱਬਵੀਂ ਸੁਰ ਵਿਚ ਇਹ ਅਨਾਂਊਸਮੈਂਟ ਦੁਰਦੁਆਰੇ ਦੇ ਸਪੀਕਰ ਤੋਂ ਕੀਤੀ ਗਈ। ਹਰੀ ਸਿੰਹੁ ਦੇ ਨਾਲ ਬਾਕੀ ਬਰਾਦਰੀ ਨੇ ਉਸ ਅਨਾਂਊਸਮੈਂਟ ਨੂੰ ਕੋਈ ਅਹਿਮੀਅਤ ਨਾ ਦਿੱਤੀ।

ਵੋਟਾਂ ਦੇ ਦਿਨ ਹੋਣ ਕਰਕੇ ਕਰਮ ਸਿੰਘ ਹੁਣਾਂ ਬਹੁਤਾਂ ਜੋਰ ਬਰਾਦਰੀ ਤੇ ਨਾ ਦਿਖਾਇਆ। ਉਨ੍ਹਾਂ ਦਾ ਪੰਗਾ ਤਾਂ ਹਰੀ ਸਿੰਹੁ ਨਾਲ ਸੀ। ਜਿਹੜਾ ਹਮੇਸ਼ਾ ਵੋਟਾਂ ਵਿਚ ਕਰਮ ਸਿੰਘ ਹੁਣਾਂ ਦੇ ਵਿਰੁਧ ਭੁਗਤਦਾ ਆਇਆ ਸੀ।



ਹਰੀ ਸਿੰਹੁ ਕਰਮ ਸਿੰਘ ਦੀਆਂ ਸਭ ਚਾਲਾਂ ਜਾਣਦਾ ਸੀ। ਪਰ ਬਰਾਦਰੀ ਵਾਲੇ ਅੰਦਰੋਂ ਅੰਦਰ ਫਿਕਰਮੰਦ ਸਨ, ਜੇ ਇਨ੍ਹਾਂ ਲੋਕਾਂ ਨੇ ਸਾਡਾ ਬਾਈਕਾਟ ਕਰ ਦਿੱਤਾ ਤਾਂ ਸਾਡਾ ਤਾਂ ਔਖਾ ਹੋ ਜੂ, ਬਾਹਰ ਆਉਣਾ ਜਾਣਾ, ਪੱਠੇ ਡੱਠੇ ਦਾ। ਉਹ ਆਪਸ ਵਿਚ ਗੱਲਾਂ ਵੀ ਕਰਦੇ, ਲੱਗਦਾ, ਹੁਣ ਤਾਂ "ਕਣਕ ਨਾਲ ਘੁਣ ਵੀ ਪੀਸਿਆ ਜਾਊ।"

ਸਭ ਗੱਲਾਂ ਦਾ ਡਰ ਭੁਲਾ ਕੇ ਹਰੀ ਸਿੰਹੁ ਨੇ ਆਪਣਾ ਨੇਮ ਜਾਰੀ ਰੱਖਿਆ।

ਕਰਮ ਸਿੰਘ ਨੂੰ ਲੱਗਿਆ ਇਹ ਉਨ੍ਹਾਂ ਦੀ ਸਰਦਾਰੀ ਨੂੰ ਲਲਕਾਰ ਆ। ਆਪਣੀ ਹੇਠੀ ਸਮਝਦਿਆਂ ਕੁਝ ਸਬਰ ਤੋਂ ਕੰਮ ਲੈਂਦਿਆ, ਆਪਣੇ ਨਾਲ ਹੋਰ ਲੋਕਾਂ ਨੂੰ ਲੈ ਕੇ ਇਸ ਦਾ ਪੱਕਾ ਹੱਲ ਲੱਭਣ ਦੀਆਂ ਵਿਉਤਾਂ ਬਣਾਉਣ ਲੱਗੇ।

ਵੋਟਾਂ ਪੈਣ ਤੱਕ ਕੋਈ ਗੱਲਬਾਤ ਨਾ ਹੋਈ, ਉਹ ਦਿਨ ਸਾਂਤੀ ਨਾਲ ਲੰਘ ਗਏ ਜਿਵੇਂ ਪਿੰਡ ਵਿਚ ਕੋਈ ਗੱਲ ਹੀ ਨਾ ਹੋਵੇ।

ਹਰੀ ਸਿੰਹੁ ਦੇ ਵਿਹੜੇ ਵਿਚੋ ਇਕ ਦੋ ਬੰਦੇ ਕਰਮ ਸਿੰਘ ਦਾ ਪਾਣੀ ਭਰਦੇ ਸਨ। ਚੌਧਰ ਦੇ ਭੁੱਖੇ ਹੋਣ ਕਰਕੇ ਕਰਮ ਸਿੰਘ ਦੇ ਦਰ ਘਰ ਵੀ ਜਾਂਦੇ ਆਉਂਦੇ ਰਹਿੰਦੇ ਇਨ੍ਹਾਂ ਵਿਚੋਂ ਇਕ ਤੇ ਤਾਂ ਕਰਮ ਸਿੰਘ ਦਾ ਵੱਡਾ ਅਹਿਸਾਨ ਸੀ ਕਿ ਕਰਮ ਸਿੰਘ ਨੇ ਆਪਣੇ ਅਸਰ ਰਸੂਖ ਸਦਕਾ ਸਰਪੰਚੀ ਦੀਆਂ ਚੋਣਾਂ ਸਮੇਂ ਦੂਸਰੀ ਪਾਰਟੀ ਦੇ ਸਾਰੇ ਬੰਦਿਆ ਦੇ ਕਾਗਜ ਗਲਤ ਮਲਤ ਕਰਵਾ ਕੇ ਇਸ ਨੂੰ ਬਿਨ ਚੋਣ ਦੇ ਸਰਪੰਚੀ ਦੁਆ ਦਿੱਤੀ ਸੀ। ਭਾਵੇਂ ਉਸ ਨੂੰ ਪਤਾ ਇੱਲ ਦਾ ਕੁੱਕੜ ਵੀ ਨਹੀਂ ਸੀ। ਬੱਸ ਜੀ ਹਜ਼ੂਰੀ ਨਾਲ ਹੀ ਸਰਪੰਚੀ ਮਿਲ ਗਈ ਸੀ। ਕਰਮ ਸਿੰਘ ਨੇ ਉਹਨਾਂ ਨੂੰ ਆਪਣੇ ਨਾਲ ਗੰਢ ਲਿਆ, ਅੰਦਰੋਂ ਅੰਦਰੀ ਹਰੀ ਸਿੰਹੁ ਨੂੰ ਸਬਕ ਸਿਖਾਉਣ ਲਈ ਸੋਚਾਂ ਦੇ ਘੋੜੇ ਦੁੜਾਉਣ ਲੱਗੇ।

ਕੁਝ ਦਿਨ ਕੋਈ ਗੱਲ ਨਾ ਹੋਈ, ਤਾਂ ਲੋਕ ਵੀ ਇਹੀ ਸਮਝਣ ਲੱਗੇ ਕਿ ਗੱਲ ਮੁੱਕ ਗਈ ਹੈ। ਨਹੀਂ ਤਾਂ ਹੁਣ ਤੱਕ ਕੁਝ ਵੱਡਾ ਹੋ ਜਾਣਾ ਸੀ। ਕਿਉਂਕਿ ਕਰਮ ਸਿੰਘ ਟਿਕ ਕੇ ਬਹਿਣ ਵਾਲਾ ਨਹੀਂ ਸੀ।

ਵੋਟਾਂ ਦਾ ਕੰਮ ਮੁੱਕਦਿਆ ਇਕ ਦਿਨ ਦੁਪਹਿਰਾਂ ਵੇਲੇ ਧਮਾਕਾ ਜਿਹਾ ਹੋਇਆ ਪਿੰਡ ਵਿਚ ਪੁਲਿਸ ਆਈ ਦੇਖ ਲੋਕ ਹੈਰਾਨ ਸਨ। ਪਰ ਅੰਦਰੋਂ ਅੰਦਰੀ ਕੁਝ ਬੰਦਿਆਂ ਨੂੰ ਗੱਲ ਖੁੜਕ ਗਈ ਸੀ। ਪੁਲਿਸ ਸਿੱਧੀ ਹਰੀ ਸਿੰਹੁ ਦੀ ਹਵੇਲੀ ਵੱਲ ਗਈ, ਉੱਥੇ ਕਮਰੇ 'ਚੋਂ ਬਾਹਰ ਆਉਂਦਿਆਂ ਪਾਈਆ ਅੱਧਾ ਕਿਲੋ ਭੁੱਕੀ ਪਾਲਸਟਿਕ ਦੇ ਕਾਲੇ ਲਿਫ਼ਾਫ਼ੇ ਵਿਚ ਲੋਕਾਂ ਨੂੰ ਦਿਖਾਉਂਦਿਆਂ ਦੱਸਿਆ ਕਿ "ਇਹ ਅੰਦਰ ਕੀਲੀ ਤੇ ਟੰਗੀ ਝੱਗੀ ਦੀ ਅੰਦਰਲੀ ਜੇਬ ਵਿਚੋਂ ਮਿਲੀ ਹੈ।"

ਹਰੀ ਸਿੰਹੁ ਨੂੰ ਫੜਨ ਲਈ ਪੁਲਿਸ ਖੇਤਾਂ ਵੱਲ ਗਈ ਜਿੱਥੇ ਉਹ ਘਾਹ ਖੋਤ ਰਿਹਾ ਸੀ।

ਹਰੀ ਸਿੰਹੁ ਦੇ ਪੁੱਛਣ ਤੇ ਪੁਲਿਸ ਵਾਲੇ ਨੇ ਦੱਸਿਆ, "ਆ ਭੁੱਕੀ ਏ, ਜੋ ਤੇਰੀ ਹਵੇਲੀ ਦੇ ਕਮਰੇ ਵਿਚੋਂ ਮਿਲੀ ਆ। ਤੈਨੂੰ ਸਾਡੇ ਨਾਲ ਠਾਣੇ ਜਾਣਾ ਪੈਣਾ।"

"ਮੈਂ ਤਾਂ ਕਦੇ ਭੁੱਕੀ ਦੇਖੀ ਨਹੀਂ ਫਿਰ ਇਹ ਕਮਰੇ ਵਿਚ ਆਈ ਕਿੱਥੋਂ?"

"ਤੂੰ ਸਾਡੇ ਨਾਲ ਚੱਲ, ਠਾਣੇ ਜਾ ਕੇ ਸਭ ਪਤਾ ਲੱਗ ਜੂ।" ਪੁਲਿਸ ਵਾਲੇ ਨੇ ਹਰੀ ਸਿੰਹੁ ਦੀ ਬਾਂਹ ਫੜ ਕੇ ਗੱਡੀ ਵਿਚ ਬੈਠਾ ਲਿਆ। ਰੌਲੇ ਗੌਲੇ ਵਿਚ ਕਹੀ ਕੋਈ ਹੋਰ ਚੁੱਕ ਕੇ ਲੈ ਗਿਆ।

ਹਰੀ ਸਿੰਹੁ ਨੇ ਆਪਣੇ ਨਵੇਂ ਕਪੜੇ ਲੈਣ ਲਈ ਪੁਲਿਸ ਵਾਲਿਆ ਨੂੰ ਆਖਿਆ, ਪਹਿਲਾ ਤਾਂ ਉਹਨਾ ਨਾਂਹ ਨੁਕਰ ਕੀਤੀ। ਪਰ ਹਰੀ ਸਿੰਹੁ ਦੇ ਜੋਰ ਦੇਣ ਤੇ ਉਹ ਮੰਨ ਗਏ।

ਹਰੀ ਸਿੰਹੁ ਨੇ ਆਪਣੇ ਨਵੇਂ ਕਪੜੇ ਤੇ ਕੁਝ ਰੁਪਏ ਲਿਆਉਣ ਲਈ ਆਪਣੇ ਪੋਤੇ ਨੂੰ ਆਖਿਆ।

ਰੁਪਏ ਤੇ ਝੋਲਾ ਲੈ ਕੇ ਹਰੀ ਸਿੰਹੁ ਨੇ ਸਰਪੰਚ ਤੇ ਉਸ ਦੇ ਸਾਥੀ ਵੱਲ ਕੌੜੀ ਜਿਹੀ ਅੱਖ ਨਾਲ

ਦੇਖਿਆਂ ਉਨ੍ਹਾਂ ਨੇ ਮੂੰਹ ਦੂਸਰੇ ਪਾਸੇ ਘੁੰਮਾ ਲਏ।

ਹਰੀ ਸਿੰਹੁ ਨੂੰ ਹੁਣ ਤੱਕ ਸਾਰੀ ਕਹਾਣੀ ਸਮਝ ਆ ਗਈ ਸੀ ਇਹ ਸ਼ਰਾਰਤ ਕਰਮ ਸਿੰਘ ਤੇ ਉਸ ਦੇ ਸਾਥੀਆਂ ਦੀ ਹੀ ਹੈ। ਜਿਨ੍ਹਾਂ ਆਪਣੀ ਲਹਿੰਦੀ ਵੇਖ ਇਹ ਦਾਅ ਖੇਡਿਆ ਸੀ।

ਪੁਲਿਸ ਨੇ ਪਰਚਾ ਕੱਟ ਕੇ ਜ਼ੇਲ੍ਹ ਵਿਚ ਭੇਜ ਦਿੱਤਾ, ਪੰਜਾ ਸੱਤਾ ਦਿਨਾਂ ਵਿਚ ਹਰੀ ਸਿੰਹੁ ਦੇ ਗੂੜੇ ਮਿੱਤਰ ਨੇ ਚੰਗਾ ਵਕੀਲ ਕਰਕੇ ਉਸ ਦੀ ਜ਼ਮਾਨਤ ਕਰਵਾ ਲਈ। ਉਸ ਦਿਨ ਹਰੀ ਸਿੰਹੁ ਨੇ ਘਸੇ ਹੋਏ ਪਰ ਸਾਫ਼ ਸੁਥਰੇ ਚਿੱਟੇ ਰੰਗ ਦਾ ਕਮੀਜ਼ ਪਜ਼ਾਮਾ ਪਾ ਕੇ ਸਿਰ ਤੇ ਲੜ ਛੱਡਕੇ ਤੁਰਲੇ ਵਾਲੀ ਪੱਗ ਬੰਨ੍ਹ ਸ਼ਹਿਰ ਦੇ ਅੱਡੇ ਤੋਂ ਬੱਸ ਫੜ ਮੇਨ ਰੋਡ ਅੱਡੇ ਉੱਤੇ ਉਤਰ ਗਿਆ। ਅੱਗੇ ਉਸ ਨੂੰ ਮੀਲ ਕੁ ਵਾਟ ਪੈਦਲ ਹੀ ਤੁਰਨਾ ਪੈਣਾ ਸੀ। ਅੱਡੇ ਤੋਂ ਉਸ ਨੇ ਨਵੀਂ ਕਹੀ ਖਰੀਦ ਉਸ ਵਿਚ ਟਾਹਲੀ ਦਾ ਵੰਝਾ ਵੀ ਪੁਆ ਲਿਆ ਤੇ ਮੋਢੇ ਉੱਤੇ ਰੱਖ ਕੱਚੇ ਰਾਹੇ ਪਿੰਡ ਵੱਲ ਨੂੰ ਤੁਰ ਪਿਆ। ਉਸੇ ਰਾਹ ਕਰਮ ਸਿੰਘ ਦਾ ਘਰ ਪੈਂਦਾ ਸੀ। ਪਿੰਡ ਦੇ ਨੇੜੇ ਪਹੁੰਚਿਆ ਤਾਂ ਉਸ ਦੇ ਕੰਨੀ ਸਪੀਕਰ ਦੀਆਂ ਆਵਾਜ਼ਾ ਪਈਆਂ, ਹੋਰ ਅੱਗੇ ਗਿਆ ਤਾਂ ਮੇਲਾ ਜਿਹਾ ਲੱਗਾ ਲੱਗਿਆ, ਪਹੁੰਚਕੇ ਪਤਾ ਲੱਗਾ ਕਿ ਪਿੰਡ ਬੈਲ ਗੱਡੀਆਂ ਦੀਆਂ ਦੌੜਾਂ ਹੋ ਰਹੀਆਂ ਸਨ।


ਪੂਰੀ ਟੌਹਰ ਨਾਲ ਮੋਢੇ ਉੱਤੇ ਕਹੀ ਰੱਖ ਹਿੱਕ ਤਾਣ ਕੇ ਤੁਰਦਾ ਉਹ ਉਥੇ ਹੀ ਗੇੜੀ ਲਾਉਣ ਲੱਗਾ। ਉਹ ਜਿਧਰੋ ਲੰਘਦਾ ਹਰ ਇਕ ਦਾ ਧਿਆਨ ਉਸ ਵੱਲ ਜਾਂਦਾ। ਲੋਕ ਗੱਲਾਂ ਕਰਦੇ।

ਕਰਮ ਸਿੰਘ ਦੇ ਸਾਥੀ ਗੱਡੀਆਂ ਦੀਆਂ ਦੌੜਾਂ 'ਚ ਮੂਹਰੇ ਹੋ ਕੇ ਚੌਧਰ ਚਲਾ ਰਹੇ ਸੀ, ਪਰ ਕਰਮ ਸਿੰਘ ਕਿਧਰੇ ਉਸ ਦੀ ਨਜ਼ਰ ਨਾ ਪਿਆ, ਇਨ੍ਹਾਂ ਵਿਚੋ ਕਿਸੇ ਦਾ ਹੀਆ ਨਾ ਪਿਆ ਕਿ ਉਹ ਹਰੀ ਸਿੰਹੁ ਨੂੰ ਕੁਝ ਆਖ ਸਕਣ।

ਹਰੀ ਸਿੰਹੁ ਮੋਢੇ ਉੱਤੇ ਉਵੇ ਕਹੀ ਰੱਖ ਪੂਰੇ ਪਿੰਡ ਦਾ ਚੱਕਰ ਲਾ ਕੇ ਘਰ ਵੜਿਆ, ਗੁਆਂਢ ਦੇ ਲੋਕਾਂ ਤੋਂ ਪਤਾ ਲੱਗਿਆ ਕਿ ਕਰਮ ਸਿੰਘ ਆਪਣੀ ਕੁੜੀ ਕੋਲ ਕਨੇਡਾ ਇਸ ਲਈ ਚਲਾ ਗਿਆ ਉਸ ਨੂੰ ਉਥੇ ਪੈਨਸਨ ਲੱਗਣੀ ਸੀ।

ਹਰੀ ਸਿੰਹੁ ਨੇ ਆਪਣੀ ਰੀਤ ਨਾ ਬਦਲੀ, ਮੁੜ ਪਿੰਡ 'ਚੋਂ ਕਿਸੇ ਨੇ ਉਸ ਨੂੰ ਕੁਝ ਕਹਿਣ ਦੀ ਹਿੰਮਤ ਨਾ ਕੀਤੀ। ਉਧਰ ਪਹਿਲੀ ਤਰੀਕੇ ਉਹ ਕੇਸ 'ਚੋ ਬਰੀ ਵੀ ਹੋ ਗਿਆ ਸੀ।

**ਸੰਪਰਕ**-98725-34278






## ਕਹਾਣੀ / ਫੱਤੂ ਦੀਆਂ ਧੀਆਂ / -ਬੇਅੰਤ ਸਿੰਘ ਬਾਜਵਾ

ਘੁੱਗ ਵੱਸਦਾ ਪਿੰਡ ਸੀ ਫੱਤੋਮਾਜਰਾ। ਪਿੰਡ ਵਿਚ ਹਰ ਜਾਤ ਦੇ ਲੋਕ ਰਹਿੰਦੇ ਸਨ। ਜਾਤ ਪਾਤ ਤੋਂ ਉੱਪਰ ਉੱਠ ਕੇ ਇੱਕ ਦੂਜੇ ਦੇ ਦੁੱਖ 'ਚ ਸੁੱਖ ਸ਼ਾਮਲ ਹੁੰਦੇ। ਫੌਜਾ ਸਿੰਘ ਜੱਟਾਂ ਦਾ ਨੰਬਰਦਾਰ ਸੀ ਤੇ ਚੌਧਰੀ ਮੁਹੰਮਦ ਮੁਸਲਮਾਨ ਭਾਈਚਾਰੇ ਦਾ ਸੀ। ਫੱਤੂ ਵੀ ਮੁਸਲਮਾਨ ਭਾਈਚਾਰੇ ਨਾਲ ਸੰਬੰਧ ਰੱਖਦਾ ਸੀ। ਬਹੁਤ ਹੀ ਮਿਹਨਤੀ ਤੇ ਠੰਢੇ ਸੁਭਾਅ ਦਾ ਮਾਲਕ ਸੀ ਫੱਤੂ। ਫੱਤੂ ਪਿੰਡ ਦੇ ਹੀ ਕਸਤੂਰੀ ਮੱਲ ਦੀ ਜ਼ਮੀਨ ਹਿੱਸੇ ਤੇ ਲੈ ਕੇ ਖੇਤੀ ਕਰਦਾ ਸੀ। ਫੱਤੂ ਚਾਰ ਧੀਆਂ ਦਾ ਬਾਪ ਸੀ। ਇੱਕ ਦਿਨ ਆਥਣੇ ਦਿਨ ਢਲਣ ਵੇਲੇ ਫੱਤੂ ਮੋਢੇ ਉੱਤੇ ਹਲ਼ ਤੇ ਪੰਜਾਲੀ ਧਰ ਕੇ ਬਲਦਾਂ ਨੂੰ ਖੇਤਾਂ ਵੱਲ ਲਈ ਜਾਂਦਾ ਸੀ। ਖੇਤੋਂ ਘਰ ਵੱਲ ਆ ਰਹੇ ਫੌਜਾ ਸਿੰਘ ਨੂੰ ਫੱਤੂ ਮਿਲ ਗਿਆ। ਫੌਜਾ ਨੇ ਕਹੀ ਮੋਢੇ ਤੋਂ ਥੱਲੇ ਲਾਹ ਕੇ ਰੱਖਦਿਆਂ ਕਿਹਾ

"ਓ ਕਿਵੇਂ ਫੱਤੂ ਸਿਆ! ਹੁਣ ਤਾਂ ਲੋਕੀਂ ਖੇਤਾਂ ਤੋਂ ਘਰਾਂ ਨੂੰ ਪਰਤ ਰਹੇ ਨੇ ਤੇ ਤੂੰ ਦਿਨ ਛਿਪ ਦੇ ਆਹ ਹਲ਼ ਪੰਜਾਲੀ ਲੈ ਕੇ ਖੇਤਾਂ ਨੂੰ ਚੱਲਿਆ।"

"ਵਧੀਆ ਫੌਜਾ ਸਿਆ। ਓ ਗੱਲ ਤਾਂ ਤੇਰੀ ਠੀਕ ਆ...ਬਈ ਹੁਣ ਘਰਾਂ ਨੂੰ ਪਰਤਣ ਦਾ ਵੇਲਾ। ਮੈਂ ਤਾਂ ਪਸ਼ੂਆਂ ਲਈ ਕੱਖ ਕੰਢਾ ਬੀਜਣ ਚੱਲਿਆ। ਕਿੰਨੇ ਦਿਨ ਹੋ ਗਏ ਟਾਈਮ ਹੀ ਨਹੀਂ ਲੱਗਦਾ ਸੀ।" ਫੱਤੂ ਨੇ ਹਲ਼ ਨੂੰ ਮੋਢੇ ਤੋਂ ਲਾਹ ਕੇ ਥੱਲੇ ਧਰਤੀ ਤੇ ਰੱਖਦੇ ਹੋਏ ਆਖਿਆ।

"ਚੱਲ ਵਧੀਆ ਫੱਤੂ ਸਿਆ। ਜਦੋਂ ਟੈਮ ਲੱਗਦਾ ਕੰਮ ਨਿਬੇੜ ਲੈਣਾ ਚਾਹੀਦਾ ਹੈ। ਹਾਂ ਸੱਚ ਯਾਰ ਇਉਂ ਦੱਸ ਤੇਰੇ ਟੱਬਰ ਦਾ ਕੀ ਹਾਲ ਹੈ। ਧੀਆਂ ਪੜ੍ਹਨ ਲਾ ਦਿੱਤੀਆਂ ਨੇ ਜਾਂ ਨਹੀਂ।" ਫੌਜਾ ਨੇ ਕਹੀ ਮੋਢੇ ਤੇ ਧਰਦੇ ਹੋਏ ਆਖਿਆ।

"ਪਰਿਵਾਰ ਸਾਰਾ ਵਧੀਆ। ਕੁੜੀਆਂ ਪਿੰਡ ਵਾਲੀ ਮਸੀਤ ਵਿਚ ਲਾ ਦਿੱਤੀਆਂ ਨੇ ਮੌਲਵੀ ਕੋਲ ਪੜ੍ਹਨ। ਤੈਨੂੰ ਤਾਂ ਪਤਾ ਹੀ ਫੌਜਾ ਸਿਆ ਮੈਂ ਤਾਂ ਕੋਰਾ ਅਨਪੜ੍ਹ ਆ। ਚੱਲ ਕੁੜੀਆਂ ਦੋ ਅੱਖਰ ਪੜ੍ਹ ਜਾਣਗੀਆਂ ਸੁੱਖ ਜੋ ਜਾਊ ਗਾ।" ਅੱਗੋਂ ਫੱਤੂ ਨੇ ਜਵਾਬ ਦਿੰਦਿਆਂ ਕਿਹਾ।

ਫੱਤੂ ਦਾ ਵੱਡਾ ਭਾਈ ਕਾਲੂ ਆਪਣੇ ਟਾਂਗੇ ਤੇ ਮੰਡੀਓਂ ਸਵਾਰੀ ਲੈ ਕੇ ਪਿੰਡ ਵੱਲ ਨੂੰ ਆ ਰਿਹਾ ਸੀ। ਉਸ ਨੇ ਫੱਤੂ ਤੇ ਫੌਜੇ ਨੂੰ ਦੇਖ ਕੇ ਟਾਂਗਾ ਰੋਕ ਲਿਆ ਤੇ ਬੋਲਿਆ।

"ਨੰਬਰਦਾਰਾਂ ਸਸਰੀ ਕਾਲ। ਕਿਵੇਂ ਰਾਹ ਰੋਕੀ ਖੜੇ ਹੋ ਸੁੱਖ ਆ।"

"ਆਹੋ ਸੁੱਖ ਕਾਲੂ ਸਿਆ। ਇੱਥੇ ਕਿਹੜਾ ਜੰਗ ਲੱਗੀ ਆ। ਅਸੀਂ ਤਾਂ ਸੁਤੇ ਸੁਭਾਅ ਗੱਲਾਂ ਕਰਦੇ ਆ। ਤੂੰ ਦੱਸ ਕੋਈ ਚੁਆਨੀ ਆਨਾ ਬਣਿਆ ਜਾਂ ਫੇਰ ਮੰਦਾ ਹੀ ਰਿਹਾ।" ਫੌਜਾ ਸਿੰਘ ਨੇ ਕਾਲੂ ਦੀਆਂ ਗੱਲਾਂ ਦਾ ਜਵਾਬ ਦਿੰਦਿਆਂ ਕਿਹਾ।

"ਅੱਜ ਦਾ ਦਿਨ ਤਾਂ ਵਧੀਆ ਨੰਬਰਦਾਰਾ। ਪਿੰਡੋਂ ਮੰਡੀ ਜਾਂਦੇ ਹੋਏ ਦੋ ਸਵਾਰੀਆਂ ਮਿਲ ਗਈਆਂ ਸੀ ਤੇ ਹੁਣ ਇੱਕ ਆਉਂਦੇ ਹੋਏ ਮਿਲ ਗਈ। ਆਜਾ ਹੁਣ ਤੂੰ ਬਹਿ ਜਾ ਨੰਬਰਦਾਰਾ ਟਾਂਗੇ ਤੇ। ਤੈਨੂੰ ਘਰ ਛੱਡ ਦਿੰਨਾ।"

ਕਾਲੂ ਦੇ ਕਹਿਣ ਤੇ ਫੌਜਾ ਨੰਬਰਦਾਰ ਟਾਂਗੇ 'ਤੇ ਬੈਠ ਗਿਆ ਤੇ ਫੱਤੂ ਖੇਤਾਂ ਵੱਲ ਨੂੰ ਹੋ ਗਿਆ। ਨੇਰਾ ਹੋਣ ਤੋਂ ਪਹਿਲਾਂ ਪਹਿਲਾਂ ਫੱਤੂ ਨੇ ਜ਼ਮੀਨ ਨੂੰ ਵਾਹ ਦਿੱਤਾ ਸੀ। ਉਸ ਤੋਂ ਬਾਅਦ ਉਸ ਨੇ ਬਾਜਰੇ ਦਾ ਸਿੱਟਾ ਦੇ ਦਿੱਤਾ। ਹਲ਼ ਪੰਜਾਲੀ ਮੋਢੇ ਤੇ ਧਰੀ ਤੇ ਬਲਦਾਂ ਨੂੰ ਆਰ ਲਾ ਕੇ ਆਪਣੇ ਅੱਗੇ ਲਾ ਲਿਆ। ਫੱਤੂ ਦੀ ਘਰਵਾਲੀ ਨਿਆਮੀ ਤੇ ਉਸ ਦੀਆਂ ਧੀਆਂ ਉਸ ਨੂੰ ਉਡੀਕ ਰਹੀਆਂ ਸਨ। ਘਰਵਾਲੀ ਤੇ ਜਵਾਕਾਂ ਨੇ

ਰੋਟੀ ਖਾ ਲਈ ਸੀ। ਬੱਸ ਫੱਤੂ ਹੀ ਰਹਿੰਦਾ ਸੀ। ਫੱਤੂ ਨੇ ਘਰ ਵੜਦਿਆਂ ਹੀ ਹਲ਼ ਪੰਜਾਲੀ ਨੂੰ ਵਿਹੜੇ ਵਿਚ ਰੱਖ ਦਿੱਤਾ ਤੇ ਬਲਦਾਂ ਨੂੰ ਖੁਰਲੀ ਨਾਲ ਬੰਨ੍ਹ ਦਿੱਤਾ। ਆਪ ਨਲਕੇ ਤੋਂ ਮੂੰਹ ਹੱਥ ਧੋ ਕੇ ਚੁੱਲ੍ਹੇ ਮੂਹਰੇ ਜਾ ਬੈਠਾ। ਨਿਆਮੀ ਨੇ ਰੋਟੀ ਪਾ ਕੇ ਦੇ ਦਿੱਤੀ। ਫੱਤੂ ਦੀ ਵੱਡੀ ਧੀ ਨੇ ਆਪਣੇ ਅੱਬਾ ਨੂੰ ਆਖਿਆ,

"ਅੱਬੂ ਇਸ ਵਾਰ ਮੈਨੂੰ ਨਵਾਂ ਸੂਟ ਚਾਹੀਦਾ। ਨਾਲ ਹੀ ਦੂਜੀਆਂ ਕੁੜੀਆਂ ਨੇ ਵੀ ਕਹਿ ਦਿੱਤਾ ਕਿ ਅਸੀਂ ਵੀ ਨਵੇਂ ਕੱਪੜੇ ਲੈਣੇ ਆ।" ਰੋਟੀ ਤਾਂ ਖਾਅ ਲੈਣ ਦਿਉ ਕਰੋ। ਫੱਤੂ ਦੇ ਬੋਲਣ ਤੋਂ ਪਹਿਲਾਂ ਹੀ ਨਿਆਮੀ ਨੇ ਆਖਿਆ।

"ਕੋਈ ਨਾ ਲੈ ਦਿਉ ਗਾ ਨਵੇਂ ਸੂਟ। ਤੁਸੀਂ ਮੇਰੇ ਨਾਲ ਚੱਲਿਓ ਮੰਡੀ। ਜਿਹੜਾ ਕੁੱਝ ਚਾਹੀਦਾ ਹੋਇਆ ਲੈ ਲਿਉ।" ਫੱਤੂ ਨੇ ਰੋਟੀ ਦੀ ਬੁਰਕੀ ਅੰਦਰ ਲੰਘਾਉਂਦਿਆਂ ਆਖਿਆ।

ਕੁੜੀਆਂ ਦੇ ਮੂੰਹ ਤੇ ਖ਼ੁਸ਼ੀ ਆ ਗਈ। ਫੱਤੂ ਚਾਰੇ ਕੁੜੀਆਂ ਨੂੰ ਮੁੰਡਿਆਂ ਵਾਂਗ ਪਾਲ ਰਿਹਾ ਸੀ। ਉਸ ਨੇ ਕਦੇ ਰੋਸਾ ਨਹੀਂ ਕੀਤਾ ਸੀ ਕਿ ਉਸ ਦੇ ਘਰ ਮੁੰਡਾ ਕਿਉਂ ਨਹੀਂ ਹੋਇਆ। ਆਪਣੀ ਜਾਨ ਤੋਂ ਵੱਧ ਪਿਆਰ ਕਰਦਾ ਸੀ ਫੱਤੂ ਆਪਣੀਆਂ ਧੀਆਂ ਨੂੰ। ਮੂੰਹ ਵਿਚੋਂ ਬੋਲ ਨੀਂ ਡਿੱਗਣ ਦਿੰਦਾ ਸੀ ਤੇ ਪਹਿਲਾਂ ਹੀ ਰੀਝ ਪੂਰੀ ਕਰ ਦਿੰਦਾ ਸੀ। ਫੱਤੂ ਦੀ ਦਿਨ ਰਾਤ ਦੀ ਮਿਹਨਤ ਨੇ ਘਰ ਵਿਚ ਕਿਸੇ ਚੀਜ਼ ਦੀ ਤੋੜ ਨੀਂ ਆਉਣ ਦਿੱਤੀ ਸੀ। ਛੀ ਮਹੀਨਿਆਂ ਤੋਂ ਜਦੋਂ ਫ਼ਸਲ ਵੇਚ ਕੇ ਫੱਤੂ ਘਰ ਆਇਆ ਤਾਂ ਕੁੜਤੇ ਦਾ ਗੀਜਾ ਰੁਪਈਆਂ ਨਾਲ ਭਰਿਆ ਹੋਇਆ ਸੀ। ਆਪਣੇ ਭਾਈਚਾਰੇ ਵਿਚ ਫੱਤੂ ਦਾ ਵਧੀਆ ਰਸੂਖ਼ ਸੀ। ਚੌਧਰੀ ਮੁਹੰਮਦ ਵੀ ਉਸ ਨੂੰ ਪੁੱਛ ਕੇ ਫ਼ੈਸਲਾ ਕਰਦਾ। ਉਸ ਨੇ ਕਦੇ ਕਿਸੇ ਨਾਲ ਅਨਿਆਂ ਨੀਂ ਹੋਣ ਦਿੱਤਾ ਸੀ। ਕੁੱਝ ਕੁ ਮਹੀਨਿਆਂ ਬਾਅਦ ਮੁਲਕ ਅੰਦਰ ਮਾਹੌਲ ਖ਼ਰਾਬ ਹੋਣ ਦੀਆਂ ਖ਼ਬਰਾਂ ਆਉਣ ਲੱਗੀਆਂ। ਲੋਕ ਰੇਡੀਉ ਤੇ ਸਾਰਾ ਦਿਨ ਮੁਲਕ ਅੰਦਰ ਵਾਪਰ ਰਹੀਆਂ ਘਟਨਾਵਾਂ ਬਾਰੇ ਸੁਣਦੇ ਰਹਿੰਦੇ। ਹੌਲੀ ਹੌਲੀ ਖ਼ਰਾਬ ਮਾਹੌਲ ਦੀ ਅੱਗ ਦਾ ਸੇਕ ਪਿੰਡਾਂ ਤੱਕ ਆ ਪਹੁੰਚਿਆ। ਪਿੰਡਾਂ ਅੰਦਰ ਮਾਰ ਧਾੜ ਸ਼ੁਰੂ ਹੋ ਗਈ ਸੀ। ਮਰਨ ਵਾਲਿਆਂ ਵਿਚ ਹਰ ਭਾਈਚਾਰੇ ਦੇ ਲੋਕ ਸਨ। ਮੁਲਕ ਦਾ ਬਟਵਾਰਾ ਹੋਣ ਲੱਗਾ ਸੀ। ਲੋਕ ਪਿੰਡ ਛੱਡ ਕੇ ਜਾ ਰਹੇ ਸਨ। ਗੱਡਿਆਂ ਅਤੇ ਟਾਂਗਿਆਂ 'ਤੇ ਸਮਾਨ ਤੇ ਬਜ਼ੁਰਗ ਨੂੰ ਬੈਠਾ ਕੇ ਲੋਕ ਆਪਣੇ ਆਪਣੇ ਮੁਲਕ ਨੂੰ ਤੁਰ ਪਏ ਸਨ। ਫੱਤੋਮਾਜਰੇ ਪਿੰਡ ਵਿਚ ਭੀੜ ਨੇ ਹੱਲਾ ਬੋਲ ਦਿੱਤਾ ਸੀ। ਫੱਤੂ ਉਸ ਦਿਨ ਘਰ ਨਹੀਂ ਸੀ। ਉਹ ਖੇਤਾਂ ਵਿਚ ਕੰਮ ਕਰ ਰਿਹਾ ਸੀ। ਭੀੜ ਨੇ ਗਲੀਆਂ ਵਿਚ ਹੋਕਾ ਦਿੱਤਾ ਕਿ ਘਰ ਛੱਡ ਕੇ ਚਲੇ ਜਾਉ। ਜਿਹੜੇ ਕਾਹਲੀ ਕਾਹਲੀ ਘਰਾਂ ਚੋਂ ਨਿਕਲ ਗਏ। ਉਨ੍ਹਾਂ ਦੀ ਜਾਨ ਬੱਚ ਗਈ। ਜਿਨ੍ਹਾਂ ਨੇ ਘਰ ਨਹੀਂ ਛੱਡੇ ਉਨ੍ਹਾਂ ਘਰਾਂ ਨੂੰ ਭੀੜ ਨੇ ਅੱਗ ਲਗਾ ਦਿੱਤੀ। ਫੱਤੂ ਦੀ ਘਰਵਾਲੀ ਤੇ ਉਸ ਦੀਆਂ ਧੀਆਂ ਉਸ ਨੂੰ ਉਡੀਕ ਰਹੀਆਂ ਸਨ ਕਿ ਉਹ ਫੱਤੂ ਦੇ ਨਾਲ ਹੀ ਜਾਣਗੀਆਂ। ਪਰ ਫੱਤੂ ਅਜੇ ਆਇਆ ਨਹੀਂ ਸੀ ਖੇਤੋਂ। ਭੀੜ ਨੇ ਫੱਤੂ ਦੇ ਘਰ ਨੂੰ ਅੱਗ ਲਾ ਦਿੱਤੀ। ਨਿਆਮੀ ਤੇ ਫੱਤੂ ਦੀਆਂ ਧੀਆਂ ਅੱਗ ਵਿਚ ਮੱਚ ਕੇ ਮਰ ਗਈਆਂ। ਭੀੜ ਅਗਲੇ ਪਿੰਡ ਵੱਲ ਨੂੰ ਵੱਧ ਗਈ। ਆਥਣੇ ਜਦੋਂ ਫੱਤੂ ਆਇਆ ਤਾਂ ਦੇਖਿਆ ਕਿ ਪਿੰਡ ਦੇ ਕਈ ਘਰਾਂ ਨੂੰ ਅੱਗ ਦੇ ਹਵਾਲੇ ਕੀਤਾ ਪਿਆ ਸੀ। ਉਹ ਆਪਣੇ ਘਰ ਵੱਲ ਨੂੰ ਤੇਜ਼ੀ ਨਾਲ ਭੱਜਿਆ। ਜਾ ਕੇ ਦੇਖਿਆ ਤਾਂ ਘਰ ਸੁਆਹ ਬਣਿਆ ਪਿਆ ਸੀ। ਘਰਵਾਲੀ ਨਿਆਮੀ ਤੇ ਉਸ ਦੀਆਂ ਚਾਰੇ ਧੀਆਂ ਦੀਆਂ ਅੱਗ ਨਾਲ ਸੜੀਆਂ ਲੋਥਾਂ ਵੀ ਪਈਆਂ ਸਨ। ਫੱਤੂ ਨਿਆਮੀ ਅਤੇ ਧੀਆਂ ਦੇ ਸਿਰ ਬੁੱਕਲ ਵਿਚ ਰੱਖ ਕੇ ਉੱਚੀ ਉੱਚੀ ਧਾਹਾਂ ਮਾਰ ਕੇ ਰੋਣ ਲੱਗ ਪਿਆ। ਪੁੱਤਾਂ ਵਾਂਗੂੰ ਪਾਲੀਆਂ ਧੀਆਂ ਜਹਾਨੋਂ ਰੁਖਸ਼ਤ ਹੋ ਗਈਆਂ ਸਨ। ਫੱਤੂ ਨੂੰ ਜ਼ਿੰਦਗੀ ਦੇ ਆਖ਼ਰੀ ਸਾਹ ਤੱਕ ਬਟਵਾਰੇ ਦਾ ਦਰਦ ਤੜਫਾਉਂਦਾ ਰਿਹਾ।

**ਮੋ: 70878-00168**



# 21ਵੀਂ ਸਦੀ ਦੀ ਪੰਜਾਬੀ ਕਹਾਣੀ-ਦਲਿਤ ਸਰੋਕਾਰ ਅਤੇ ਸੰਵਾਦ

**-ਡਾ. ਗੁਰਮੇਲ ਸਿੰਘ**




21ਵੀਂ ਸਦੀ ਨੂੰ ਗਿਆਨ ਵਿਗਿਆਨ,ਸੂਚਨਾ ਕ੍ਰਾਂਤੀ ਤੇ ਮੰਡੀ ਸਭਿਆਚਾਰ ਦੀ ਸਦੀ ਆਖਿਆ ਜਾਂਦਾ ਹੈ।ਪਰ ਜਿਸ ਗਿਆਨ ਵਿਗਿਆਨ ਨੇ ਜਨ ਕਲਿਆਣ ਨੂੰ ਦਿਸ਼ਾ ਦੇਣੀ ਹੁੰਦੀ ਹੈ ਉਸ ਉਤੇ ਮੰਡੀ ਤਾਕਤਾਂ ਦਾ ਕਬਜ਼ਾ ਹੋਣ ਕਰਕੇ ਜਿਥੇ ਇਕ ਪਾਸੜ ਤੇ ਭਰਮਾਊ ਕਿਸਮ ਦਾ ਵਿਕਾਸ ਸਾਹਮਣੇ ਆ ਰਿਹਾ ਹੈ ਉਥੇ ਮਨੁਖ ਦੇ ਮਾਨਸਿਕ ਤੇ ਬੌਧਿਕ ਵਿਕਾਸ ਨੂੰ ਵੀ ਇਕ ਖਾਸ ਦਿਸ਼ਾ ਵਿਚ ਸੇਧਿਤ ਕਰਕੇ ਰਾਜਨੀਤਕ ਹਿੱਤਾਂ ਵਾਸਤੇ ਵਰਤਣ ਦੀਆਂ ਕੋਸ਼ਿਸ਼ਾਂ ਜਾਰੀ ਹਨ।ਇਸ ਕਰਕੇ ਅੱਜ ਸਾਧਨਹੀਣ ਕਿਰਤੀ ਮਨੁੱਖ,ਦਲਿਤ,ਨਾਰੀ ਤੇ ਘੱਟ ਗਿਣਤੀਆਂ ਦੇ ਮਸਲੇ ਗੁੰਝਲਦਾਰ ਹੁੰਦੇ ਜਾ ਰਹੇ ਹਨ।ਇਨ੍ਹਾਂ ਮਸਲਿਆਂ ਉਤੇ ਰਾਜਨੀਤਕ ਧਰੁਵੀਕਰਣ ਕਰਕੇ ਅਸਹਿਣਸ਼ੀਲਤਾ ਦੀਆਂ ਘਟਨਾਵਾਂ ਫੈਲ ਰਹੀਆਂ ਹਨ।ਭਾਵੇਂ ਇਸ ਸਥਿਤੀ ਵਿਚ ਸੰਘਰਸ਼ਰਤ ਧਿਰਾਂ ਚੇਤੰਨ ਹੋ ਕੇ ਆਪਣੀ ਲੜਾਈ ਨੂੰ ਇਕ ਨਵੀ ਦਿਸ਼ਾ ਦੇਣ ਦੀ ਤਲਾਸ਼ ਵਿਚ ਹਨ ਪਰ ਦੂਜੇ ਪਾਸੇ ਦਮਨਕਾਰੀ ਤਾਕਤਾਂ ਪੂਰੀ ਤਾਕਤ ਨਾਲ ਇਨ੍ਹਾਂ ਸ਼ਕਤੀਆਂ ਨੂੰ ਤਾਰ ਤਾਰ ਕਰਨ ਵਿਚ ਲੱਗੀਆਂ ਹਨ।ਇਸ ਸਥਿਤੀ ਵਿਚ ਸਾਹਿਤ ਰਾਹੀਂ ਸਮਾਜਿਕ ਯਥਾਰਥ ਦੇ ਰੂਪਾਂਤਰਣ ਵਿਚ ਤਬਦੀਲੀ ਦੇਖਣ ਨੂੰ ਮਿਲਦੀ ਹੈ। ਭਾਵੇਂ ਗਲਪੀ ਬਿਰਤਾਂਤ ਠਹਿਰੇ ਹੋਏ ਸਮਾਜਿਕ ਯਥਾਰਥ ਦੀ ਪੇਸ਼ਕਾਰੀ ਨਾਲ ਵਾਸਤਾ ਰੱਖਣ ਵਾਲੀ ਵਿਧਾ ਹੈ ਪਰ ਇਸ ਵਿਚੋਂ ਮੌਜੂਦਾ ਸਥਿਤੀ ਦੀਆਂ ਪ੍ਰਤੀਧੁਨੀਆਂ ਜ਼ਰੂਰ ਸੁਣਾਈ ਦਿੰਦੀਆਂ ਹਨ।ਇਸ ਪਰਚੇ ਵਿਚ ਦਲਿਤ,ਦਲਿਤ ਸਾਹਿਤ ਤੇ ਇਸਦੀ ਸਿਰਜਣਕਾਰੀ ਦੇ ਸਬੰਧ ਵਿਚ ਪਾਏ ਜਾਣ

ਵਾਲੇ ਭਰਮ ਭੁਲੇਖਿਆਂ ਤੋਂ ਹਟਕੇ 21ਵੀਂ ਸਦੀ ਵਿਚ ਰਚੀ ਜਾ ਰਹੀ ਕਹਾਣੀ ਦੇ ਕੁਝ ਨਿਵੇਕਲੇ ਸੂਤਰਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ ਜਿਹੜੇ ਪੰਜਾਬੀ ਦਲਿਤ ਕਹਾਣੀ ਨੂੰ ਇਕ ਨਵੀਂ ਦਿਸ਼ਾ ਵਿਚ ਤੋਰਦੇ ਹਨ।

21ਵੀਂ ਸਦੀ ਵਿਚ ਪੰਜਾਬੀ ਕਹਾਣੀ ਦੇ ਦਲਿਤ ਪਰਿਪੇਖ ਨੂੰ ਜਾਣਦਿਆਂ ਇਹ ਨੁਕਤਾ ਧਿਆਨ ਖਿੱਚਦਾ ਹੈ ਕਿ ਦਲਿਤ ਚੇਤਨਾ ਦੀ ਲਹਿਰ ਨੇ ਇਸ ਵਰਗ ਅੰਦਰ ਸਮਾਜਿਕ ਤੇ ਆਰਥਿਕ ਦਮਨ ਦੇ ਵਿਰੁੱਧ ਇਕਮੁੱਠ ਹੋਣ ਦੀ ਪ੍ਰੇਰਨਾ ਦਿੱਤੀ।ਮਨੂੰਵਾਦੀ ਵਿਵਸਥਾ ਦੇ ਲੰਮੇ ਜ਼ੁਲਮ ਤੋਂ ਬਾਅਦ ਡਾ.ਅੰਬੇਡਕਰ ਦੀ ਅਣਥੱਕ ਘਾਲਣਾ ਦੇ ਨਾਲ ਇਹ ਵਰਗ ਆਪਣੇ ਆਪ ਨੂੰ ਸਮਾਜ ਦੀ ਮੁੱਖ ਧਾਰਾ ਦਾ ਹਿੱਸਾ ਮੰਨਣ/ ਮਨਵਾਉਣ ਦੇ ਰਾਹ ਤੁਰਦਾ ਹੈ।ਇਸੇ ਵਿਚੋਂ ਸਮਾਜਿਕ ਤੇ ਆਰਥਿਕ ਬਰਾਬਰੀ ਦੀ ਜੱਦੋਜਹਿਦ ਸਾਹਮਣੇ ਆਉਂਦੀ ਹੈ।ਇਸ ਦੇ ਨਾਲ ਨਾਲ ਇਹ ਚੇਤਨਾ ਵੀ ਪੈਦਾ ਹੁੰਦੀ ਹੈ ਕਿ ਹਕੂਮਤਾਂ ਵੱਲੋਂ ਦਿੱਤੇ ਹੋਏ ਅਧਿਕਾਰ ਕੋਈ ਖ਼ੈਰਾਤ ਨਹੀਂ ਹੈ ਬਲਕਿ ਸੇਵਾਵਾਂ ਤੇ ਸਾਧਨਾਂ ਦੀ ਹੁਣ ਤੱਕ ਹੋ ਰਹੀ ਕਾਣੀ ਵੰਡ ਵਿਚੋਂ ਆਪਣਾ ਬਣਦਾ ਹਿੱਸਾ ਹਾਸਲ ਕਰਨ ਦੀ ਲੜਾਈ ਹੈ।ਮੌਜੂਦਾ ਦੌਰ ਤੱਕ ਆਉਂਦਿਆਂ ਇਸ ਲੜਾਈ ਦਾ ਰੰਗ ਰੂਪ ਕਈ ਤਰ੍ਹਾਂ ਨਾਲ ਬਣਦਾ ਵਿਗੜਦਾ ਰਿਹਾ ਹੈ।ਇਕ ਪਾਸੇ ਇਸਨੇ ਦਲਿਤ ਸਮਾਜ ਦੇ ਲੋਕਾਂ ਦਾ ਉਥਾਨ ਵੀ ਕੀਤਾ ਪਰ ਦੂਜੇ ਪਾਸੇ ਉਨ੍ਹਾਂ ਨੂੰ ਮਾਨਸਿਕ ਪੀੜ ਤੋਂ ਮੁਕਤ ਨਹੀਂ ਹੋਣ ਦਿੱਤਾ।ਪੰਜਾਬ ਵਿਚ ਦਲਿਤ ਸ਼੍ਰੇਣੀ ਵਿਚੋਂ ਇਕ ਵੱਡੀ ਧਿਰ ਖੇਤ ਮਜ਼ਦੂਰਾਂ ਦੀ ਹੈ।ਖੱਬੇ ਪੱਖੀ ਜਥੇਬੰਦੀਆਂ ਨੇ ਇਸ ਵਰਗ ਨੂੰ ਜੱਥੇਬੰਦ ਕਰਨ ਵਿਚ ਆਪਣਾ ਵੱਡਾ ਰੋਲ ਅਦਾ ਕੀਤਾ ਹੈ।ਪਰ ਜ਼ਮੀਨ ਜੋ ਸਦੀਆਂ ਤੋਂ ਇਨ੍ਹਾਂ ਮਜ਼ਦੂਰਾਂ ਦੀ ਕਰਮਭੂਮੀ ਸੀ,ਡਾ.ਅੰਬੇਡਕਰ ਦੇ ਯਤਨਾਂ ਨਾਲ ਇਸ ਕੁਦਰਤੀ ਸਾਧਨ ਵਿਚੋਂ ਇਸ ਧਿਰ ਦਾ ਬਣਦਾ ਹਿੱਸਾ ਦੇਣ ਨੂੰ ਕਾਨੂੰਨੀ ਸਵੀਕ੍ਰਿਤੀ ਮਿਲੀ।ਕਿਉਂਕਿ ਪੰਜਾਬ ਅੰਦਰ 1901 ਵਿਚ ਪਾਸ ਹੋਏ ਲੈਂਡ ਏਲੇਨਾਈਜੇਸ਼ਨ ਐਕਟ ਵਿਚ ਦਲਿਤ ਜਾਤੀਆਂ ਨੂੰ ਜ਼ਮੀਨ ਦੇ ਮਾਲਕ ਬਣਨ ਦੇ ਅਧਿਕਾਰ ਦਾ ਭੋਗ ਪਾ ਦਿੱਤਾ ਗਿਆ ਸੀ।ਇਹ ਕਾਲਾ ਕਾਨੂੰਨ 1955-56 ਵਿਚ ਰੱਦ ਹੋਇਆ।ਇਸ ਤੋਂ ਮਗਰੋਂ 1961 ਵਿਚ ਵਿਲੇਜ ਕਾਮਨ ਲੈਂਡ ਐਕਟ ਬਣਿਆ ਜਿਸ ਨੇ ਪਿੰਡ ਦੀ ਸਾਂਝੀ ਜ਼ਮੀਨ ਵਿਚੋਂ ਇਸ ਸ਼੍ਰੇਣੀ ਨੂੰ 1/3 ਹਿੱਸਾ ਵੰਡ ਦੇਣ ਦਾ ਵਿਧਾਨ ਬਣਾਇਆ।ਇਸ ਤੋਂ ਪਹਿਲਾਂ ਕਈ ਤਰ੍ਹਾਂ ਦੀਆਂ ਚੋਰ ਮੋਰੀਆਂ ਦੇ ਕਾਰਨ ਇਹ ਕਾਨੂੰਨ ਕਾਰਗਰ ਨਹੀਂ ਸੀ ਬਣ ਸਕੇ।ਜਿਵੇਂ ਪੰਜਾਬ ਵਿਚ ਮੁਜਾਰਾ ਲਹਿਰ ਨੇ ਜ਼ਮੀਨ ਹਲ ਵਾਹਕਾਂ ਦੀ ਨਾਹਰਾ ਦੇ ਕੇ ਹੋਰਾਂ ਕਾਸ਼ਤਕਾਰਾਂ ਨੂੰ ਤਾਂ ਮਾਲਕਾਨਾ ਹੱਕ ਦਿਵਾਉਣ ਦੀ ਲੜਾਈ ਜਿੱਤ ਲਈ ਪਰ ਦਲਿਤ ਕਾਸ਼ਤਕਾਰ ਇਸ ਤੋਂ ਵਾਂਝਾ ਹੀ ਰਿਹਾ।ਦਲਿਤ ਵੱਸੋਂ ਵਾਲੀ ਥਾਂ ਤੇ ਵੀ ਖਾਨਾ ਮਲਕੀਅਤ ਤੇ ਖਾਨਾ ਕਾਸ਼ਤ ਵਰਗੀਆਂ ਢੁੱਚਰਾਂ ਨੇ ਨਵਾਂ ਪੰਗਾ ਖੜ੍ਹਾ ਕਰੀਂ ਰੱਖਿਆ।ਦਲਿਤ ਕਹਾਣੀ ਇਨ੍ਹਾਂ ਸਰੋਕਾਰਾਂ ਤੋਂ ਮੁਕਤ ਨਹੀ ਰਹਿੰਦੀ।ਨਵੀਂ ਸਦੀ ਵਿਚ ਲਿਖੀ ਜਾਣ ਵਾਲੀ ਕਹਾਣੀ ਦਲਿਤ ਸ੍ਰੇਣੀ ਨੂੰ ਖਾਸ ਕਰਕੇ ਪ੍ਰਕਿਰਤਕ ਸਾਧਨ ਜ਼ਮੀਨ ਵਿਚੋਂ ਆਪਣਾ ਬਣਦਾ ਹਿੱਸਾ ਮਿਲਣ ਵਾਲੇ ਕਾਨੂੰਨੀ ਪ੍ਰਾਵਧਾਨ ਨੂੰ ਲੈਕੇ ਚੇਤਨ ਹੋ ਰਹੇ ਲੋਕਾਂ ਦੀ ਬਾਤ ਪਾਉਣ ਲੱਗੀ ਹੈ।ਇਸ ਸਬੰਧ ਵਿਚ ਸਰੂਪ ਸਿਆਲਵੀ ਦੀ ਕਹਾਣੀ 'ਰੱਜਤਨਾਮੀਏ'ਭਗਵੰਤ ਰਸੂਲਪੁਰੀ ਦੀ ਕਹਾਣੀ 'ਸੁੱਕੀਆਂ ਕੂਨਾਂ'ਤੇ ਗੁਰਮੀਤ ਕੜਿਆਲਵੀ ਦੀ ਕਹਾਣੀ 'ਸ਼ਿਲਤਰਾਂ' ਨੂੰ ਲਿਆ ਜਾ ਸਕਦਾ ਹੈ।ਸਰੂਪ ਸਿਆਲਵੀ ਦੀ ਕਹਾਣੀ ਰੱਜਤਨਾਮੀਏ ਜ਼ਮੀਨ ਮਾਲਕੀ ਦੇ ਮਾਮਲੇ ਵਿਚ ਦਲਿਤਾਂ ਨਾਲ ਹੁੰਦੇ ਅਨਿਆਂ ਨੂੰ ਇਤਿਹਾਸਕ ਤੇ ਰਾਜਨੀਤਕ ਪਰਿਪੇਖ ਵਿਚ ਪ੍ਰਸਤੁਤ ਕਰਦੀ ਹੈ।ਰਜਵਾੜਾਸ਼ਾਹੀ ਤੋਂ ਬਾਅਦ ਅੰਗਰੇਜ਼ਾਂ ਹਕੂਮਤ ਦੁਆਰਾ ਬਾਰਾਂ ਨੂੰ ਆਬਾਦ ਕਰਨ ਵੇਲੇ ਵੀ ਦਲਿਤ ਕਾਸ਼ਤਕਾਰਾਂ ਨੂੰ ਮਾਲਕੀ ਦੇ ਹੱਕ ਤੋਂ ਵਾਂਝੇ ਰੱਖਿਆ ਗਿਆ।ਆਜ਼ਾਦੀ ਮਗਰੋਂ ਲੈਂਡ ਏਲੇਨਾਈਜੇਸ਼ਨ ਐਕਟ ਰੱਦ ਹੋਣ ਤੋਂ ਬਾਅਦ ਦਲਿਤਾਂ ਦੇ ਕਬਜੇ ਵਾਲੀਆਂ ਥਾਵਾਂ ਉਨ੍ਹਾਂ ਦੇ ਨਾਂ ਹੋਣ ਲੱਗੀਆਂ।ਪਰ ਇਥੇ



ਜ਼ਿਮੀਦਾਰਾਂ ਦੀ ਠੱਗੀ ਪੂਰੀ ਤਰ੍ਹਾਂ ਖਤਮ ਨਹੀਂ ਹੋਈ।ਜ਼ਮੀਨਾਂ ਦੀ ਖਰੀਦ ਫਰੋਖਤ ਦੇ ਵਧਦੇ ਕਾਰੋਬਾਰ ਨੇ ਅਤੇ ਖਾਨਾ ਕਾਸ਼ਤ ਵਿਚ ਜ਼ਿਮੀਦਾਰ ਦਾ ਨਾਂ ਬੋਲਦਾ ਹੋਣ ਕਰਕੇ ਵੱਡਾ ਲਾਣਾ ਦਲਿਤ ਭਾਈਚਾਰੇ ਨੂੰ ਉਨ੍ਹਾਂ ਦੀ ਵੱਸੋਂ ਲਈ ਮਿਲੀਆਂ ਨਿਗੂਣੀਆਂ ਥਾਵਾਂ ਤੋਂ ਵੀ ਉਜਾੜਨ ਲਈ ਤਿਆਰ ਬੈਠਾ ਹੈ।ਇਸ ਕਰਕੇ ਪਿੰਡਾਂ ਵਿਚ ਦੋ ਧਿਰੀ ਟੱਕਰ ਦਾ ਮਾਹੌਲ ਬਣਦਾ ਜਾ ਰਿਹਾ ਹੈ।ਇਕ ਪਾਸੇ ਦਲਿਤ ਵਰਗ ਆਪਣੇ ਨਿਗੂਣੇ ਹੱਕਾਂ ਦੀ ਪ੍ਰਾਪਤੀ ਲਈ ਕਾਨੂੰਨੀ ਚਾਰਾਜੋਈ ਕਰਨ ਲੱਗੀ ਹੈ ਦੂਜੇ ਪਾਸੇ ਪੈਸੇ ਦੀ ਲਾਲਸਾ ਤੇ ਜਾਤੀ ਅਹੰਕਾਰ ਆਪਣੀ ਧੌਂਸ ਨੂੰ ਬਣਾਈ ਰੱਖਣ ਲਈ ਇਕ ਧਿਰ ਨੂੰ ਸਾਧਨਾਂ ਤੋਂ ਬੇਦਖਲ ਕਰਨ ਲਈ ਤੱਤਪਰ ਹੈ।ਇਉਂ ਇਹ ਕਹਾਣੀ ਜਿਥੇ ਦਲਿਤ ਸ਼ੋਸ਼ਣ ਦੇ ਇਤਿਹਾਸਕ,ਰਾਜਨੀਤਕ ਤੇ ਜਾਤੀਗਤ ਕਾਰਨਾਂ ਦੀ ਤਲਾਸ਼ ਕਰਦੀ ਹੈ ਉਥੇ ਦਲਿਤ ਵਰਗ ਨੂੰ ਕਾਨੂੰਨ ਦੁਆਰਾ ਮਿਲੇ ਹੱਕਾਂ ਨੂੰ ਪ੍ਰਾਪਤ ਕਰਨ ਦੀ ਚੇਤਨਾ ਦੀ ਵੀ ਪ੍ਰਸਤੁਤੀ ਕਰਦੀ ਹੈ।

ਗੁਰਮੀਤ ਕੜਿਆਲਵੀ ਦੀ ਕਹਾਣੀ 'ਸ਼ਿਲਤਰਾਂ' ਇਨ੍ਹਾਂ ਹੱਕਾਂ ਨੂੰ ਪ੍ਰਾਪਤ ਕਰਨ ਲਈ ਦਲਿਤ ਸੰਘਰਸ਼ ਦੇ ਮੌਜੂਦਾ ਉਭਾਰ ਨੂੰ ਪ੍ਰਸਤੁਤ ਕਰਦੀ ਹੈ।ਦਲਿਤ ਸੰਘਰਸ਼ ਦਾ ਮੌਜੂਦਾ ਰੂਪ ਜ਼ਮੀਨ ਪ੍ਰਾਪਤੀ ਦੇ ਵਿਹਾਰਕ ਸੰਘਰਸ਼ ਦੀ ਉਪਜ ਹੈ ਜਿਸਨੇ ਬੌਲਦ ਕਲਾਂ ਪਿੰਡ ਤੋਂ ਊਰਜਾ ਲੈਕੇ ਮਾਲਵੇ ਦੇ ਵੱਡੇ ਹਿੱਸੇ ਵਿਚ ਹਲਚੱਲ ਪੈਦਾ ਕਰ ਦਿੱਤੀ।ਗੁਰਮੀਤ ਕਹਾਣੀ ਦਾ ਉਸਾਰ ਜ਼ਿਮੀਦਾਰਾਂ ਵੱਲੋਂ ਦਲਿਤਾਂ ਦੀ ਕੀਤੀ ਜਾਂਦੀ ਭਿੱਟ ਦੇ ਵਿਰੋਧ ਵਿਚ ਕਰਦਾ ਹੈ।ਇਹ ਕਾਮੇ ਸਾਂਝੀ ਰਾਏ ਨਾਲ ਜ਼ਿਮੀਦਾਰ ਨੂੰ ਭਿੱਟ ਕਰਨ ਦਾ ਸਬਕ ਸਿਖਾਉਂਦੇ ਹਨ।

"ਨਾ ਹੋਰ ਥੋਨੂੰ ਸੋਨੇ ਦੇ ਬਰਤਨਾਂ ਵਿਚ ਛਕਾਈਏ ਭੋਜਨ?"ਸਾਲੀ ਸੁੱਚ ਭਿੱਟ ਵੀ ਤਾਂ ਕੋਈ ਚੀਜ਼ ਹੁੰਦੀ।ਗੁਰੂ ਮਾਰ੍ਹਾਜ ਨੇ ਵੀ ਕੁਛ ਸੋਚ ਕੇ ਹੀ ਬਣਾਈ ਹੋਣੀ ਐ।"

"ਕਿਉਂ ਐਵੇਂ ਗੁਰੂ ਮਾਰ੍ਹਾਜ ਨੂੰ ਬਦਨਾਮ ਕਰਦੈਂ।ਸਾਡੇ ਸਾਭ ਤਾਂ ਗੁਰੂਆਂ ਨੇ ਸੁੱਚ ਭਿੱਟ ਦੂਰ ਕੀਤੀ ਐ ਹੋਰ ਸੁਣਲਾ ਆਹ ਦਾਣੇ ਵੀ ਭਿੱਟੇ ਗਏ ਆ।ਇਹ ਵੀ ਨਾ ਖਾਇਆ ਕਰੋ।ਨਾਲੇ ਜਿਨ੍ਹਾਂ ਮਹਿਲਾਂ ਵਿਚ ਚੌੜਾ ਹੋ ਹੋ ਬਹਿਨੈ,ਇਹ ਵੀ ਸਾਡੇ ਅਰਗਿਆਂ ਨੇ ਹੀ ਪਾਏ ਐ,ਭਿੱਟ ਤਾਂ ਇਹਦੇ ਵਿਚ ਵੀ ਪੈ ਗੀ ਹੋਣੀ ਐ।ਇਹ ਵੀ ਛੱਡ ਕੇ ਬਾਹਰ ਹੋ ਜੋ।"

ਇਸ ਤਰ੍ਹਾਂ ਕਥਾਕਾਰ ਦੇਵ ਨਾਂ ਦੇ ਦਲਿਤ ਪਾਤਰ ਦੀ ਸਿਮਰਤੀ ਵਿਚੋਂ ਜਾਤੀ ਵਿਤਕਰੇ ਵਿਰੁੱਧ ਚੇਤਨਾ ਤੇ ਸੰਘਰਸ਼ ਦਾ ਆਧਾਰ ਤਿਆਰ ਕਰਦਾ ਹੈ ਜੋ ਹੁਣ ਜ਼ਮੀਨ ਪ੍ਰਾਪਤੀ ਸੰਘਰਸ਼ ਦੇ ਕੇਸ ਵਿਚ ਜੇਲ੍ਹ ਵਿਚ ਹੈ।ਦੇਵ ਇਕ ਜਾਗ੍ਰਿਤ ਪਾਤਰ ਦੇ ਰੂਪ ਵਿਚ ਪੇਸ਼ ਹੁੰਦਾ ਹੈ ਜੋ ਜਾਣਦਾ ਹੈ ਕਿ ਸਦੀਆਂ ਤੋਂ ਇਸੇ ਜ਼ਮੀਨ ਨਾਲ ਮਿੱਟੀ ਹੁੰਦੇ ਇਹ ਲੋਕ ਹੁਣ ਆਪਣਾ ਹੱਕ ਲੈ ਕੇ ਹਟਣਗੇ।ਉਸ ਨੂੰ ਪਤਾ ਹੈ ਕਿ ਇਸ ਘਟਨਾ ਨੇ ਕੌਮਾਂਤਰੀ ਪੱਧਰ ਉਤੇ ਮੀਡੀਏ ਦਾ ਧਿਆਨ ਖਿੱਚਿਆ ਹੈ।ਹੁਣ ਸੱਤਾਧਾਰੀ ਜਬਰ ਬਹੁਤੀ ਦੇਰ ਨਹੀਂ ਚੱਲ ਸਕਦਾ।ਸਰਕਾਰੀ ਜਬਰ ਦੇ ਖਿਲਾਫ ਲਾਮਬੰਦ ਹੋ ਰਹੇ ਦਲਿਤਾਂ ਦੀਆਂ ਖਬਰਾਂ ਜੇਲ੍ਹ ਵਿਚ ਬੰਦ ਦੇਵ ਦੀ ਵਿਚਾਰਧਾਰਾ ਤੇ ਇਰਾਦੇ ਨੂੰ ਦ੍ਰਿੜ ਕਰਦੇ ਹਨ।ਇਸਦੀ ਮਜਬੂਤੀ ਲਈ ਕਹਾਣੀਕਾਰ ਜੇਲ੍ਹ ਵਿਚ ਬੰਦੀ ਹੋਰਨਾਂ ਜਥੇਬੰਦੀਆਂ ਦੇ ਆਗੂਆਂ ਵੱਲੋਂ ਜਬਰ ਦੇ ਖਿਲਾਫ ਡਟਣ ਦੀ ਕੀਤੀ ਹਮਾਇਤ ਨੂੰ ਵੀ ਆਧਾਰ ਬਣਾਉਂਦਾ ਹੈ।ਇੰਜ ਇਹ ਕਹਾਣੀ ਜਿਥੇ ਮੌਜੂਦਾ ਦਲਿਤ ਸੰਘਰਸ਼ ਦੀ ਡਾਕੂਮੈਂਟੇਸ਼ਨ ਕਰਦੀ ਹੈ ਉਥੇ ਇਕ ਨਵੀਂ ਊਰਜਾ ਨਾਲ ਕਾਨੂੰਨੀ ਹੱਕਾਂ ਨੂੰ ਪ੍ਰਾਪਤ ਕਰਨ ਦੀ ਚੇਤਨਾ ਤੇ ਜੱਦੋਜਹਿਦ ਦਾ ਰੂਪਾਂਤ੍ਰਣ ਕਰਦੀ ਹੈ।

ਭਗਵੰਤ ਰਸੂਲਪੁਰੀ ਆਪਣੀ ਕਹਾਣੀ 'ਸੁੱਕੀਆਂ ਕੂਨਾਂ'ਵਿਚ ਪੂੰਜੀਵਾਦੀ ਸੱਤਾ ਤੇ ਮਸ਼ੀਨੀ ਯੁੱਗ ਦੇ ਦਲਿਤ ਵਿਰੋਧੀ ਗੱਠਜੋੜ ਦੀ ਤਲਾਸ਼ ਕਰਦਾ ਹੋਇਆ ਕਿੱਤਾਗਤ ਉਪਜੀਵਕਾ ਲਈ ਪ੍ਰਕਿਤਕ ਸਾਧਨਾਂ ਤੋਂ ਬੇਦਖਲ ਕਰ ਦਿੱਤੇ ਗਏ ਦਲਿਤਾਂ ਦੇ ਦੁੱਖ ਨੂੰ ਸਮਝਣ ਸਮਝਾਉਣ ਦੀ ਚੇਤਨਾ ਦਾ ਪ੍ਰਗਟਾਵਾ

ਕਰਦਾ ਹੈ।ਹੱਡਾ ਰੋੜੀ,ਚਮੜੇ ਦੀ ਸਾਂਭ ਸੰਭਾਲ ਤੇ ਰੰਗ ਰੰਗਾਈ ਲਈ ਕਬਜ਼ੇ ਵਾਲੀਆਂ ਉਜਾੜ ਥਾਵਾਂ ਤੋਂ ਕਿਵੇਂ ਇਕ ਧਿਰ ਨੂੰ ਉਜਾੜਿਆ ਜਾਂਦਾ ਹੈ ਤੇ ਜਾਤੀ ਵਿਸ਼ੇਸ਼ ਲਈ ਰਾਖਵੇਂ ਕੀਤੇ ਇਸ ਧੰਦੇ ਵਿਚੋਂ ਪੂੰਜੀਵਾਦੀ ਤਾਕਤਾਂ ਕਿਵੇਂ ਇਸ ਧਿਰ ਨੂੰ ਹਾਸ਼ੀਏ ਤੇ ਧੱਕ ਕੇ ਆਪ ਕਾਬਜ਼ ਹੋ ਜਾਂਦੀ ਹੈ ਦੀ ਦਾਸਤਾਂ ਨੂੰ ਬਾਕਮਾਲ ਪ੍ਰਸਤੁਤ ਕਰਦੀ ਹੈ।ਇਹ ਕਹਾਣੀ ਇਹ ਸਮਝ ਪੈਦਾ ਕਰਦੀ ਹੈ ਕਿ ਪੈਦਾਵਾਰੀ ਸਾਧਨਾਂ ਦੀ ਗਤੀਸ਼ੀਲਤਾ ਤੇ ਮਸ਼ੀਨੀ ਯੁੱਗ ਦਾ ਵਿਕਾਸ ਮਾਡਲ ਜੋ ਕਿ ਸਮੂਹਕ ਤਰੱਕੀ ਦਾ ਜਾਮਨ ਬਣਿਆ ਸੀ ਨੇ ਦਲਿਤ ਸ਼੍ਰੇਣੀ ਦੀ ਉਪਜੀਵਕਾ ਤੇ ਸਾਧਨਾਂ ਦੀ ਮਲਕੀਅਤ ਨੂੰ ਵੱਡਾ ਖੋਰਾ ਲਾਇਆ।ਇੰਜ ਇਹ ਕਹਾਣੀ ਮੌਜੂਦਾ ਸਮੇਂ ਵਿਚ ਪੂੰਜੀਵਾਦੀ ਸੱਤਾ ਦੁਆਰਾ ਹਿੰਦੋਸਤਾਨ ਵਿਚੋਂ ਆਦਿ ਵਾਸੀਆਂ ਨੂੰ ਪ੍ਰਕਿਤਕ ਸਾਧਨਾਂ ਦੀ ਮਲਕੀਅਤ ਤੋਂ ਬੇਦਖਲ ਕਰਨ ਵਾਲੇ ਦਮਨ ਚੱਕਰ ਪ੍ਰਤੀ ਸੰਕੇਤ ਕਰਦੀ ਹੈ।

ਉਪਰੋਕਤ ਸੰਦਰਭ ਵਿਚ ਦਲਿਤ ਕਹਾਣੀ ਦਾ ਇਹ ਪਾਸਾਰ ਵੀ ਧਿਆਨ ਦੀ ਮੰਗ ਕਰਦਾ ਹੈ ਕਿ ਇਹ ਨਿਰੇ ਅਨੁਭਵ ਦੇ ਆਸਰੇ ਉਸਰੀ ਕਹਾਣੀ ਤੋਂ ਅਗਾਂਹ ਲੰਘ ਕੇ ਆਪਣੇ ਗੌਰਵਸ਼ਾਲੀ ਅਤੀਤ ਨੂੰ ਸਮਝਣ ਤੇ ਜਾਨਣ ਵਾਲੇ ਪਾਸੇ ਤੁਰਦੀ ਹੈ।ਇਹ ਕਹਾਣੀ ਪੰਜਾਬ ਦੇ ਦਲਿਤ ਆਗੂਆਂ ਦੁਆਰਾ ਲੋਕਾਂ ਨੂੰ ਲਾਮਬੰਦ ਕਰਨ ਲਈ ਕੀਤੇ ਗਏ ਸੰਘਰਸ਼ਾਂ ਦੀ ਪਿੱਠਭੂਮੀ ਵਿਚੋਂ ਪੈਦਾ ਹੁੰਦੀ ਹੈ।ਇਸ ਸੰਦਰਭ ਵਿਚ ਦੋ ਪ੍ਰਮੁੱਖ ਕਹਾਣੀਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ।'ਆਦੀ ਡੰਕਾ'ਤੇ 'ਇਕ ਬੇਦਾਵਾ ਹੋਰ'ਆਦੀ ਡੰਕਾ ਕਹਾਣੀ ਬਾਬਾ ਮੰਗੂ ਰਾਮ ਮੁਗੋਵਾਲ ਦੁਆਰਾ ਚਲਾਈ ਗਈ ਆਦਿ ਧਰਮ ਲਹਿਰ ਦੇ ਇਤਿਹਾਸਕ ਮਹੱਤਵ ਨੂੰ ਅੱਜ ਦੀਆਂ ਸਥਿਤੀਆਂ ਦੇ ਸੰਦਰਭ ਵਿਚ ਸਾਕਾਰ ਕਰਦੀ ਹੈ।ਇਕ ਬੇਦਾਵਾ ਹੋਰ ਕਹਾਣੀ 1978 ਵਿਚ ਕਾਂਸ਼ੀ ਰਾਮ ਦੁਆਰਾ ਖੜ੍ਹੀ ਕੀਤੀ ਗਈ ਬਾਮਸੇਫ ਲਹਿਰ ਦੀ ਉਸਾਰੀ ਤੇ ਇਸ ਦੁਆਰਾ ਜੇਲ੍ਹ ਭਰੋ ਅੰਦੋਲਨ ਦੇ ਦ੍ਰਿਸ਼ਾਂ ਨੂੰ ਸਾਕਾਰ ਕਰਦੀ ਹੋਈ ਉਸ ਲਾਮਬੰਦੀ ਨੂੰ ਦਲਿਤ ਇਤਿਹਾਸ ਦਾ ਗੌਰਵਸ਼ਾਲੀ ਅਤੀਤ ਹੋਣ ਦਾ ਸੰਕੇਤ ਕਰਦੀ ਹੈ।ਇਹ ਦੋਵੇਂ ਕਹਾਣੀਆਂ ਅੱਜ ਦੀ ਸਥਿਤੀ ਵਿਚ ਦਲਿਤ ਰਾਜਸੀ ਚੇਤਨਾ,ਲਾਮਬੰਦੀ ਤੇ ਸੰਘਰਸ਼ ਨੂੰ ਲੈ ਕੇ ਉਸੇ ਦਿਸ਼ਾ ਵਿਚ ਅੱਗੇ ਵਧਣ ਦਾ ਸੁਪਨਾ ਦਿਖਾਉਂਦੀਆਂ ਹਨ।

21ਵੀਂ ਸਦੀ ਦੀ ਦਲਿਤ ਕਹਾਣੀ ਦਾ ਇਕ ਨਿੱਗਰ ਪੱਖ ਭਾਰਤੀ ਇਤਿਹਾਸ ਤੇ ਮਿੱਥਿਹਾਸ ਦੀ ਪੁਨਰ ਵਿਆਖਿਆ ਤੇ ਵਿਸ਼ਲੇਸ਼ਣ ਪੇਸ਼ ਕਰਨਾ ਹੈ।ਖ਼ਾਸ ਤੌਰ ਤੇ ਦਲਿਤ ਕਹਾਣੀ ਵਿਚ ਇਹ ਵਿਸ਼ਾ ਇਸ ਕਰਕੇ ਮਹੱਤਵ ਗ੍ਰਹਿਣ ਕਰਦਾ ਹੈ ਕਿਉਂਕਿ ਵਰਣ ਵਿਵਸਥਾ ਜੋ ਕਿ ਭਾਰਤੀ ਸੰਸਕ੍ਰਿਤੀ ਦੀ ਬੇਹੱਦ ਜਟਿਲ ਤੇ ਦਮਨਕ੍ਰਿਤ ਪ੍ਰਣਾਲੀ ਹੈ,ਨੂੰ ਸਥਾਪਿਤ ਕਰਨ ਦਾ ਸਭ ਤੋਂ ਵੱਡਾ ਖਮਿਆਜ਼ਾ ਹੁਣ ਤੱਕ ਦਲਿਤ ਸ਼੍ਰੇਣੀ ਨੂੰ ਹੀ ਭੁਗਤਣਾ ਪਿਆ।ਇਸ ਵਿਵਸਥਾ ਨੇ ਦਲਿਤ ਸ਼ਰੇਣੀ ਤੋਂ ਆਪਣੇ ਆਪ ਨੂੰ ਮਨੁੱਖ ਸਮਝਣ ਦਾ ਬੁਨਿਆਦੀ ਵਿਸ਼ਵਾਸ ਵੀ ਖੋਹ ਲਿਆ।ਮੌਜੂਦਾ ਸਮੇਂ ਵਿਚ ਲੋਕਤੰਤਰੀ ਸਮਾਜਿਕ ਵਿਵਸਥਾ ਤੱਕ ਪਹੁੰਚ ਕੇ ਵੀ ਭਾਰਤੀ ਬੰਦੇ ਦੀ ਮਾਨਸਿਕਤਾ ਨੂੰ ਇਕ ਅਜਿਹਾ ਗ੍ਰਹਿਣ ਲੱਗਾ ਹੋਇਆ ਹੈ ਜਿਸ ਵਿਚ ਦਲਿਤ ਮਨੁੱਖ ਨੂੰ ਦੇਖਣ ਸਮਝਣ ਦੀ ਦ੍ਰਿਸ਼ਟੀ ਵਿਚ ਖੋਟ ਰਲਾ ਦਿੱਤੀ ਗਈ ਹੈ।ਇਸਦਾ ਵੱਡਾ ਕਾਰਨ ਇਹ ਹੈ ਕਿ ਭਾਰਤੀ ਸੰਸਕ੍ਰਿਤੀ ਦੀ ਸਿਰਜਣਾ ਕਰਨ ਵਾਲੀ ਗਿਆਨ ਪ੍ਰੰਪਰਾ ਜਿਸਨੂੰ ਭਾਰੂ ਰੂਪ ਵਿਚ ਲਾਗੂ ਕਰਨ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ,ਨੂੰ ਜਾਇਜ਼ ਠਹਿਰਾਉਣ ਵਾਲੀ ਲੋਟੂ ਸ਼ਰੇਣੀ ਇਸਦੀ ਪਿੱਠ ਥਾਪੜ ਰਹੀ ਹੈ।ਵੈਦਿਕ ਗਿਆਨ ਪਰੰਪਰਾ ਉਸ ਲਈ ਪੂਜਨੀਕ ਹੀ ਨਹੀਂ ਸਗੋਂ ਆਪਣੀ ਸ਼ਰੇਸ਼ਠਤਾ,ਲੁੱਟ ਤੇ ਦਾਬੇ ਨੂੰ ਬਣਾਈ ਰੱਖਣ ਦਾ ਇਕ ਸੌਖਾ ਸਾਧਨ ਵੀ ਹੈ।

ਧਰਮ,ਸੰਸਕ੍ਰਿਤੀ,ਇਤਿਹਾਸ ਤੇ ਮਿਥਿਹਾਸ ਨੂੰ ਤਾਰਕਿਕ ਢੰਗ ਨਾਲ ਸਮਝਣ ਤੇ ਜਾਨਣ ਦੇ ਗਿਆਨ ਅਨੁਸ਼ਾਸਨਾਂ ਨੇ ਬੌਧਿਕ ਜਗਤ ਵਿਚ ਹਲਚਲ ਪੈਦਾ ਕਰ ਦਿੱਤੀ।ਇਸਨੇ ਦਲਿਤ ਜੀਵਨ ਦੇ ਸਮਾਜਿਕ,ਰਾਜਨੀਤਕ ਤੇ ਬੌਧਿਕ ਮੁਆਸ਼ਰੇ ਨੂੰ ਇਸ ਧਾਰਮਿਕ ਪ੍ਰੰਪਰਾ ਦੀ ਨਿਰਖ ਪਰਖ ਕਰਨ ਦੀ ਸੋਝੀ



ਪ੍ਰਦਾਨ ਕੀਤੀ।ਇਥੋਂ ਹੀ ਦਲਿਤ ਵਰਗ ਅੰਦਰ ਨਵੀਂ ਚੇਤਨਾ ਤੇ ਸੰਘਰਸ਼ ਦੀ ਸ਼ੁਰੂਆਤ ਹੁੰਦੀ ਹੈ।ਪੰਜਾਬੀ ਦਲਿਤ ਕਹਾਣੀ ਵਿਚ ਦਲਿਤ ਦਮਨ ਦੀ ਪਰੰਪਰਾ ਨੂੰ ਸਮਝਣ ਤੇ ਪੇਸ਼ ਕਰਨ ਸਮੇਂ ਭਾਰਤੀ ਸਾਹਿਤ ਪ੍ਰੰਪਰਾ ਵਿਚ ਆਏ ਪਾਤਰਾਂ ਤੇ ਨਾਇਕਾਂ ਨੂੰ ਇਕਹਿਰੇ ਰੂਪ ਵਿਚ ਪ੍ਰਸਤੁਤ ਤਾਂ ਕੀਤਾ ਜਾਂਦਾ ਰਿਹਾ ਹੈ ਪਰ ਦਲਿਤ ਦਮਨ ਦੀ ਇਕ ਪੂਰੀ ਦੀ ਪੂਰੀ ਪ੍ਰੰਪਰਾ ਦੀ ਸਮਝ ਤਿਆਰ ਕਰਕੇ ਭਵਿੱਖ ਦੀ ਨਿਸ਼ਾਨਦੇਹੀ ਕਰਨ ਦੀ ਸੋਝੀ ਇਸ ਯੁੱਗ ਵਿਚ ਆਕੇ ਹੀ ਹੁੰਦੀ ਹੈ।

ਪੰਜਾਬੀ ਦਲਿਤ ਕਹਾਣੀ ਦੇ ਸੰਦਰਭ ਵਿਚ ਸਰੂਪ ਸਿਆਲਵੀ ਲਗਾਤਾਰ ਲਿਖਣ ਵਾਲਾ ਪ੍ਰਮੁਖ ਕਹਾਣੀਕਾਰ ਬਣਦਾ ਹੈ।ਇਸ ਸਬੰਧ ਵਿਚ ਡਾ.ਸਰਬਜੀਤ ਦੀ ਟਿੱਪਣੀ ਧਿਆਨ ਦੀ ਮੰਗ ਕਰਦੀ ਹੈ।'ਕਾਲ ਕਾਲਾਂਤਰ'ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਪਹਿਲੀ ਕਹਾਣੀ ਹੈ ਜੋ ਇਤਿਹਾਸ ਮਿਥਿਹਾਸ ਨੂੰ ਜਾਤੀ ਅਵਚੇਤਨ ਦੀ ਦ੍ਰਿਸ਼ਟੀ ਤੋਂ ਫੜਦੀ ਹੋਈ ਇਹ ਤਰਕ ਸਿਰਜਦੀ ਹੈ ਕਿ ਮਨੁੱਖ ਨੂੰ ਦਬੇਲ ਬਣਾਈ ਰੱਖਣ ਦੀ ਰੁੱਚੀ,ਦ੍ਰਿਸ਼ਟੀ ਅਤੇ ਸੋਚ ਆਧੁਨਿਕ ਸਮਿਆਂ ਦੀ ਬਾਤ ਨਹੀਂ,ਸਗੋਂ ਬਹੁੱਤ ਪੁਰਾਣੀ ਹੈ।'ਕਾਲ ਕਾਲਾਂਤਰ' 'ਕੁੰਤੀ ਪੁੱਤਰ੩ਕਰਨ'ਤੇ ਹੁਣ ਮੈਗਜ਼ੀਨ ਦੇ ਤਾਜ਼ਾ ਅੰਕ ਵਿਚ ਛਪੀ ਕਹਾਣੀ 'ਚੀਰ ਹਰਨ'ਭਾਰਤੀ ਇਤਿਹਾਸ,ਮਿਥਿਹਾਸ ਤੇ ਗਿਆਨ ਪਰੰਪਰਾ ਨੂੰ ਤਾਰਕਿਕ ਢੰਗ ਨਾਲ ਪ੍ਰਸਤੁਤ ਕਰਦੀਆਂ ਹੋਈਆਂ ਉਸ ਸ਼ੜਯੰਤਰ ਨੂੰ ਸਮਝਣ ਦੀ ਸੋਝੀ ਕਰਵਾਉਂਦੀਆਂ ਹਨ ਜਿਸਨੇ ਸਦੀਆਂ ਤੋਂ ਨਾਰੀ ਸਮੇਤ ਸਮਾਜ ਦੇ ਵੱਡੇ ਤਬਕੇ ਨੂੰ ਦਬੇਲ ਬਣਾਕੇ ਆਪਣੇ ਰਾਜ ਪਾਟ ਤੇ ਸੱਤਾ ਸ਼ਕਤੀ ਨੂੰ ਬਣਾਈ ਰੱਖਣ ਦਾ ਕੁਚੱਕਰ ਚਲਾਇਆ ਹੋਇਆ ਹੈ।ਕਾਲ ਕਾਲਾਂਤਰ ਕਹਾਣੀ ਵਿਚ ਵੈਦਿਕ ਕਾਲ,ਉੱਤਰ ਵੈਦਿਕ ਕਾਲ,ਲੋਕਾਇਤ,ਬੁੱਧ ਕਾਲ ਤੇ ਮਨੂ ਸਿਮਰਤੀ ਕਾਲ ਨੂੰ ਵਿਸਥਾਰ ਰੂਪ ਵਿਚ ਸਮਝਣ ਤੇ ਗਲਪ ਬਿਰਤਾਂਤ ਵਿਚ ਢਾਲਣ ਲਈ ਲੇਖਕ ਗੱਲਬਾਤ ਦੀ ਵਿਧੀ ਘੜਦਾ ਹੈ ਜਿਸਨੂੰ ਵਧੇਰੇ ਤਾਰਕਿਕ ਬਣਾਉਣ ਲਈ ਉਹ ਇਤਿਹਾਸ ਦੇ ਮਾਸਟਰ ਅਰਵਿੰਦਰ ਆਰੀਆ ਦੁਆਰਾ ਪ੍ਰਦਾਨ ਕੀਤੀ ਗਈ ਇਤਿਹਾਸਕ ਦ੍ਰਿਸ਼ਟੀ ਤੇ ਵਿਸ਼ਲੇਸ਼ਣੀ ਵਿਆਖਿਆ ਨੂੰ ਜਾਮਨ ਬਣਾਉਂਦਾ ਹੈ।ਇਹ ਕਹਾਣੀ ਇਹ ਸਮਝ ਤਿਆਰ ਕਰਦੀ ਹੈ ਕਿ ਇਨ੍ਹਾਂ ਕਾਲ ਖੰਡਾਂ ਦੌਰਾਨ ਆਰੀਆ ਜਾਤੀ ਨੇ ਇਥੋਂ ਦੇ ਮੂਲ ਨਿਵਾਸੀਆਂ ਉਤੇ ਜਿੱਤ ਪ੍ਰਾਪਤ ਕਰਨ ਲਈ ਤੇ ਸਦੀਆਂ ਤੱਕ ਇਸਨੂੰ ਆਪਣੇ ਅਧੀਨ ਕਰਕੇ ਰਾਜ ਕਰਨ ਦੇ ਸ਼ੜਯੰਤਰ ਵਿਚੋਂ ਵੇਦਾਂ,ਉਪਨਿਸ਼ਦਾਂ ਤੇ ਸਿਮਰਤੀਆਂ ਦੀ ਰਚਨਾ ਕੀਤੀ।ਕਹਾਣੀ ਦਾ ਸੰਵਾਦ ਦੇਖੋ:

'ਰਿਸ਼ੀਆਂ ਨੇ ਬ੍ਰਾਹਮਣ ਨੂੰ ਉਪੱਦਰ ਤੇ ਭੈੜੇ ਕੰਮ ਕਰਨ ਤੇ ਵੀ ਉਨ੍ਹਾਂ ਨੂੰ ਦੋਸ਼ ਮੁਕਤ ਕਰਨ ਲਈ ਨਿਯਮ ਬਣਾਏ।ਜਿਵੇਂ ਤੇਜ ਵਾਲੀ ਅੱਗ,ਸ਼ਮਸ਼ਾਨ ਘਾਟ ਵਿਚ ਮੁਰਦਿਆਂ ਨੂੰ ਜਲਾ ਕੇ ਅਪਵਿੱਤਰ ਨਹੀਂ ਹੁੰਦੀ।ਇਸ ਤਰ੍ਹਾਂ ਬ੍ਰਾਹਮਣ ਭੈੜੇ ਕੰਮ ਕਰਨ ਤੇ ਵੀ ਪੂਜਣਯੋਗ ਰਹਿੰਦਾ ਹੈ।ਕਿਉਂਕਿ ਬ੍ਰਾਹਮਣ ਪਰਮ ਦੇਵਤਾ ਸਰੂਪ ਹੈ,ਸਭ ਤੋਂ ਉੱਪਰ ਹਨ,ਸ਼੍ਰੇਸ਼ਠ ਹਨ।ਬ੍ਰਾਹਮਣ ਵੇਦ ਵਿਰੋਧੀ ਕੰਮ ਕਰਨ ਤੇ ਵੀ ਦੋਸ਼ੀ ਨਹੀਂ ਹੁੰਦਾ,ਕਿਉਂਕਿ ਸੰਸਾਰ ਦੇਵਤਿਆਂ ਅਧੀਨ ਹੈ।ਦੇਵਤੇ ਮੰਤਰਾਂ ਅਧੀਨ ਹਨ।ਤੇ ਮੰਤਰ ਬ੍ਰਾਹਮਣਾਂ ਅਧੀਨ ਹਨ।ਇਸ ਲਈ ਹੇ ਲੋਕੋ।ਬ੍ਰਾਹਮਣਾਂ ਨੂੰ ਪੂਜੋ ਤੇ ਉਨ੍ਹਾਂ ਦਾ ਹੁਕਮ ਮੰਨੋ।ਕਹਾਣੀ ਵਿਚ ਸੰਵਾਦ ਵਿਧੀ ਦਾ ਨਮੂਨਾ ਦੇਖੋ: "ਸਰ ਨੇ ਐਂ ਵੀ ਤਾਂ ਦੱਸਿਆ ਸੀ" ਇੰਦਰਜੀਤ ਫੇਰ ਬੋਲਣ ਲੱਗਿਆ, "ਰਮਾਇਣ ਦੇ ਉੱਤਰ ਕਾਂਡ ਵਿਚ ਲਿਖਿਆ, "ਸ਼ੂਦਰ ਦੇ ਤਪੱਸਿਆ ਕਰਨ ਤੇ ਬ੍ਰਾਹਮਣ ਮਰ ਜਾਂਦਾ ਹੈ ਤੇ ਸ਼ੂਦਰ ਦਾ ਸਿਰ ਕੱਟਣ ਤੇ ਬ੍ਰਾਹਮਣ ਜਿਉਂਦਾ ਹੋ ਜਾਂਦਾ ਹੈ।

ਕੁੰਤੀ ਪੁੱਤਰ..ਕਰਨ,ਕਹਾਣੀ ਮਹਾਂਭਾਰਤ ਕਾਲ ਦੇ ਜਾਤੀ ਦਮਨ ਦਾ ਸ਼ਾਖਸ਼ਾਤ ਬਿੰਬ ਸਿਰਜਦੀ ਹੈ।ਇਹ ਕਹਾਣੀ ਬ੍ਰਾਹਮਣਵਾਦੀ ਸੰਸਕਾਰਾਂ ਦੀ ਸਥਾਪਤੀ ਤੇ ਸਲਾਮਤੀ ਲਈ ਮੁੱਖਧਾਰਾ ਵਿਚੋਂ ਲਾਂਭੇ ਕਰ ਦਿੱਤੇ ਗਏ ਇਕ ਨਾਇਕ ਦੀ ਬਾਤ ਪਾਉਂਦੀ ਹੋਈ ਵਿਦਰੋਹ ਦੀਆਂ ਸਾਰੀਆਂ ਸੰਭਾਵਨਾਵਾਂ ਨੂੰ ਖਤਮ

ਕਰਨ ਦੀਆਂ ਕੁਚਾਲਾਂ ਵੱਲ ਵੀ ਸੰਕੇਤ ਕਰਦੀ ਹੈ।ਇਹ ਕਹਾਣੀ ਮਹਾਂਭਾਰਤ ਦੀ ਕਥਾ ਰਾਹੀਂ ਧਰਮ ਕਰਮ ਦੀ ਜਿੱਤ ਦੇ ਨਾਂ ਤੇ ਪਰਚਾਰੇ ਜਾਂਦੇ ਮਹਾਂਪ੍ਰਵਚਨ ਦਾ ਖੰਡਨ ਕਰਦੀ ਹੋਈ ਭਾਰਤੀ ਮਿਥਿਹਾਸ ਨੂੰ ਇਤਿਹਾਸਕ ਪਦਾਰਥਵਾਦੀ ਦ੍ਰਿਸ਼ਟੀਕੋਣ ਤੋਂ ਸਮਝੇ ਜਾਣ ਦੀ ਵਕਾਲਤ ਕਰਦੀ ਹੈ।ਭਾਰਤੀ ਮਿਥਿਹਾਸ ਨੂੰ ਦੇਖਣ ਦੀ ਇਸ ਵਿਧੀ ਵਿਚ ਲੋਕ ਮਨਾਂ ਵਿਚ ਘਰ ਕਰੀਂ ਬੈਠੇ ਮਹਾਂ ਗਿਆਨੀ,ਬਲਸ਼ਾਲੀ,ਗੁਰੂ ਤੇ ਭਗਵਾਨ ਆਪਣੀ ਸੱਤਾ ਬਣਾਈ ਰੱਖਣ ਲਈ ਗੈਰਮਨੁੱਖੀ ਕਾਰਨਾਮਿਆਂ ਸਮੇਤ ਪ੍ਰਗਟ ਹੁੰਦੇ ਹਨ।ਦੂਜੇ ਪਾਸੇ ਥਾਂ ਥਾਂ ਉੱਤੇ ਕਰਨ ਨੂੰ ਜਾਤੀ ਉਤਪੀੜਨ ਵਿਚੋਂ ਗੁਜ਼ਰਨਾ ਪੈਂਦਾ ਹੈ।ਪਾਂਡਵਾਂ ਦੀ ਸੱਤਾ ਨੂੰ ਬਚਾਉਣ ਲਈ ਨਿਸ਼ਾਦ ਕਬੀਲੇ ਨੂੰ ਖਾਂਡਵ ਵਣ ਤੋਂ ਉਜਾੜਨ,ਗੁਰੂਦੱਸ਼ਣਾ ਦੇ ਨਾਂ ਤੇ ਇਕਲੱਵਿਆ ਦਾ ਅੰਗੂਠਾ ਮੰਗ ਲੈਣ ਵਰਗੀਆਂ ਦਮਨਕਾਰੀ ਘਟਨਾਵਾਂ ਜਾਤੀ ਦਮਨ ਦੇ ਤੱਤ ਸਾਰ ਦੀ ਸੂਝ ਪੈਦਾ ਕਰਦੀਆਂ ਹਨ।

ਚੀਰ ਹਰਨ ਕਹਾਣੀ ਨਾਰੀ ਦਮਨ ਦੇ ਮਸਲੇ ਨੂੰ ਭਾਰਤੀ ਇਤਿਹਾਸ ਮਿੱਥਿਹਾਸ ਵਿਚੋਂ ਦੇਖਣ ਸਮਝਣ ਉੱਤੇ ਕੇਂਦਰਿਤ ਹੈ।ਨਾਰੀ ਦਮਨ ਦਾ ਮਸਲਾ ਭਾਵੇਂ ਦਲਿਤ ਉਤਪੀੜਨ ਤੋਂ ਵੱਖਰਾ ਰੱਖ ਕੇ ਸਮਝਿਆ ਜਾ ਸਕਦਾ ਹੈ ਪਰ ਭਾਰਤੀ ਇਤਿਹਾਸ ਮਿਥਿਹਾਸ ਵਿਚ ਇਸ ਦੀਆਂ ਜੜਾਂ ਆਪਸ ਵਿਚ ਮਿਲਦੀਆਂ ਹਨ।ਮਹਾਂਭਾਰਤ ਕਥਾ ਵਿਚ ਬ੍ਰਾਹਮਣ ਪੁੱਤਰੀ ਕੁੰਤੀ ਨੂੰ ਇਕ ਵੈਸ਼ਯ ਨੌਜੁਆਨ ਨਾਲ ਸਹਿਵਾਸ ਕਰਨ ਦੀ ਸਜ਼ਾ ਇਹ ਮਿਲੀ ਕਿ ਉਸ ਤੋਂ ਪੈਦਾ ਹੋਏ ਪੁੱਤਰ 'ਕਰਨ' ਨੂੰ ਸੂਦ ਪੁੱਤਰ ਦਾ ਫਤਵਾ ਦੇ ਕੇ ਉਸ ਤੋਂ ਕਸ਼ੱਤਰੀ ਰਾਜਕੁਮਾਰ ਹੋਣ ਦੇ ਸਾਰੇ ਅਧਿਕਾਰ ਖੋਹ ਲਏ ਗਏ ਅਤੇ ਉਸਨੂੰ ਤਾਉਮਰ ਜਾਤੀ ਦਮਨ ਦੀ ਪੀੜ ਹੰਢਾਉਣੀ ਪਈ।ਕੁੰਤੀ ਚਾਹ ਕੇ ਵੀ ਉਸਨੂੰ ਅਪਣੇ ਦੂਸਰੇ ਪੁੱਤਰਾਂ ਦੇ ਬਰਾਬਰ ਨਹੀਂ ਰੱਖ ਸਕੀ।ਇਵੇਂ ਹੀ ਦਰੋਪਤੀ ਨੂੰ ਆਪਣੀ ਮਰਜ਼ੀ ਦੇ ਉਲਟ ਪੰਜਾਂ ਦੀ ਪਤਨੀ ਬਣਨਾ ਸਵੀਕਾਰ ਕਰਨ ਤੇ ਮੁੜ ਜੂਏ ਵਿਚ ਦਾਅ ਤੇ ਲਾ ਦੇਣ ਪਿੱਛੇ ਬ੍ਰਾਹਮਣਵਾਦੀ ਸੰਸਕਾਰ ਕਾਰਜ ਕਰਦੇ ਹਨ ਉਵੇਂ ਕਰਨ ਨੂੰ ਵੀ ਉਨ੍ਹਾਂ ਸੰਸਕਾਰਾਂ ਦੀ ਮਾਰ ਸਹਿਣੀ ਪੈਂਦੀ ਹੈ।ਕਹਾਣੀਕਾਰ ਦੇ ਅਵਚੇਤਨ ਵਿਚ ਇਹ ਗੱਲਾਂ ਪਈਆਂ ਹਨ।ਪਰ ਇਸ ਕਹਾਣੀ ਨੂੰ ਉਹ ਹਟਵੇਂ ਢੰਗ ਨਾਲ ਨਾਰੀ ਦਮਨ ਉਤੇ ਕੇਂਦਰਿਤ ਕਰਨਾ ਚਾਹੁੰਦਾ ਹੈ।ਲੇਖਕ ਕਹਾਣੀ ਨੂੰ ਔਰਤ ਪਾਤਰਾਂ ਦੀ ਗੁਫਤਗੂ ਵਿਚੋਂ ਤੋਰਦਾ ਹੋਇਆ ਸਮਕਾਲ ਵਿਚ ਕਿਸਾਨੀ ਪਰਿਵਾਰਾਂ ਵਿਚ ਔਰਤ ਦੇ ਮਸਲਿਆਂ ਨੂੰ ਪ੍ਰੰਪਰਾ ਵਿਚੋਂ ਤਲਾਸ਼ਣ ਦੇ ਰਾਹ ਤੁਰਦਾ ਹੈ।ਜਿਥੇ ਔਰਤ ਪਰਿਵਾਰ ਤੇ ਜਾਇਦਾਦ ਨੂੰ ਇਕੱਠਾ ਰੱਖਣ ਵਰਗੇ ਪਿਤਾ ਪੁਰਖੀ ਵਿਧਾਨ ਦੀ ਮਾਰ ਸਹਿੰਦੀ ਹੈ।ਜਾਇਦਾਦ ਦੀ ਵੰਡ ਵੰਡਾਈ ਵੇਲੇ ਵੀ ਟੱਬਰ ਦੀ ਲਾਜ ਰੱਖਣ ਦਾ ਬੋਝ ਉਸਨੂੰ ਚੁੱਕਣਾ ਪੈਂਦਾ ਹੈ ਅਤੇ ਧੀ ਦੇ ਰੂਪ ਵਿਚ ਵੀ ਪਿਉ ਦੀ ਮਰਜ਼ੀ ਦੇ ਉਲਟ ਚੱਲਣਾ ਉਸ ਲਈ ਖਤਰਿਆ ਭਰਿਆ ਫੈਸਲਾ ਹੁੰਦਾ ਹੈ।ਇੰਜ ਲੇਖਕ ਭਾਰਤੀ ਇਤਿਹਾਸਕ ਤੇ ਮਿੱਥਿਹਾਸਕ ਪਰੰਪਰਾ ਵਿਚ ਪਏ ਉਨ੍ਹਾਂ ਬ੍ਰਾਹਮਣਵਾਦੀ ਸੰਸਕਾਰਾਂ ਨੂੰ ਕਾਟੇ ਹੇਠ ਲਿਆਉਂਦਾ ਹੈ ਜਿਸਨੇ ਦਲਿਤ ਤੇ ਨਾਰੀ ਦੇ ਜੀਣ ਥੀਣ ਅੱਗੇ ਕੰਡੇ ਬੀਜ ਦਿੱਤੇ ਹਨ।

21ਵੀਂ ਸਦੀ ਦੀ ਦਲਿਤ ਕਹਾਣੀ ਦਾ ਇਕ ਅਹਿਮ ਸਰੋਕਾਰ ਇਹ ਵੀ ਬਣਦਾ ਹੈ ਕਿ ਲੋਕਤੰਤਰੀ ਵਿਕਾਸ ਪ੍ਰਬੰਧ ਅੰਦਰ ਦਲਿਤ ਸ਼ਰੇਣੀ ਬਾਹਰਮੁਖੀ ਤੌਰ ਤੇ ਦੋ ਵਰਗਾਂ ਵਿਚ ਦਿਖਾਈ ਦੇਣ ਲੱਗੀ।ਇਕ ਧਿਰ ਉਹ ਹੈ ਜਿਹੜੀ ਪ੍ਰੰਪਰਕ ਕਿੱਤਿਆਂ ਜਾਂ ਖੇਤ ਮਜ਼ਦੂਰ ਬਣਕੇ ਗੁਜ਼ਰ ਬਸਰ ਕਰ ਰਹੀ ਹੈ।ਦੂਜੀ ਉਹ ਜੋ ਪੜ੍ਹ ਲਿਖ ਕੇ ਆਰਥਿਕ ਤੌਰ ਤੇ ਸਵੈ ਨਿਰਭਰ ਹੈ।ਭਾਵੇਂ ਦੇਖਣ ਨੂੰ ਦੋਵੇਂ ਧਿਰਾਂ ਅੱਡ ਅੱਡ ਜਾਪਦੀਆਂ ਹਨ ਪਰ ਇਹ ਪੀੜ੍ਹੀ ਹਾਲੇ ਮਸਾਂ ਦੂਜੀ ਪੀੜ੍ਹੀ ਹੀ ਹੈ ਜਿਨ੍ਹਾਂ ਵਿਚੋਂ ਕਈਆਂ ਦੇ ਮਾਪੇ ਹਾਲੇ ਵੀ ਉਨ੍ਹਾਂ ਕੰਮ ਧੰਦਿਆਂ ਵਿਚੋਂ ਨਿਕਲਣ ਦੀ ਜੱਦੋਜਹਿਦ ਵਿਚ ਹਨ।

ਪੰਜਾਬੀ ਦਲਿਤ ਕਹਾਣੀ ਵਿਚ ਵਿਸ਼ੇਸ਼ ਰੂਪ ਵਿਚ ਚਮੜੇ ਦਾ ਕੰਮ ਕਰਨ ਵਾਲਾ ਸੈਕਸ਼ਨ ਹੀ ਵੱਡੀ ਸਪੇਸ ਲੈਂਦਾ ਹੈ।ਇਹ ਕਿੱਤਾ ਜਾਤੀ ਹੀਣਤਾ ਦਾ ਪ੍ਰਤੀਕ ਤਾਂ ਸੀ ਪਰ ਫਿਰ ਵੀ ਹੁਨਰ ਤੇ ਕਾਰੋਬਾਰੀ



ਬਿਰਤੀ ਵਾਲਾ ਹੋਣ ਕਰਕੇ ਆਰਥਿਕ ਹਾਲਤ ਨੂੰ ਪ੍ਰਭਾਵਿਤ ਕਰਨ ਵਾਲਾ ਸੀ।ਇਸੇ ਕਰਕੇ ਪੂੰਜੀਵਾਦੀ ਤੇ ਮਸ਼ੀਨੀਯੁੱਗ ਦੀ ਵੱਡੀ ਮਾਰ ਇਸ ਪ੍ਰੰਪਰਕ ਕਿੱਤੇ ਵਾਲੀ ਧਿਰ ਨੂੰ ਪੈਂਦੀ ਹੈ।ਇਕ ਪਾਸੇ ਜਿਥੇ ਇਹ ਧੰਦਾ ਜਾਤੀ ਹੀਣਤਾ ਦੀ ਸਮਾਜਿਕ ਪਛਾਣ ਦੇ ਸੰਤਾਪ ਦਾ ਕਾਰਨ ਵੀ ਬਣਦਾ ਸੀ ਉਥੇ ਇਹ ਉਪਜੀਵਕਾ ਦੇ ਖੁੱਸਣ ਦਾ ਦੁੱਖ ਵੀ ਦੇਣ ਵਾਲਾ ਸੀ।ਇਸੇ ਕਰਕੇ ਦਲਿਤ ਕਹਾਣੀ ਵਿਚ ਇਸ ਸਰੋਕਾਰ ਦਾ ਰੂਪਾਂਤਰਣ ਮਿਲੇ ਜੁਲੇ ਤਰੀਕੇ ਨਾਲ ਸਾਹਮਣੇ ਆਉਂਦਾ ਹੈ।ਮਸਲਨ,ਭਗਵੰਤ ਰਸੂਲਪੁਰੀ ਦੀ ਨਵੀਂ ਪੁਸਤਕ ਦੀਆਂ ਦੋ ਕਹਾਣੀਆਂ-'ਸੁੱਕੀਆਂ ਕੁਨਾਂ' ਤੇ 'ਧੂੜ' ਇਸ ਕਿੱਤੇ ਨਾਲ ਜੁੜੇ ਬੰਦੇ ਦੇ ਦੁੱਖ ਨੂੰ ਚਿਤਰਦੀਆਂ ਹਨ ਜਿਸ ਕੋਲੋਂ ਮਸ਼ੀਨ ਤੇ ਸਾਧਨ ਸੰਪੰਨ ਧਿਰ ਨੇ ਇਹ ਧੰਦਾ ਖੋਹ ਕੇ ਉਸਦੀ ਆਰਥਿਕ ਲੁੱਟ ਕੀਤੀ ਹੈ।ਸੁੱਕੀਆਂ ਕੁਨਾਂ ਸਿਰਲੇਖ ਤੋਂ ਹੀ ਇਹ ਸੰਕੇਤ ਮਿਲ ਜਾਂਦਾ ਹੈ ਕਿ ਦਸਤਕਾਰੀ ਨਾਲ ਜੁੜਿਆ ਇਹ ਧੰਦਾ ਮਰ ਰਿਹਾ ਹੈ।ਇਸ ਕਹਾਣੀ ਵਿਚ ਲੇਖਕ ਚਮੜੇ ਦਾ ਕਿੱਤਾ ਕਰਨ ਵਾਲੇ ਮਨੁੱਖ ਨੂੰ ਪੂਰਵ ਮਸ਼ੀਨੀ ਯੁੱਗ ਤੋਂ ਮਸ਼ੀਨੀ ਯੁੱਗ ਦੀ ਇਤਿਹਾਸ ਪ੍ਰਕਿਰਿਆ ਵਿਚੋਂ ਸਿਰਜਦਾ ਹੈ।ਇਕ ਵੇਲਾ ਉਹ ਸੀ ਜਦੋਂ ਮੈਂ ਪਾਤਰ ਦਾ ਭਾਪਾ ਉਜਾੜ ਥਾਂ ਨੂੰ ਸਵਾਰ ਕੇ ਦੂਰ ਨੇੜੇ ਦੇ ਪਿੰਡਾਂ ਵਿਚੋਂ ਮਰੇ ਪਸ਼ੂਆਂ ਢੋਹ ਢੋਹ ਕੇ ਉਨ੍ਹਾਂ ਦੇ ਚੰਮ ਤੋਂ ਅੱਛੀ ਕਮਾਈ ਕਰ ਲੈਂਦਾ ਸੀ।ਉਸਨੂੰ ਇਹ ਧੰਦਾ ਹੋਰਨਾਂ ਕੰਮਾਂ ਨਾਲੋਂ ਵੱਧ ਕਮਾਈ ਵਾਲਾ ਲੱਗਦਾ ਸੀ ਜਿਸ ਕਰਕੇ ਉਹ ਆਪਣੇ ਹੋਰਨਾਂ ਭਰਾਵਾਂ ਨੂੰ ਵੀ ਇਸ ਧੰਦੇ ਲਈ ਪ੍ਰੇਰਦਾ ਸੀ।ਪਰ ਆਧੁਨਿਕ ਤਰਜ਼ ਦਾ ਚਮੜਾ ਨਗਰ ਵਸਾਉਣ ਲਈ ਕਿਵੇਂ ਇਸ ਦਸਤਕਾਰੀ ਉਦਯੋਗ ਨੂੰ ਤਬਾਹ ਕੀਤਾ ਗਿਆ ਤੇ ਇਸ ਮਨੁੱਖ ਨੂੰ ਕਿਵੇਂ ਇਸ ਧੰਦੇ ਵਿਚੋਂ ਬੇਦਖਲ ਕੀਤਾ ਗਿਆ,ਦੇ ਵਸਤੂਗਤ ਯਥਾਰਥ ਨੂੰ ਪੇਸ਼ ਕੀਤਾ ਗਿਆ ਹੈ।ਕਹਾਣੀ ਦਾ ਬਿਰਤਾਂਤ ਦੇਖੋ:

"ਮਸ਼ੀਨਾਂ ਦੇ ਸ਼ੋਰ ਵਿਚ ਮੈਨੂੰ ਭਾਪਾ ਦਿੱਸਣ ਲੱਗ ਪੈਂਦਾ।ਪਹਿਲਾਂ ਧੁੰਦਲਾ ਫੇਰ ਸਪਸ਼ਟ੩ਉਹ ਸੁੱਕੀਆਂ ਕੁਨਾਂ ਤੇ ਕਿੱਕਰਾਂ ਦੇ ਥੱਲੇ ਬੈਠਾ ਹੁੱਕਾ ਪੀ ਰਿਹਾ ਲੱਗਦਾ।ਕਿੱਕਰਾਂ ਦੀ ਡੱਬ ਖੜੱਬੀ ਛਾਂ ਭਾਪੇ ਦਾ ਚਿਹਰਾ ਬੜਾ ਭਿਆਨਕ ਬਣਾ ਰਹੀ ਹੁੰਦੀ।ਮੇਰੇ ਅੱਗੇ ਸੁੱਕ ਚੁੱਕੀਆਂ ਕੁਨਾਂ ਦਾ ਭਿਆਨਕ ਦ੍ਰਿਸ਼ ਬਣਨ ਲੱਗ ਪੈਂਦਾ।ਸੁੱਕ ਰਹੀਆਂ ਤੇ ਪੁੱਟੀਆਂ ਜਾ ਰਹੀਆਂ ਉਹ ਕਿੱਕਰਾਂ ਘੁੰਮਣ ਲੱਗਦੀਆਂ,ਜਵਾਨੀ ਵੇਲੇ ਭਾਪੇ ਨੇ ਇਸ ਮਕਸਦ ਲਈ ਲਾਈਆਂ ਸਨ ਕਿ ਇਨ੍ਹਾਂ ਦੇ ਸੱਕਾਂ ਤੋਂ ਰੰਗ ਤਿਆਰ ਕਰਕੇ ਚੰਮ ਰੰਗਿਆ ਜਾਇਆ ਕਰੇਗਾ।"

ਇਸੇ ਤਰ੍ਹਾਂ 'ਧੂੜ' ਕਹਾਣੀ ਵੀ ਨਗਰੀ ਰਹਿਤਲ ਦੇ ਵਧਦੇ ਚਲਨ ਕਰਕੇ ਮਰੇ ਪਸ਼ੂਆਂ ਦੇ ਸਿਰ ਤੇ ਗੁਜ਼ਾਰਾ ਕਰਨ ਵਾਲੀ ਧਿਰ ਦੇ ਦੁਖਾਂਤ ਦੀ ਬਾਤ ਪਾਉਂਦੀ ਹੈ।ਕਿਉਂਕਿ ਪਿੰਡਾਂ ਵਿਚ ਵੀ ਹੱਡਾ ਰੋੜੀ ਵਰਗੀਆਂ ਨਿਗੂਣੀਆਂ ਥਾਵਾਂ ਮੁਨਾਫਾ ਕੇਂਦਰਿਤ ਹੋ ਜਾਣ ਕਰਕੇ ਇਸ ਉਤੇ ਆਸ਼ਰਿਤ ਧਿਰ ਨੂੰ ਨਵੀਆਂ ਚੁਣੌਤੀਆਂ ਦਾ ਜੋਖਮ ਉਠਾਉਣਾ ਪੈਂਦਾ ਹੈ।ਇੰਜ ਇਹ ਦੋਵੇਂ ਕਹਾਣੀਆਂ ਦਲਿਤ ਮਨੁੱਖ ਦੇ ਕਿੱਤਾਗਤ ਆਰਥਿਕ ਸੰਕਟ ਦਾ ਬਿਰਤਾਂਤ ਸਿਰਜਦੀਆਂ ਹਨ।

ਇਸਦੇ ਸਮਾਨਾਂਤਰ ਇਕ ਕਹਾਣੀ ਉਹ ਵੀ ਹੈ ਜੋ ਇਸ ਕਾਰੋਬਾਰ ਨੂੰ ਹੀਣਤਾ ਦੇ ਨੁਕਤਾ ਨਿਗਾਹ ਤੋਂ ਪੇਸ਼ ਕਰਦੀ ਹੋਈ ਇਸਤੋਂ ਮੁਕਤ ਹੋਣ ਦੀ ਤਲਾਸ਼ ਵਿਚ ਹੈ।ਸਰੂਪ ਸਿਆਲਵੀ ਦੀ ਪ੍ਰਮੁੱਖ ਕਹਾਣੀ 'ਨੇਰੇ ਦੇ ਵਾਸੀ-1' ਦਾ ਪਾਤਰ ਦੇਵ ਚਮੜਾ ਰੰਗਣ ਕਰਕੇ ਆਪਣੇ ਕਾਲੇ ਹੋਏ ਨਹੁੰਆਂ ਦਾ ਸੰਤਾਪ ਭੋਗਦਾ ਦਿਖਾਇਆ ਗਿਆ ਹੈ।ਇਸਦੇ ਨਾਲ ਨਾਲ ਇਕ ਸੰਦਰਭ ਇਹ ਵੀ ਦਿਖਾਈ ਦਿੰਦਾ ਹੈ ਜਿਥੇ ਇਸ ਕਿੱਤੇ ਦਾ ਗੌਰਵ ਸਿਰਜਿਆ ਗਿਆ ਹੈ।ਜਿਵੇਂ ਮੋਹਨ ਲਾਲ ਫਿਲੌਰੀਆ ਦੀ ਪ੍ਰਸਿਧ ਕਹਾਣੀ 'ਮੋਚੀ ਦਾ ਪੁੱਤ' ਤੇ ਗੁਰਮੀਤ ਕੜਿਆਲਵੀ ਦੀ ਕਹਾਣੀ 'ਹੱਡਾਰੋੜੀ ਤੇ ਰੇਹੜੀ'।

ਉਪਰੋਕਤ ਸੰਦਰਭ ਵਿਚ ਦਲਿਤ ਵਰਗ ਵਿਚੋਂ ਪੜ੍ਹ ਲਿਖ ਕੇ ਮੁਲਾਜ਼ਮਤ ਕਰਨ ਤੇ ਆਰਥਿਕ ਤੌਰ

ਤੇ ਸਵੈ ਨਿਰਭਰ ਹੋ ਜਾਣ ਵਾਲੀ ਧਿਰ ਦਾ ਨਿਖੇੜ ਕਰਦਿਆਂ ਇਸ ਗੱਲ ਦਾ ਡੂੰਘਾ ਅਹਿਸਾਸ ਹੁੰਦਾ ਹੈ ਕਿ ਇਹ ਵਰਗ ਓਪਰੀ ਨਜ਼ਰੇ ਸਮਾਜ ਦੀ ਮੁੱਖ ਧਾਰਾ ਵਿਚ ਆਉਣ ਕਰਕੇ ਜਾਤੀ ਹੀਣਤਾ ਦੇ ਕਲੰਕ ਤੋਂ ਮੁਕਤ ਹੋ ਚੁੱਕਾ ਹੈ,ਪਰ ਦਲਿਤ ਕਹਾਣੀ ਵਿਚ ਪੇਸ਼ ਇਹ ਮਨੁੱਖ ਮਾਨਸਿਕ ਤੌਰ ਤੇ ਇਕ ਵੱਖਰਾ ਸੰਤਾਪ ਹੰਢਾਉਂਦਾ ਦਿਖਾਈ ਦਿੰਦਾ ਹੈ।ਕਿਉਂਕਿ ਮਸਲਾ ਆਰਥਿਕ ਤਰੱਕੀ ਤੋਂ ਵੱਧ ਸਮਾਜਿਕ ਪ੍ਰਵਾਨਗੀ ਦਾ ਹੈ।ਜਿਸ ਤੋਂ ਓਨੀ ਦੇਰ ਤੱਕ ਮੁਕਤ ਨਹੀਂ ਹੋਇਆ ਜਾ ਸਕਦਾ ਜਿੰਨੀ ਦੇਰ ਤੱਕ ਅਖੌਤੀ ਸਵਰਨ ਜਾਤੀ ਦਾ ਅਵਚੇਤਨ ਜਨਮ ਆਧਾਰਿਤ ਜਾਤੀ ਗੌਰਵ ਤੋਂ ਮੁਕਤ ਨਹੀਂ ਹੋ ਜਾਂਦਾ।ਅਤਰਜੀਤ ਦੀ ਕਹਾਣੀ 'ਠੂੰਹਾਂ'ਇਸ ਮਸਲੇ ਨੂੰ ਪੇਸ਼ ਕਰਦੀ ਪ੍ਰਤੀਨਿਧ ਕਹਾਣੀ ਹੈ।ਇਸੇ ਤਰ੍ਹਾਂ ਦੀਪ ਦਵਿੰਦਰ ਦੀ ਕਹਾਣੀ 'ਗੰਢਾਂ'ਇਸ ਸੰਕਟ ਨੂੰ ਬਾਖੂਬੀ ਪੇਸ਼ ਕਰਦੀ ਹੈ।ਜਿਵੇਂ ਠੂੰਹਾਂ ਕਹਾਣੀ ਵਿਚ ਕੇਂਦਰੀ ਪਾਤਰ ਵਕੀਲ ਬਣ ਕੇ ਵੀ ਆਪਣੇ ਘਰ ਵਿਚ ਦਿਹਾੜੀ ਕਰਨ ਆਏ ਜੱਟਾਂ ਦੇ ਮੁੰਡੇ ਦੀ ਨਜ਼ਰ ਵਿਚ ਹੀਣਾ ਹੋ ਜਾਂਦਾ ਹੈ ਉਵੇਂ ਹੀ ਦੀਪ ਦਵਿੰਦਰ ਦੀ ਕਹਾਣੀ 'ਗੰਢਾਂ' ਵਿਚ ਤਹਿਸੀਲਦਾਰ ਕੁਲਦੀਪ ਸਿੰਘ ਗੁਰਾਇਆ ਆਪਣੇ ਆਪ ਵਿਚ ਜਾਤੀ ਹੀਣਤਾ ਦੇ ਸੰਤਾਪ ਤੋਂ ਮੁਕਤ ਨਹੀਂ ਹੋ ਪਾਉਂਦਾ।ਆਪਣੇ ਸੇਵਾਦਾਰ ਨੂੰ ਮੁੱਛਾਂ ਉਤੇ ਹੱਥ ਫੇਰਦਾ ਵੇਖ ਕੇ ਵੀ ਉਹ ਅੰਦਰੋਂ ਇਸ ਕਰਕੇ ਤ੍ਰਭਕਦਾ ਹੈ ਕਿਉਂਕਿ ਉਸਦੇ ਅਵਚੇਤਨ ਵਿਚ ਆਪਣੇ ਪਿਓ ਨਾਲ ਜੁੜੀਆਂ ਜਾਤੀ ਵਧੀਕੀਆਂ ਜਾਗ ਪੈਂਦੀਆਂ ਹਨ।ਇੰਜ ਪ੍ਰੰਪਰਕ ਕਿੱਤੇ ਤੇ ਮੁਲਾਜ਼ਮਤ ਨਾਲ ਜੁੜਿਆ ਦਲਿਤ ਕਹਾਣੀ ਦਾ ਇਹ ਸੰਦਰਭ ਆਪਣੀ ਖਾਸ ਪ੍ਰਸਤੁਤੀ ਨਾਲ ਹਾਜ਼ਰੀ ਲਵਾਉਂਦਾ ਹੈ।

21ਵੀਂ ਸਦੀ ਦੀ ਦਲਿਤ ਕਹਾਣੀ ਦੇ ਸੰਦਰਭ ਵਿਚ ਇਹ ਪਹਿਲੂ ਵੀ ਧਿਆਨ ਆਕਰਸ਼ਿਤ ਕਰਦਾ ਹੈ ਕਿ ਇਹ ਕਹਾਣੀ ਸਾਧਨਹੀਣ ਕਿਰਤੀ ਮਨੁੱਖ ਦੀ ਕਹਾਣੀ ਹੈ ਜੋ ਸਮਾਜਿਕ ਜੀਵਨ ਦੀ ਦੂਹਰੀ ਮਾਰ ਸਹਿੰਦਾ ਹੈ-ਪਹਿਲੀ,ਉਸਦੀ ਕਿਰਤ ਦੀ ਪਹਿਚਾਣ ਨੂੰ ਨੀਚ ਬਣਾ ਦੇਣ ਵਾਲੀ।ਜਿਸਨੂੰ ਨੀਚਤਾ ਵਿਚ ਹੀ ਸ਼ਾਮਿਲ ਨਹੀਂ ਕੀਤਾ ਗਿਆ ਸਗੋਂ ਘੱਟ ਉਜਰਤਹਾਰੀ ਵੀ ਬਣਾ ਦਿੱਤਾ।ਦੂਜੇ ਪਾਸੇ ਉਸ ਸੰਕਟ ਦੀ ਮਾਰ ਹੈ ਜਿਸ ਵਿਚ ਜਾਤੀ ਉਤਪੀੜਨ ਕਰਕੇ ਉਹ ਮਾਨਸਿਕ ਤਸ਼ੱਦਦ ਸਹਿੰਦਾ ਹੈ।ਆਪਣੇ ਹੀਣ ਅਵਚੇਤਨ ਦਾ ਭੂਤ ਉਸਦਾ ਪਿੱਛਾ ਨਹੀਂ ਛੱਡਦਾ।ਪਰ ਫਿਰ ਵੀ ਇਹ ਪਾਤਰ ਜੀਵਨ ਦੀ ਜਦੋਜ਼ਹਿਦ ਦੇ ਅਮਲ ਵਿਚ ਪਿਆ ਮਨੁੱਖੀ ਹੋਂਦ ਦੀ ਸਲਾਮਤੀ ਲਈ ਛਟਪਟਾ ਰਿਹਾ ਹੈ।ਬਹੁ ਗਿਣਤੀ ਦਲਿਤ ਸ਼੍ਰੇਣੀ ਦੀ ਵਾਸਤਵਿਕ ਜੀਵਨ ਸਥਿਤੀ ਦੇ ਅਨੁਸਾਰ ਇਹ ਪਾਤਰ ਕਿਧਰੇ ਪਿੰਡਾਂ,ਨਗਰਾਂ ਤੇ ਸ਼ਹਿਰਾਂ ਵਿਚ ਜਾਤੀਗਤ ਕੰਮ ਧੰਦੇ,ਗਲੀਆਂ ਨਾਲੀਆਂ ਦੀ ਸਾਫ ਸਫਾਈ ਕਰਦੇ,ਖੇਤ ਮਜ਼ਦੂਰੀ ਜਾਂ ਸੀਰਪੁਣਾ ਕਰਦੇ ਅਤੇ ਮਰੇ ਪਸ਼ੂਆਂ ਦੇ ਬਾਰਦਾਨੇ ਜਾਂ ਚਮੜੇ ਦਾ ਕੰਮ ਕਰਕੇ ਗੁਜ਼ਰ ਬਸਰ ਕਰਦੇ ਨਜ਼ਰ ਆਉਂਦੇ ਹਨ।ਦੂਜੇ ਪਾਸੇ ਨਿਮਨ ਮੱਧ ਵਰਗ ਵਿਚ ਸ਼ਾਮਿਲ ਹੋਣ ਵਾਲਾ ਪਾਤਰ ਸਵੈ ਦੀ ਪਛਾਣ ਦੇ ਸੰਕਟ ਵਿਚੋਂ ਗੁਜ਼ਰ ਰਿਹਾ ਹੈ।ਦੋਵਾਂ ਧਰਾਤਲਾਂ ਤੇ ਉਸਨੂੰ ਮਾਨਵੀ ਸਰੋਕਾਰਾਂ ਨਾਲ ਦਸਤਪੰਜਾ ਲੈਣਾ ਪੈ ਰਿਹਾ ਹੈ।

ਇਸ ਸਬੰਧ ਵਿਚ ਭਗਵੰਤ ਰਸੂਲਪੁਰੀ ਦੀ ਕਹਾਣੀ 'ਰਹਿਮਤ ਮਸੀਹ ਮੱਟੂ ਦੀ ਜੀਵਨੀ',ਸਰੂਪ ਸਿਆਲਵੀ ਦੀ ਕਹਾਣੀ 'ਰਖੇਲ',ਦੇਸ ਰਾਜ ਕਾਲੀ ਦੀ ਕਹਾਣੀ 'ਭੈਰਵੀ'ਹਰਨੇਕ ਸਿੰਘ ਕਲੇਰ ਦੀ ਕਹਾਣੀ 'ਭਵਿੱਖ ਤਲਾਸ਼ਦੇ ਲੋਕ' ਗੁਰਮੀਤ ਸਿੰਘ ਸਿੰਗਲ ਦੀ ਕਹਾਣੀ 'ਧੂੰਆਂ'ਦਾ ਜ਼ਿਕਰ ਕੀਤਾ ਜਾ ਸਕਦਾ ਹੈ।ਰਹਿਮਤ ਮਸੀਹ ਮੱਟੂ ਦੀ ਜੀਵਨੀ ਨੂੰ ਕਹਾਣੀਕਾਰ ਨੇ ਇਸ ਕਰਕੇ ਚਿਤਰਨ ਦਾ ਯਤਨ ਕੀਤਾ ਹੈ ਤਾਂ ਜੋ ਦਲਿਤ ਸੰਘਰਸ਼ ਵਿਚੋਂ ਹੁੰਦੇ ਹੋਏ ਉਸ ਸੈਕਸ਼ਨ ਦੇ ਜੀਵਨ ਯਥਾਰਥ ਨੂੰ ਸਾਹਮਣੇ ਲਿਆਂਦਾ ਜਾ ਸਕੇ ਜਿਹੜਾ ਤੰਗੀਆਂ ਤੁਰਸ਼ੀਆਂ ਨਾਲ ਜੂਝਦਾ ਆਪਣੇ ਪੈਰਾਂ ਤੇ ਖੜ੍ਹਾ ਹੋਇਆ ਤਾਂ ਦਿਖਾਈ ਦਿੰਦਾ ਹੈ ਪਰ ਨੌਕਰੀ ਕਰਦਿਆਂ ਜਾਤੀ ਜ਼ੁਲਮ ਦੇ ਖਿਲਾਫ ਖੜ੍ਹਾ ਹੋਣ ਕਾਰਨ ਉਸਨੂੰ ਜਾਤੀਗਤ ਧੱਕੇਸ਼ਾਹੀ ਦਾ ਸ਼ਿਕਾਰ ਬਣਾਕੇ,ਸਰਵਿਸ ਬੁੱਕ ਵਿਚ ਦਾਗੀ ਕਰਮਚਾਰੀ ਬਣਾ ਦਿੱਤਾ ਜਾਂਦਾ ਹੈ।ਜਿਸ ਦੀ ਵਜ੍ਹਾ ਕਰਕੇ



ਆਪਣੀ ਰਿਟਾਇਰਮੈਂਟ ਤੋਂ ਬਾਅਦ ਵੀ ਉਹ ਕੋਰਟ ਕਚਹਿਰੀਆਂ ਵਿਚੋਂ ਇਨਸਾਫ ਦੀ ਲੜਾਈ ਲੜਦਾ ਦਿਖਾਇਆ ਗਿਆ ਹੈ।ਰਖੇਲ ਕਹਾਣੀ ਇਕ ਪਾਤਰ ਪ੍ਰਧਾਨ ਕਹਾਣੀ ਹੈ।ਜੋ ਜਰਨੈਲ ਕੌਰ ਤੇ ਜੈਲੋ ਦੇ ਦੋ ਰੂਪਾਂ ਰਾਹੀਂ ਪੇਸ਼ ਹੁੰਦੀ ਹੈ।ਜੈਲੋ,ਪਾਤਰ ਦਾ ਉਹ ਰੂਪ ਹੈ ਜੋ ਉਸਨੂੰ ਸਮਾਜਿਕ ਪਰਿਸਥਿਤੀਆਂ ਤੇ ਇਸਦੇ ਵਿਧੀ ਵਿਧਾਨ ਨੇ ਦਿੱਤਾ ਹੈ।ਜਰਨੈਲ ਕੌਰ,ਉਹ ਰੂਪ ਹੈ ਜੋ ਉਸਦੀ ਸਮਾਜਿਕ ਹੋਂਦ ਨੂੰ ਪਹਿਚਾਣ ਦਵਾਉਣ ਦੀ ਕਾਮਨਾ ਵਾਲਾ ਸੀ।ਪਰ ਕਾਮਨਾ ਦੇ ਵਿਪਰੀਤ ਖੜ੍ਹੀਆਂ ਪਰਿਸਥਿਤੀਆਂ ਦੇ ਵਿਚ ਉਹ ਕਿਰਤ ਰਾਹੀਂ ਨੈਤਿਕ ਜ਼ਿੰਮੇਵਾਰੀ ਤੇ ਸਵੈ ਮਾਣ ਦੇ ਮਨੁੱਖੀ ਗੌਰਵ ਨੂੰ ਬਰਕਰਾਰ ਰੱਖਣ ਵਾਲੇ ਜੂਝਦੇ ਮਨੁੱਖ ਦੀ ਪ੍ਰਤੀਨਿੱਧ ਪਾਤਰ ਬਣਦੀ ਹੈ।ਭਵਿੱਖ ਤਲਾਸ਼ਦੇ ਲੋਕ ਕਹਾਣੀ ਵਿਚ ਲੇਖਕ ਪਿੰਡਾਂ ਵਿਚ ਸੀਰ ਕਮਾਉਂਦੇ ਤੇ ਜਿਮੀਂਦਾਰਾਂ ਦੇ ਘਰਾਂ ਵਿਚ ਗੋਹਾ ਕੂੜਾ ਕਰਦੇ ਦਲਿਤ ਵਰਗ ਦੇ ਆਰਥਿਕ ਤੇ ਸਮਾਜਿਕ ਸੰਤਾਪ ਦੀ ਕਥਾ ਸਿਰਜਦਾ ਹੋਇਆ ਉਸ ਨੁਕਤੇ ਤੇ ਕੇਂਦਰਿਤ ਕਰਦਾ ਹੈ ਜਿਥੇ ਇਸ ਕਿਰਤੀ ਮਨੁੱਖ ਦੇ ਜੀਣ ਜੋਗੇ ਸਪੇਸ ਦੀ ਬਹਾਲੀ ਹੋ ਸਕੇ।ਪਰ ਇਸ ਸਪੇਸ ਲਈ ਲੜਨ ਦੀ ਸੋਚ ਪਾਲਣਹਾਰੇ ਮਨੁੱਖ ਦੇ ਤਣਾਓ ਨੂੰ ਪੇਸ਼ ਕਰਦਾ ਇਹ ਸੰਵਾਦ ਸਥਿਤੀ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ:

"ਦੇਖੀ ਜਾਊ ਮਨਾ।ਕੱਲ੍ਹ ਮੁੰਡਿਆਂ ਨੇ ਖਰੀਆਂ ਖਰੀਆਂ ਸੁਣਾਉਣ ਵਾਲੀ ਹੱਦ ਕਰਤੀ।ਊਂ ਜੱਟ ਕਰਦੇ ਧੱਕਾ ਈ ਆ।ਦਿਹਾੜੀਦਾਰ ਨੂੰ ਤਾਂ ਕੁਛ ਦੇ ਕੇ ਰਾਜ਼ੀ ਨੀ।ਆਪ ਯੂਨੀਅਨਾਂ ਬਣਾ ਲੀਆਂ।ਹਰ ਸਾਲ ਜਿਣਸਾਂ ਦੇ ਭਾਅ ਵਧਵਾ ਲੈਂਦੇ ਆ।ਮਜ਼ਦੂਰ ਦਿਹਾੜੀ ਵਧਾਉਣ ਦੀ ਗੱਲ ਕਰਦਾ ਤਾਂ ਨਾਕਾਬੰਦੀ ਦਾ ਦਾਬਾ।" ਇੰਜ ਇਹ ਕਹਾਣੀ ਕਿਰਤੀ ਵਰਗ ਦੇ ਮਨੁੱਖੀ ਹੱਕਾਂ ਦੇ ਘਾਣ ਤੇ ਉਸਦੇ ਖਿਲਾਫ ਖੜ੍ਹੇ ਹੋਣ ਦੀ ਚੇਤਨਾ ਦੇ ਮਾਨਵਵਾਦੀ ਸਰੋਕਾਰਾਂ ਨੂੰ ਜਗਾਉਣ ਵਾਲੀ ਕਹਾਣੀ ਬਣਦੀ ਹੈ।ਭੈਰਵੀ ਕਹਾਣੀ ਕਿਰਤ ਕਰਨ ਵਾਲੇ ਹੱਥਾਂ ਨਾਲ ਮੋਹ ਮੁਹੱਬਤ ਦਾ ਰਿਸ਼ਤਾ ਬਣਾਉਣ ਵਾਲੀ ਇਕ ਦਾਰਸ਼ਨਿਕ ਕਹਾਣੀ ਹੈ।ਕਾਲੀ ਸੁੱਚਮਤਾ ਦੀ ਦੁਹਾਈ ਦੇਣ ਵਾਲੀ ਜਮਾਤ ਵਿਚੋਂ ਇਕ ਅਜਿਹੀ ਔਰਤ ਪਾਤਰ ਦੀ ਸਿਰਜਣਾ ਕਰਦਾ ਹੈ ਜੋ ਜਾਤ ਬਰਾਦਰੀ ਦੀ ਨਫਰਤ ਤੋਂ ਦੂਰ ਬੰਦੇ ਦੀ ਬੰਦਿਆਈ ਨੂੰ ਪਿਆਰ ਕਰਨ ਵਿਚੋਂ ਭਵਿੱਖ ਨੂੰ ਤਲਾਸ਼ਦੀ ਹੈ।ਉਸਨੂੰ ਕਿਰਤੀ ਮਨੁੱਖ ਦੇ ਹੱਥਾਂ ਦੀ ਗੰਧ ਨਾਲ ਪਿਆਰ ਪੈ ਜਾਂਦਾ ਹੈ।ਕੰਮ ਧੰਦਾ ਕਰਕੇ ਜ਼ਿੰਦਗੀ ਦਾ ਗੁਜ਼ਰ ਬਸਰ ਕਰਨ ਵਾਲੀਆਂ ਔਰਤਾਂ ਦੀ ਬੁੱਕਲ ਵਿਚੋਂ ਉਸਨੂੰ ਅਜੀਬ ਕਿਸਮ ਦਾ ਨਿੱਘ ਪ੍ਰਾਪਤ ਹੁੰਦਾ ਹੈ।ਇੰਜ ਇਹ ਕਹਾਣੀ ਮਨੁੱਖੀ ਸਮਾਜ ਦੇ ਸਿਰਜਣਹਾਰੇ ਮਨੁੱਖ ਨੂੰ ਪਹਿਚਾਨਣ ਦਾ ਵੱਡਾ ਮਾਨਵਵਾਦੀ ਸੰਦਰਭ ਸਿਰਜਦੀ ਹੈ।ਧੂੰਆਂ ਕਹਾਣੀ ਮਸ਼ੀਨੀਕਰਨ ਦੀ ਮਾਰ ਹੇਠ ਆਏ ਕਿਰਤੀ ਦਲਿਤ ਮਨੁੱਖ ਦੇ ਮਾਨਵੀ ਗੌਰਵ ਦੀ ਕਹਾਣੀ ਹੈ ਜੋ ਆਪਣੇ ਆਪਨੂੰ ਹਾਸ਼ੀਏ ਤੇ ਧੱਕੇ ਜਾਣ ਉਤੇ ਚਿੰਤਤ ਤਾਂ ਹੈ ਪਰ ਆਤਮਘਾਤੀ ਸੋਚ ਤੋਂ ਮੁਕਤ ਹੈ।ਇੰਜ ਇਹ ਕਹਾਣੀ ਮਨੁੱਖੀ ਹਸਤੀ ਨੂੰ ਬਣਾਈ ਰੱਖਣ ਵਾਲੀ ਭਵਿੱਖਮੁਖੀ ਕਹਾਣੀ ਬਣਦੀ ਹੈ।

21ਵੀਂ ਸਦੀ ਦੇ ਸੰਦਰਭ ਵਿਚ ਪੰਜਾਬੀ ਕਹਾਣੀ ਅੰਦਰ ਦਲਿਤ ਮੁਕਤੀ ਦੇ ਸੰਕਲਪ ਨੂੰ ਦੇਖਣਾ ਵੀ ਜ਼ਰੂਰੀ ਬਣਦਾ ਹੈ।ਉਪਰੋਕਤ ਵਿਚਾਰ ਚਰਚਾ ਅਨੁਸਾਰ ਇਹ ਕਹਾਣੀ ਕਿਸੇ ਇਕਹਿਰੀ ਵਿਚਾਰਧਾਰਕ ਦ੍ਰਿਸ਼ਟੀ ਦੀ ਵਾਹਨ ਨਹੀਂ ਬਣਦੀ ਕਿਉਂਕਿ ਦਲਿਤ ਮੁਕਤੀ ਦੇ ਸੰਦਰਭ ਨੂੰ ਅੰਬੇਡਕਰਵਾਦੀ ਅਤੇ ਮਾਰਕਸਵਾਦੀ ਦੋਹਾਂ ਦ੍ਰਿਸ਼ਟੀਆਂ ਤੋਂ ਹੀ ਸਮਝਣ ਦਾ ਤਰਕ ਦਿੱਤਾ ਜਾ ਸਕਦਾ ਹੈ।ਇਸੇ ਕਰਕੇ ਦਲਿਤ ਨੂੰ ਜਾਤੀ ਤੇ ਜਮਾਤੀ ਤੌਰ ਤੇ ਸਭ ਤੋਂ ਵੱਡੀ ਸ਼ੋਸ਼ਿਤ ਧਿਰ ਮੰਨ ਕੇ ਉਸਦੇ ਉਥਾਨ ਲਈ ਕਾਰਜਰਤ ਧਿਰ ਦਲਿਤ ਮੁਕਤੀ ਦਾ ਮਾਨਵਵਾਦੀ ਸੰਦਰਭ ਪੇਸ਼ ਕਰਦੀ ਹੈ।ਇਹ ਕਹਾਣੀ ਜਿਥੇ ਅੰਬੇਡਕਰਵਾਦੀ ਦ੍ਰਿਸ਼ਟੀ ਅਨੁਸਾਰ ਸੰਵਿਧਾਨਕ ਹੱਕ ਪ੍ਰਾਪਤ ਕਰਨ ਲਈ ਲਾਮਬੰਦ ਹੋਣ ਦੀ ਚੇਤਨਾ ਪ੍ਰਦਾਨ ਕਰਦੀ ਹੈ ਉਥੇ ਸਮਾਜਿਕ ਤੇ ਆਰਥਿਕ ਮੁਜਾਜ਼'ਤੇ ਆਪਣੇ ਹੱਕਾਂ ਨੂੰ ਪ੍ਰਾਪਤ ਕਰਨ ਲਈ ਸੰਘਰਸ਼ਰਤ ਹੋਣ ਵਿਚ ਹੀ

ਆਪਣੀ ਮੁਕਤੀ ਦਾ ਹੱਲ ਸਮਝਦੀ ਹੈ।

ਦਲਿਤ ਕਹਾਣੀ ਨੂੰ ਸ਼ਿਲਪ ਦੀ ਪੱਧਰ ਤੇ ਪਹਿਚਾਣਦਿਆਂ ਕੁਝ ਆਧਾਰਮੂਲਕ ਵੱਖਰਤਾ ਦਿਖਾਈ ਦਿੰਦੀ ਹੈ।ਕਿਉਂਕਿ ਇਸ ਕਹਾਣੀ ਦੀ ਵਸਤੂ ਸਥਿਤੀ ਪ੍ਰਮੁੱਖ ਤੌਰ ਤੇ ਦਲਿਤ ਜੀਵਨ ਦੇ ਸਮਾਜਿਕ ਤ੍ਰਿਸਕਾਰ ਤੇ ਆਰਥਿਕ ਤੰਗਦਸਤੀ ਦੇ ਪਰਿਦ੍ਰਿਸ਼ ਉੱਤੇ ਆਧਾਰਿਤ ਹੈ,ਦੂਜਾ ਇਹ ਕਹਾਣੀ ਰਚਨਾਕਾਰ ਦੇ ਅਤਿ ਨੇੜਲੇ ਜਾਂ ਨਿੱਜੀ ਅਨੁਭਵ ਵਿਚੋਂ ਉਗਮਦੀ ਹੈ ਇਸੇ ਕਰਕੇ ਇਹ ਸਵੈ ਦੇ ਸੱਚ ਦਾ ਤਰਕ ਸਿਰਜਦੀ ਹੈ।ਕਿੰਨੀਆਂ ਹੀ ਕਹਾਣੀਆਂ ਉਤਮਪੁਰਖੀ ਬਿਰਤਾਂਤਕ ਜੁਗਤ ਰਾਹੀਂ ਸਾਹਮਣੇ ਆਉਂਦੀਆਂ ਹਨ ਜਿਵੇਂ,ਸਰੂਪ ਸਿਆਲਵੀ -ਵਿੰਗੀ ਗਲੀ ਸਿੱਧੀ ਗਲੀ,ਦੇਸ ਰਾਜ ਕਾਲੀ-ਜ਼ਖਮਾਂ ਦੇ ਰਸਤਿਓਂ,ਭਗਵੰਤ ਰਸੂਲਪੁਰੀ-ਕੁੰਭੀ ਨਰਕ,ਗੁਰਮੀਤ ਸਿੰਘ ਸਿੰਗਲ-ਅੱਗੇ ਦਾ ਸਫਰ ਆਦਿ।ਇਸ ਤੋਂ ਇਲਾਵਾ ਕੁਝ ਕਹਾਣੀਆਂ ਰਚਨਾਕਾਰ ਦੇ ਪਰਿਵਾਰਕ ਮੈਂਬਰਾਂ ਦੀ ਸਿਮਰਤੀ ਵਿਚੋਂ ਉਸਰਦੀਆਂ ਹਨ।ਇਸੇ ਕਰਕੇ ਇਹ ਕਹਾਣੀ ਸਵੈ ਅਨੁਭਵ ਤੇ ਜੀਵਨੀ ਮੂਲਕ ਬਿਰਤਾਂਤ ਦੀ ਸਿਰਜਣਕਾਰੀ ਕਰਦੀ ਹੋਈ ਦਲਿਤ ਮਨੁੱਖ ਦੇ ਸਮੂਹਕ ਅਨੁਭਵ ਦੀ ਤਰਜ਼ਮਾਨੀ ਕਰਦੀ ਹੈ।


ਸ਼ਿਲਪਕਾਰੀ ਅੰਦਰ ਨਿਵੇਕਲੀ ਵਿਧੀ ਦੀ ਵਰਤੋਂ ਦੇ ਲਿਹਾਜ ਨਾਲ ਇਸ ਕਹਾਣੀ ਦਾ ਅਗਲਾ ਪਾਸਾਰ ਅਨਯ ਪੁਰਖੀ ਅਵਚੇਤਨ ਦੀ ਸਿਰਜਣਕਾਰੀ ਹੈ।ਕਿਉਂਕਿ ਇਸ ਕਹਾਣੀ ਦਾ ਸਥਾਪਤ ਪੈਟਰਨ ਜਾਤੀ ਵਿਤਕਰੇਬਾਜ਼ੀ ਤੋਂ ਖੀਣ ਕੀਤੀ ਗਈ ਮਾਨਸਿਕਤਾ ਦਾ ਪ੍ਰਗਟਾਵਾ ਕਰਕੇ ਭਾਰਤੀ ਸਮਾਜ ਅੰਦਰ ਸਦੀਆਂ ਤੋਂ ਜ਼ੁਲਮ ਸਹਿੰਦੀ ਤੇ ਜ਼ੁਲਮ ਕਰਦੀ ਆ ਰਹੀ ਇਕ ਖਾਸ ਸ਼ਰੇਣੀ ਦੇ ਸੱਚ ਨੂੰ ਸਾਕਾਰ ਕਰਨਾ ਹੁੰਦਾ ਹੈ।ਇਸ ਸਥਿਤੀ ਵਿਚ ਹੀਣਤਾ ਤੋਂ ਪੀੜਤ ਧਿਰ ਸੁਭਾਵਿਕ ਹੀ ਸਮਾਜ ਦੀ ਨਜ਼ਰ ਨੂੰ ਸ਼ੱਕੀ ਮੰਨਣ ਦੀ ਗ੍ਰਿਫਤ ਵਿਚ ਆ ਜਾਂਦੀ ਹੈ।ਇਸੇ ਕਰਕੇ ਬਹੁਤੀਆਂ ਕਹਾਣੀਆਂ ਵਿਚ ਵਿਰੋਧੀ ਧਿਰ ਦੇ ਅਵਚੇਤਨ ਵਿਚਲੀ ਰਮਜ਼ ਕਥਾ ਵਿਚ ਟੱਕਰ ਦੀ ਉਸਾਰੀ ਦਾ ਆਧਾਰ ਬਣਦੀ ਹੈ।ਇਥੇ ਦੀਪ ਦਵਿੰਦਰ ਦੀ ਕਹਾਣੀ ਵਿਚੋਂ ਇਹ ਬਿਰਤਾਂਤ ਦੇਖਿਆ ਜਾ ਸਕਦਾ ਹੈ: "ਇਨ੍ਹਾਂ ਲੋਕਾਂ ਦੀ ਨਿਗ੍ਹਾ ਪੜ੍ਹਦੇ ਹੀ ਵੱਡੇ ਹੋਏ ਆਂ ਅਸੀਂ ਵੀ।ਆਪਣੇ ਪਿਓ ਦਾਦੇ ਦੀ ਭਾਸ਼ਾ ਹੀ ਬੋਲਦਾ ਹੋਊ ਇਹ ਵੀ।ਮੂੰਹੋਂ ਨਾ ਸਹੀ ਦਿਲ ਵਿਚ ਤਾਂ ਇਹੋ ਆਹਦਾ ਹੋਊ ਮੈਨੂੰ ਕਿ ਸਾਲਾ ਝੜੰਮ ਜਾਤ,ਕਿਵੇਂ ਕਿਰਲੇ ਵਾਂਗ ਬੈਠਾ ਆਕੜ ਕੇ ਕੁਰਸੀ ਤੇ।ਇਹੋ ਗੱਲਾਂ ਚੇਤੇ ਆਉਂਦਿਆਂ ਤਲੀਆਂ ਚੋਂ ਸੇਕ ਉੱਠਣ ਲੱਗਦਾ3ਕਿੰਨਾ ਕਿੰਨਾ ਚਿਰ ਦਿਲ ਵੱਸ ਵਿਚ ਨਹੀਂ ਆਉਂਦਾ।" ਇਸੇ ਤਰ੍ਹਾਂ ਅਤਰਜੀਤ ਦੀ ਕਹਾਣੀ 'ਠੂੰਹਾਂ' ਵਿਚ ਕੇਂਦਰੀ ਪਾਤਰ ਦੇ ਕਲਪਿਤ ਅਪਰਾਧ ਬੋਧ ਰਾਹੀਂ ਕਥਾ ਦੀ ਗੰਭੀਰਤਾ ਨੂੰ ਸਿਰਜਿਆ ਗਿਆ ਹੈ।

ਉਪਰੋਕਤ ਵਿਚਾਰ ਚਰਚਾ ਵਿਚੋਂ ਇਸ ਨਿਰਣੇ ਉਤੇ ਪਹੁੰਚਿਆ ਜਾ ਸਕਦਾ ਹੈ ਕਿ ਪੰਜਾਬੀ ਦਲਿਤ ਕਹਾਣੀ ਜੋ ਆਪਣੇ ਆਰੰਭਲੇ ਸਮੇਂ ਵਿਚ ਸਮਾਜਿਕ ਉਤਪੀੜਨ ਤੇ ਆਰਥਿਕ ਜਬਰ ਦੀ ਦਾਸਤਾਂ ਦਾ ਬਿਰਤਾਂਤ ਸਿਰਜਦੀ ਸੀ।ਅੱਗੇ ਚੱਲਕੇ ਸਮੱਸਿਆ ਦਾ ਨਿਧਾਨ ਜਾਤੀਗਤ ਸਵੈਮਾਣ ਦੇ ਵਿਚੋਂ ਤਲਾਸ਼ ਕਰਦੀ ਸੀ ਤੋਂ ਇਕ ਵਿੱਥ ਬਣਾਕੇ ਤੁਰਦੀ ਹੈ।ਇਸ ਵਿੱਥ ਵਿਚ ਸਮਾਜਿਕ ਤੇ ਆਰਥਿਕ ਉਤਪੀੜਨ ਦੀ ਇਤਿਹਾਸਕ ਤੇ ਮਿਥਿਹਾਸਕ ਗਾਥਾ ਦਾ ਸਾਰ ਸਮਝ ਵਿਚ ਆਉਂਦਾ ਹੈ।ਵਿਚਾਰਧਾਰਕ ਤੌਰ ਤੇ ਦਲਿਤ ਸਮਾਜ ਵਿਚ ਆਪਣੇ ਸੰਵਿਧਾਨਕ ਹੱਕਾਂ ਪ੍ਰਤੀ ਜਾਗਰੂਕ ਹੋਣ ਤੇ ਸਮੂਹਕ ਲੜਾਈ ਲੜਨ ਦੀ ਚੇਤਨਾ ਦਾ ਪ੍ਰਤੌਮ ਵੀ ਹੈ ਇਸਦੇ ਨਾਲ ਨਾਲ ਦਲਿਤ ਸੰਘਰਸ਼ ਵਿਚ ਆ ਰਹੇ ਵਿਗਾੜਾਂ ਦੀ ਫਿਕਰਮੰਦੀ ਅਤੇ ਮੁੜ ਤੋਂ ਅਤੀਤ ਉਨਮੁਖ ਸੰਘਰਸ਼ ਦਾ ਸੁਪਨਾ ਵੀ ਦਿਖਾਈ ਦਿੰਦਾ ਹੈ।

**ਸੰਪਰਕ**-97817-82474



# 'ਇਕ ਹੋਰ ਜਨਮ' ਦੀ ਦ੍ਰਿਸ਼ਟੀ/ -ਡਾ. ਕੇਵਲ ਸਿੰਘ ਪਰਵਾਨਾ




ਹੱਥਲਾ ਨਾਵਲ **'ਇੱਕ ਹੋਰ ਜਨਮ'** (**ਪ੍ਰਕਾਸ਼ਕ: ਲੋਕ ਗੀਤ ਪ੍ਰਕਾਸ਼ਨ, ਪੰਨੇ: 270, ਮੁੱਲ :395**) ਉਸ ਦਾ ਦੂਸਰਾ ਨਾਵਲ ਹੈ, ਵਾਸਤਵ ਵਿਚ ਇਸ ਨੂੰ ਵੀ ਉਸ ਦੀ ਇਕ ਬਹੁ-ਵਿਧਾਵੀ ਰਚਨਾ ਹੀ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਦਾ ਪਾਠ ਕਰਨ 'ਤੇ ਪਤਾ ਲਗਦਾ ਹੈ ਕਿ ਇਹ ਰਚਨਾ ਨਾਵਲ ਦੇ ਨਾਲ-ਨਾਲ ਇਕ ਸਵੈ-ਜੀਵਨੀ ਅਤੇ ਇਕ ਸਫ਼ਰਨਾਮਾ ਵੀ ਹੈ। ਜੇਕਰ ਇਸ ਰਚਨਾ ਵਿਚ ਮੇਜਰ ਮਾਂਗਟ ਨਾਇਕ ਦਾ ਨਾਮ ਮਨਦੀਪ ਨਾ ਰੱਖਦਾ, ਮੇਜਰ ਮਾਂਗਟ ਹੀ ਰਹਿਣ ਦਿੰਦਾ ਤਦ ਇਹ ਰਚਨਾ ਸਵੈ-ਜੀਵਨੀ ਜਾਂ ਕੈਨੇਡਾ ਦਾ ਸਫ਼ਰਨਾਮਾ ਹੀ ਹੋਣਾ ਸੀ। ਹੁਣ ਵੀ ਇਸ ਨਾਵਲ ਦੇ ਅਖ਼ੀਰ ਵਿਚ ਉਸ ਨੇ ਲਿਖਿਆ ਹੈ 'ਇਹ ਅੰਤ ਨਹੀਂ' ਅਰਥਾਤ ਸਵੈ-ਜੀਵਨੀ ਜਾਂ ਸਫ਼ਰਨਾਮੇ ਦਾ ਦੂਸਰਾ ਭਾਗ ਵੀ ਆਵੇਗਾ। ਮੇਜਰ ਮਾਂਗਟ ਨੇ ਪੁਸਤਕ ਦੇ ਆਰੰਭ 'ਨੋਟ ਕਰੋ' ਵਿਚ ਖ਼ੁਦ ਲਿਖਿਆ ਹੈ, "ਭਾਵੇਂ 'ਇੱਕ ਹੋਰ ਜਨਮ' ਆਪਣੇ ਆਪ ਵਿਚ ਸੰਪੂਰਨ ਨਾਵਲ ਹੈ, ਪਰੰਤੂ ਇਹ ਇੱਕ ਲੜੀਵਾਰ ਚੱਲਦੀ ਜੀਵਨ ਕਹਾਣੀ ਵੀ ਹੈ। ਇਨ੍ਹਾਂ ਕਿਰਦਾਰਾਂ ਦਾ ਪਿਛੋਕੜ ਜਾਨਣ ਤੇ ਸਮਝਣ ਲਈ ਤੁਹਾਨੂੰ ਇਸਦੀ ਪਹਿਲੀ ਲੜੀ ਵਜੋਂ ਨਾਵਲ 'ਸਮੁੰਦਰ ਮੰਥਨ' ਵੀ ਪੜ੍ਹਨਾ ਪਵੇਗਾ"। ਇਸ ਤੋਂ ਪਤਾ ਲਗਦਾ ਹੈ ਕਿ ਇਹ ਇਕ ਲੜੀਵਾਰ ਨਾਵਲ, ਸਵੈ-ਜੀਵਨੀ ਅਤੇ ਸਫ਼ਰਨਾਮਾ ਹੈ, ਸੰਪੂਰਨ ਨਾਵਲ ਨਹੀਂ।

ਇਸ ਨੂੰ 'ਲੜੀਵਾਰ ਨਾਵਲ' ਮੰਨਦਿਆਂ ਇਸ ਨਾਵਲ ਦਾ ਨਾਇਕ ਮਨਦੀਪ ਪੰਜਾਬ ਦੇ ਖੇਤਰ ਮਾਲਵੇ ਦੇ ਪਿੰਡ ਦਾ ਇਕ ਕਿਸਾਨੀ ਪਰਿਵਾਰ ਵਿਚੋਂ, ਐਮ. ਏ. (ਪੰਜਾਬੀ) ਪਾਸ ਬੇਕਾਰ ਨੌਜਵਾਨ ਹੈ ਜਿਸ ਦੀ ਮੰਗਣੀ, ਕੈਨੇਡਾ ਰਹਿੰਦਾ ਉਸਦੇ ਮਾਮੇ ਦਾ ਪੁੱਤਰ, ਕੈਨੇਡਾ ਵਿਚ ਪੜ੍ਹੀ ਤੇ ਹੁਣ ਪੱਕੀ ਹੋ ਗਈ ਕੁੜੀ ਰਾਜਵਿੰਦਰ ਨਾਲ ਕਰਵਾ ਦਿੰਦਾ ਹੈ ਜੋ ਉਥੇ ਆਪਣੇ ਮਾਮੇ ਦੇ ਕੋਲ ਰਹਿ ਰਹੀ ਹੁੰਦੀ ਹੈ। ਪਹਿਲਾਂ ਤਾਂ ਉਨ੍ਹਾਂ ਵਿਚ ਖ਼ਤੋ-ਖ਼ਿਤਾਬਤ ਹੁੰਦੀ ਹੈ, ਫਿਰ ਫੋਨ ਰਾਹੀਂ ਗੱਲਬਾਤ ਤੇ ਜਦੋਂ ਇਹ ਰਿਸ਼ਤਾ ਪਿਆਰ ਵਿਚ ਬਦਲ ਜਾਂਦਾ ਹੈ ਤਾਂ ਉਹ ਭਾਰਤ ਜਾ ਕੇ ਵਿਆਹ ਕਰਵਾ ਆਉਂਦੀ ਹੈ ਤੇ ਫਿਰ ਮਨਦੀਪ ਵੀ ਕੈਨੇਡਾ ਪਹੁੰਚ ਜਾਂਦਾ ਹੈ। ਇਸ ਨਾਵਲ ਦਾ ਕਥਾਨਕ 1990-94 ਤੱਕ ਦਾ ਹੈ। ਮਨਦੀਪ ਦੇ ਪਰਿਵਾਰ ਵਾਲੇ ਭਾਵੇਂ ਬਹੁਤ ਉਦਾਸ ਹੋ ਜਾਂਦੇ ਹਨ ਪਰ 1984 ਤੋਂ ਲੈ ਕੇ ਪੂਰਾ ਦਹਾਕਾ ਸੰਤਾਪ ਭੋਗਦੇ ਆ ਰਹੇ ਪੰਜਾਬ ਦੇ ਲੋਕਾਂ ਅਤੇ ਖਾਸ ਕਰ ਕੇ ਜਵਾਨਾਂ 'ਤੇ ਆਈ ਕਰੋਪੀ ਕਾਰਨ ਉਹ ਰੱਬ ਦਾ ਸੌ-ਸੌ ਸ਼ੁਕਰ ਮਨਾਉਂਦੇ ਹਨ ਕਿ ਚੰਗਾ ਹੋਇਆ ਉਹ ਬਾਹਰ ਚਲਾ ਗਿਆ। ਉਸ ਦੀ ਮਾਂ ਕਹਿੰਦੀ ਹੈ, "ਇੱਕ ਮਾਂ ਦਾ ਦਿਲ ਪੁੱਛਿਆ ਜਾਣੀਏ ਕਿ ਜਵਾਨ ਪੁੱਤ ਨੂੰ ਪਾਲ ਪੋਸ ਕੇ, ਪੜ੍ਹਾ ਲਿਖਾ ਕੇ, ਬੇਗਾਨੇ ਮੁਲਕ ਤੋਰਨਾ ਕਿੰਨਾ ਔਖਾ ਹੁੰਦਾ ਏ...? ਜੇ ਏਥੇ ਈ ਸਰਕਾਰਾਂ ਦੋ ਵੇਲੇ ਦੀ ਰੋਟੀ ਜਾਂ ਰੋਜ਼ਗਾਰ ਦੇਣ ਜੋਗੀਆਂ ਹੁੰਦੀਆਂ ਤਾਂ ਕਿਉਂ ਕੋਈ ਬੇਗਾਨੇ ਮੁਲਕ ਧੱਕੇ ਖਾਂਦਾ?" ਅਤੇ "ਚੱਲ ਚੰਗਾ ਹੋਇਆ ਬਲਦੀ ਦੇ ਬੁੱਥੇ, ਚੋਂ ਜਾਨ ਬਚਾ ਕੇ ਨਿਕਲ ਗਿਆ।"

ਇਹ ਨਾਵਲ ਘਟਨਾ-ਪ੍ਰਧਾਨ ਨਾ ਹੋ ਕੇ ਨਾਇਕ-ਪ੍ਰਧਾਨ ਹੁੰਦਿਆਂ ਹੋਇਆਂ ਵੀ ਆਪਣੀ ਰੌਚਿਕਤਾ ਨੂੰ ਅੰਤ ਤੱਕ ਕਾਇਮ ਰੱਖਦਾ ਹੈ। ਇਸਦਾ ਕਾਰਨ ਲੇਖਕ ਦੀ ਲੇਖਨ-ਸ਼ੈਲੀ ਅਤੇ ਉਸਦੀ ਆਪਣੇ ਜੀਵਨ ਦੀ ਕਹਾਣੀ ਹੈ ਜਿਸ ਨੂੰ ਉਹ ਪਾਸੇ 'ਤੇ ਖੜ੍ਹਾ ਹੋ ਕੇ ਬੜੇ ਸਹਿਜ ਅਤੇ ਯਥਾਰਥਮਈ ਵਿਧੀ ਨਾਲ ਪੇਸ਼ ਕਰਦਾ ਹੈ। ਇਸ ਦਾ ਕਥਾਨਕ ਤਾਂ ਕੇਵਲ ਏਨਾ ਕੁ ਹੀ ਹੈ ਕਿ ਨਾਵਲ ਦਾ ਨਾਇਕ ਮਨਦੀਪ ਕੈਨੇਡਾ ਪਹੁੰਚ

ਕੇ ਇਕ ਨਵਾਂ, ਪ੍ਰੀਵਰਤਿਤ ਜੀਵਨ ਬਿਤਾਉਣ ਲਈ ਮਜਬੂਰ ਹੈ ਜਿਸ ਨੂੰ ਉਹ ਆਪਣਾ 'ਇੱਕ ਹੋਰ ਜਨਮ' ਕਹਿੰਦਾ ਹੈ। ਰੌਚਿਕਤਾ ਇਸ ਗੱਲ ਵਿਚ ਹੈ ਕਿ ਉਹ ਸਾਨੂੰ ਕੈਨੇਡਾ ਵਿਚ ਰਹਿੰਦੇ ਪੰਜਾਬੀ/ਭਾਰਤੀ ਲੋਕਾਂ ਦੇ ਬਦਲੇ ਹੋਏ ਜੀਵਨ ਤੋਂ ਜਾਣੂ ਕਰਵਾਉਂਦਾ ਹੈ ਅਤੇ ਕੈਨੇਡਾ ਦੀਆਂ ਮਨੋਰੰਜਕ-ਥਾਵਾਂ ਦੇ ਦਰਸ਼ਨ ਕਰਵਾਉਂਦਾ ਹੈ। ਭਾਰਤੀ ਲੋਕ ਆਪਾ-ਧਾਪੀ ਵਾਲੇ ਦੇਸ਼ ਭਾਰਤ ਵਿਚੋਂ ਜਾ ਕੇ, ਅੰਗਰੇਜ਼ਾਂ ਦੇ ਅਨੁਸ਼ਾਸਤ-ਦੇਸ਼ ਵਿਚ ਕਿਸ ਤਰ੍ਹਾਂ ਫਿੱਟ ਹੋ ਜਾਂਦੇ ਹਨ, ਉਹ ਇਸ ਬਾਰੇ ਬਾਖ਼ੂਬੀ ਜਾਣਕਾਰੀ ਪ੍ਰਦਾਨ ਕਰਦਾ ਹੈ। ਉਸ ਨੂੰ ਵੀ ਕੈਨੇਡਾ ਦਾ ਕਲਚਰ ਅਪਨਾਉਣ ਵਿਚ ਕਾਫ਼ੀ ਦੇਰ ਲੱਗ ਜਾਂਦੀ ਹੈ।

ਮਨਦੀਪ ਨੂੰ ਹਫ਼ਤਾ ਹੋ ਚੱਲਿਆ ਸੀ ਆਏ ਨੂੰ, ਅਜੇ ਉਸ ਨੂੰ ਏਨਾ ਹੀ ਪਤਾ ਲੱਗਾ ਸੀ ਕਿ ਉਹ ਕੈਨੇਡਾ ਦੇ ਉਨਟਾਰੀਉ ਸੂਬੇ ਵਿਚ ਹੈ ਜਿੱਥੇ ਲਿਬਰਲ ਪਾਰਟੀ ਦੀ ਸਰਕਾਰ ਹੈ ਅਤੇ ਏਥੇ ਆਰਥਿਕ ਮੰਦਵਾੜਾ ਚੱਲ ਰਿਹਾ ਹੈ। ਰਾਜਵਿੰਦਰ ਵੀ ਹਫ਼ਤੇ ਦੀਆਂ ਛੁੱਟੀਆਂ ਤੋਂ ਬਾਅਦ ਦਫ਼ਤਰ ਜੌਬ 'ਤੇ ਚਲੇ ਜਾਂਦੀ ਹੈ। ਰਾਜਵਿੰਦਰ ਨੇ ਮਨਦੀਪ ਨੂੰ ਗੈਸ-ਸਟੋਵ ਚਲਾਉਣਾ, ਆਂਡਿਆਂ ਦੇ ਆਮਲੇਟ ਬਣਾਉਣਾ ਅਤੇ ਚਾਹ ਬਣਾਉਣਾ ਸਿਖਾ ਦਿੱਤਾ ਸੀ। ਉਸ ਨੇ ਦੋ ਬਰੈੱਡ ਸਲਾਈਸਾਂ ਅਤੇ ਆਮਲੇਟ ਨਾਲ ਬਰੇਕ ਫਾਸਟ ਕਰ ਲਿਆ। ਪੰਜਾਬ ਵਿਚ ਤਾਂ ਉਸ ਨੇ ਕਦੇ ਘੜੇ ਜਾਂ ਨਲਕੇ 'ਚੋਂ ਪਾਣੀ ਕੱਢ ਕੇ ਵੀ ਨਹੀਂ ਸੀ ਪੀਤਾ। ਹੁਣ ਉਸ ਨੂੰ ਆਪਣੀ ਮਾਂ ਬਚਨ ਕੌਰ ਦੇ ਹੱਥ ਦੀਆਂ ਪੱਕੀਆਂ ਰੋਟੀਆਂ ਦੀ ਯਾਦ ਆਉਂਦੀ ਸੀ। ਪੰਜਾਬ ਵਿਚ ਉਹ ਖੁਲ੍ਹੇ-ਡੁੱਲ੍ਹੇ ਮਕਾਨਾਂ ਵਿਚ ਰਹਿੰਦਾ ਆਇਆ ਸੀ, ਏਥੇ ਉਹਨਾਂ ਨੂੰ ਬੇਸਮੈਂਟਾਂ (ਮਕਾਨਾਂ ਦੇ ਹੇਠਾਂ ਬਣੇ ਤਹਿਖਾਨਿਆਂ) ਵਿਚ ਰਹਿਣਾ ਪੈਂਦਾ ਸੀ। ਉਸ ਇਕੱਲੇ ਵਾਸਤੇ ਟਾਈਮ ਪਾਸ ਕਰਨਾ ਵੀ ਔਖਾ ਸੀ।

ਰਾਜਵਿੰਦਰ ਚਾਹੁੰਦੀ ਸੀ ਕਿ ਮਨਦੀਪ ਨੂੰ ਵੀ ਜਲਦੀ ਕੋਈ ਕੰਮ ਮਿਲ ਜਾਵੇ ਪਰ ਇਸ ਤੋਂ ਪਹਿਲਾਂ ਉਸ ਦਾ ਡਰਾਈਵਿੰਗ ਲਾਈਸੈਂਸ ਬਣਨਾ ਜ਼ਰੂਰੀ ਸੀ। ਪਹਿਲਾਂ ਉਨ੍ਹਾਂ ਨੇ ਉਥੋਂ ਦੇ ਗੁਰਦੁਆਰੇ ਤੋਂ ਮੈਰਿਜ ਰਜਿਸਟਰ ਕਰਵਾਈ, ਫਿਰ ਇਮੀਗਰੇਸ਼ਨ ਦਫ਼ਤਰ ਜਾ ਕੇ ਲੈਂਡਡ ਇਮੀਗਰਾਂਟ ਦੀ ਮੋਹਰ ਲਗਵਾਈ, ਫਿਰ ਉਨ੍ਹਾਂ ਨੇ ਸੋਸ਼ਲ ਇੰਸ਼ੋਰੈਂਸ ਨੰਬਰ ਲਈ ਅਪਲਾਈ ਕਰ ਦਿੱਤਾ, ਕੈਨੇਡਾ ਰਹਿੰਦੇ ਬੰਦੇ ਦੇ ਜੀਵਨ ਦਾ ਸਾਰਾ ਰਿਕਾਰਡ ਇਸ ਵਿਚ ਹੁੰਦਾ ਹੈ ਅਤੇ ਇਹ ਸਾਰੀ ਉਮਰ ਕੰਮ ਆਉਂਦਾ ਹੈ। ਰੈਜੀਡੈਂਟ ਦੇ ਸਬੂਤ ਲਈ ਬੈਂਕ ਅਕਾਊਂਟ ਵੀ ਖੁਲ੍ਹਵਾਉਣਾ ਪੈਣਾ ਸੀ ਤੇ ਲਾਇਬ੍ਰੇਰੀ ਕਾਰਡ ਵੀ ਬਣਵਾਉਣਾ ਸੀ। ਇਸ ਤੋਂ ਤਿੰਨ ਮਹੀਨੇ ਬਾਅਦ ਹੈਲਥ ਕਾਰਡ ਬਣਨਾ ਸੀ, ਫਿਰ ਉਸ ਨੂੰ ਇਕ ਫੈਮਲੀ ਡਾਕਟਰ ਅਤੇ ਇਕ ਫੈਮਲੀ ਡੈਂਟਿਸਟ ਮਿਲ ਜਾਣਾ ਸੀ ਜਿਨ੍ਹਾਂ ਨੇ ਉਸ ਦਾ ਮੁਫ਼ਤ ਡਾਕਟਰੀ ਇਲਾਜ ਕਰਿਆ ਕਰਨਾ ਸੀ ਅਤੇ ਸਿਹਤ ਦਾ ਰਿਕਾਰਡ ਵੀ ਰੱਖਣਾ ਸੀ। ਤਿੰਨ ਮਹੀਨੀਆਂ ਵਿਚ ਇਹ ਸਾਰਾ ਕੰਮ ਹੋ ਗਿਆ। ਮਨਦੀਪ ਨੇ ਕੇਸ ਵੀ ਕਟਵਾ ਦਿੱਤੇ ਕਿਉਂਕਿ ਉਸ ਨੂੰ ਦੱਸਿਆ ਗਿਆ ਸੀ ਕਿ ਅੰਗਰੇਜ਼ ਪੱਗ ਵਾਲਿਆਂ ਨੂੰ ਚੰਗਾ ਨਹੀਂ ਸਮਝਦੇ ਅਤੇ ਕੰਮ ਨਹੀਂ ਦਿੰਦੇ। ਉਸ ਨੂੰ ਜੌਬ ਵੀ ਮਿਲ ਗਈ ਸੀ, ਪਹਿਲਾਂ ਉਸ ਨੂੰ ਲੋਹੇ ਦਾ ਬਹੁਤ ਭਾਰੀ ਕੰਮ ਕਰਨਾ ਪੈਂਦਾ ਸੀ ਪਰ ਜਲਦੀ ਸੌਖਾ ਕੰਮ ਮਿਲ ਗਿਆ ਸੀ। ਉਸ ਦੀ ਐਮ. ਏ. ਪੰਜਾਬੀ ਵੀ ਕਿਸੇ ਕੰਮ ਨਾ ਆਈ ਕਿਉਂਕਿ ਉਸ ਨੂੰ ਅੰਗਰੇਜ਼ੀ ਬੋਲਣ ਅਤੇ ਸਮਝਣ ਵਿਚ ਬੜੀ ਮੁਸ਼ਕਲ ਪੇਸ਼ ਆ ਰਹੀ ਸੀ।

ਉਹ ਸਾਡੇ ਨਾਲ ਪੰਜਾਬ ਦੇ ਤਤਕਾਲੀ ਹਾਲਾਤ ਵੀ ਸਾਂਝੇ ਕਰਦਾ ਹੈ, "ਰੇਲਾਂ, ਬੱਸਾਂ 'ਚੋਂ ਕੱਢ ਕੇ ਲੋਕ ਮਾਰ ਦਿੱਤੇ ਜਾਂਦੇ ਸਨ। ਬੰਬ ਬਲਾਸਟ ਹੁੰਦੇ, ਦੰਗੇ ਹੁੰਦੇ, ਨਾ ਕੋਈ ਦਲੀਲ ਨਾ ਅਪੀਲ ਸੀ।" ਉਹ ਸੋਚਦਾ ਹੈ ਕਿ 'ਚਲੋ ਇਕ ਵਧੀਆ ਮੁਲਕ 'ਚ ਆ ਗਏ ਹਾਂ' ਜਿੱਥੇ ਆਵਾਜਾਈ ਦੇ ਇੰਨੇ ਵਧੀਆ ਨਿਯਮ ਹਨ ਤੇ ਸਭ ਲੋਕ ਉਨ੍ਹਾਂ ਨਿਯਮਾਂ ਦੀ ਕਿੰਨੀ ਪਾਲਣਾ ਕਰਦੇ, ਦੂਜੇ ਪਾਸੇ ਉਸਦਾ ਆਪਣਾ ਮੁਲਕ ਸੀ ਜਿੱਥੇ ਨਿਯਮ ਤੋੜਨ ਨੂੰ ਸ਼ਾਨ ਸਮਝਿਆ ਜਾਂਦਾ ਸੀ। ਏਥੇ ਤਾਂ ਦਫ਼ਤਰਾਂ ਪਲਾਜ਼ਿਆਂ ਵਿਚ ਲੋਕ ਲਾਈਨਾਂ ਬਣਾ ਕੇ ਖੜੇ ਹੁੰਦੇ, ਕਿਤੇ ਕੋਈ ਧੱਕਾ-ਮੁੱਕੀ, ਸਿਫਾਰਸ਼ ਜਾਂ ਰਿਸ਼ਵਤ ਦਾ ਨਾਮੋ-ਨਿਸ਼ਾਨ ਨਹੀਂ ਸੀ। ਅੱਗ ਤੋਂ ਬਚਾਅ ਕਰਨ ਲਈ ਕੈਨੇਡਾ ਵਿਚ ਹਰ ਘਰ ਵਿਚ ਫਾਇਰ ਅਲਾਰਮ ਜ਼ਰੂਰੀ ਹਨ, ਭਾਰਤ ਵਿਚ ਕੂੜਾ



ਚੁੱਕਣ ਦਾ ਕੋਈ ਪ੍ਰਬੰਧ ਨਹੀਂ, ਕੈਨੇਡਾ ਵਿਚ ਮਿਥੇ ਦਿਨ ਤੇ ਆ ਕੇ ਕੂੜਾ ਚੁੱਕਣ ਵਾਲੇ ਟਰੱਕ ਵਿਚ ਕੂੜਾ ਲੈ ਜਾਂਦੇ ਹਨ। ਭਾਰਤ ਵਿਚ ਟ੍ਰੈਫਿਕ ਦੇ ਕੋਈ ਨਿਯਮ ਨਹੀਂ ਹਨ, ਹਸਪਤਾਲਾਂ ਵਿਚ ਕੋਈ ਸਹੂਲਤਾਂ ਨਹੀਂ ਹਨ, ਕੈਨੇਡਾ ਵਿਚ ਤਾਂ ਸਵਰਗ ਐ। ਏਥੇ ਮਨੁੱਖ ਦੀ ਬੇਹੱਦ ਕਦਰ ਹੈ ਪਰ ਆਪਣੇ ਮੁਲਕ ਵਿਚ ਤਾਂ ਇਨਸਾਨੀਅਤ ਨਾਂ ਦੀ ਕੋਈ ਚੀਜ਼ ਈ ਨਹੀਂ। ਫਿਰ ਮਨਦੀਪ ਡਰਾਈਵਿੰਗ ਲਾਈਸੈਂਸ ਬਣਵਾਉਣ ਲਈ ਅਤੇ ਕਿਸੇ ਮਿੱਤਰ ਪਾਸੋਂ ਲਿਖਤੀ ਟੈਸਟ ਦੇਣ ਲਈ ਕਿਤਾਬ ਅਤੇ ਹੋਰ ਜ਼ਰੂਰੀ ਸਮਾਨ ਲੈ ਕੇ ਤਿਆਰੀ ਵਿਚ ਜੁੱਟ ਜਾਂਦਾ ਹੈ। ਫਿਰ ਕੁਝ ਸਮੇਂ ਬਾਅਦ ਰਾਜਵਿੰਦਰ ਨਾਲ ਡਰਾਈਵਿੰਗ ਸੈਂਟਰ ਜਾ ਕੇ ਟੈਸਟ ਦੇ ਦਿੰਦਾ ਹੈ ਅਤੇ ਪਹਿਲੀ ਵਾਰ ਹੀ ਪਾਸ ਵੀ ਹੋ ਜਾਂਦਾ ਹੈ। ਉਸ ਨੂੰ ਕਾਰ ਸਿੱਖਣ ਲਈ ਰਿਟਨ ਲਾਈਸੈਂਸ ਮਿਲ ਜਾਂਦਾ ਹੈ ਅਤੇ ਉਹ ਆਪਣੇ ਫੈਮਿਲੀ ਦੋਸਤ ਪਾਸੋਂ ਕਾਰ ਵੀ ਸਿੱਖ ਲੈਂਦਾ ਹੈ।

ਭਾਰਤ ਤੋਂ ਆਏ ਬੰਦਿਆਂ ਦੀ ਮਾਨਸਿਕਤਾ ਬਦਲਦਿਆਂ ਕਾਫੀ ਸਮਾਂ ਲਗਦਾ ਹੈ। ਮਨਦੀਪ ਦੀ ਸੋਚ ਵੀ ਅਜੇ ਘੁੰਮਣਘੇਰੀ ਵਿਚ ਫਸੀ ਹੋਈ ਸੀ। ਉਸ ਦੀ ਪਤਨੀ ਜਦੋਂ ਦਫ਼ਤਰ ਕੰਮ 'ਤੇ ਜਾਂਦੀ ਤਾਂ ਉਸ ਨੇ ਟੌਪ ਦੇ ਨਾਲ ਸਕਰਟ, ਲੈਗਿੰਗ ਵਗੈਰਾ ਪਹਿਨੇ ਹੁੰਦੇ ਹਨ। ਉਹ ਚਾਹੁੰਦਾ ਹੈ ਕਿ ਉਹ ਸਲਵਾਰ ਸੂਟ ਪਹਿਨ ਕੇ ਜਾਵੇ। ਪਰ ਇਸ ਤਰ੍ਹਾਂ ਤਾਂ ਔਰਤਾਂ ਸ਼ੌਪਿੰਗ ਕਰਨ ਵੀ ਨਹੀਂ ਸਨ ਜਾਂਦੀਆਂ। ਇਸ ਦਾ ਕਾਰਨ ਇਕ ਤਾਂ ਨਸਲਵਾਦ ਸੀ ਦੂਜਾ ਗੋਰੇ ਸਲਵਾਰ ਸੂਟ ਨੂੰ ਨਾਈਟ ਸੂਟ ਸਮਝਦੇ ਸਨ। ਕਾਮਾਗਾਟਮਾਰੂ ਵੇਲੇ ਦਾ ਸ਼ੁਰੂ ਹੋਇਆ ਨਸਲਵਾਦ ਦਾ ਦੈਂਤ ਅਜੇ ਤੱਕ ਵੀ ਦਨਦਨਾਂ ਰਿਹਾ ਸੀ। ਫਿਰ ਵੀ ਰਾਜਵਿੰਦਰ ਉਸ ਦੇ ਆਖੇ ਲੱਗ ਕੇ ਕਦੇ ਕਦੇ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਦੇ ਘਰ ਪਾਰਟੀਆਂ 'ਤੇ ਜਾਣ ਵੇਲੇ ਅਤੇ ਕਦੇ ਦੇਖਣ-ਯੋਗ ਸਥਾਨਾਂ 'ਤੇ ਜਾਣ ਵੇਲੇ ਪੰਜਾਬੀ ਸੂਟ ਪਾ ਲੈਂਦੀ ਸੀ। ਉਨ੍ਹਾਂ ਨੇ 'ਉਨਟਾਰੀਉ ਪਲੇਸ', ਟੋਰਾਂਟੋ ਵਿਖੇ 'ਸੀ. ਐਨ. ਟਾਵਰ', 'ਨਿਆਗਰਾ ਫਾਲਜ਼', 'ਸੈਂਟਰਲ ਆਈਲੈਂਡ' ਆਦਿਕ ਥਾਵਾਂ ਵੀ ਵੇਖੀਆਂ।

ਨਾਵਲਕਾਰ ਨੇ ਕੈਨੇਡਾ ਦਾ ਨੈਗੇਟਿਵ ਪੱਖ ਵੀ ਪੇਸ਼ ਕੀਤਾ ਹੈ, ਕਬੱਡੀ ਟੂਰਨਾਮੈਂਟ ਵੇਖਣ ਗਿਆਂ ਉਸ ਨੂੰ ਦੋਸਤਾਂ ਨਾਲ ਇਕ ਕਲੱਬ ਵਿਚ ਜਾਣਾ ਪਿਆ, ਉਹ ਦੱਸਦਾ ਹੈ "ਲਾਲ ਨੀਲੀਆਂ ਬੱਤੀਆਂ ਦੀ ਰੋਸ਼ਨੀ ਸੀ। ਅੱਗੇ ਸਟੇਜ 'ਤੇ ਇਕ ਅਲਫ ਨੰਗੀ ਕੁੜੀ ਨੱਚ ਰਹੀ ਸੀ। ਮਨਦੀਪ ਨੂੰ ਸ਼ਰਮ ਦੇ ਨਾਲ ਘਟੀਆ-ਪਣ ਦਾ ਅਹਿਸਾਸ ਵੀ ਹੋਇਆ...ਮਨਦੀਪ ਸੋਚ ਰਿਹਾ ਸੀ ਕਿ ਇਹ ਕੇਹੋ ਜਿਹੀ ਤਰੱਕੀ ਹੈ, ਜਿੱਥੇ ਔਰਤਾਂ ਨੂੰ ਪੈਸਿਆਂ ਲਈ ਆਪਣੇ ਕੱਪੜੇ ਉਤਾਰ ਕੇ ਦੂਜਿਆਂ ਸਾਹਮਣੇ ਨੰਗਾ ਹੋ ਕੇ ਨੱਚਣਾ ਪਵੇ।" ਇਸੇ ਤਰ੍ਹਾਂ ਜਦੋਂ ਉਹ ਸੈਂਟਰਲ ਆਈਲੈਂਡ ਵੇਖਣ ਗਏ ਤਾਂ ਉਥੇ ਸਮੁੰਦਰੀ ਬੀਚ 'ਤੇ ਮਨਦੀਪ ਨੇ ਔਰਤਾਂ ਨੂੰ ਨਗਨ ਹਾਲਤ ਵਿਚ ਵੇਖਿਆ। ਉਥੇ ਇਕ ਹੋਰ ਬੀਚ ਵੀ ਹੈ ਜਿੱਥੇ ਤੁਸੀਂ ਅਲਫ਼ ਨੰਗੇ ਹੋ ਕੇ ਹੀ ਜਾ ਸਕਦੇ ਹੋ। ਉਥੇ ਮਰਦ ਔਰਤਾਂ ਇਕੱਠੇ ਹੁੰਦੇ ਹਨ ਪਰ ਕੋਈ ਕਿਸੇ ਨਾਲ ਬਦਤਮੀਜ਼ੀ ਨਹੀਂ ਕਰਦਾ। ਭਾਵੇਂ ਮਨਦੀਪ ਇਹ ਸਭ ਕੁਝ ਚੰਗਾ ਨਹੀਂ ਸੀ ਲਗਦਾ ਪਰ ਜਦੋਂ ਉਹ ਕਿਸੇ ਦੋਸਤ ਨਾਲ ਬਿਸਾਗਾ ਬੀਚ 'ਤੇ ਗਏ ਤਾਂ ਉਹਨਾਂ ਨੂੰ ਵੀ ਬੀਚ ਵਾਲੇ ਕੱਪੜੇ-ਬਿਕਨੀ ਤੇ ਬਾਥਿੰਗ ਸੂਟ ਪਾਉਣੇ ਪਏ। ਮਨਦੀਪ ਦਾ ਖ਼ਿਆਲ ਸੀ ਕਿ ਜੇ ਇਸ ਮੁਲਕ ਵਿਚ ਰਹਿਣਾ ਹੈ ਤਾਂ ਆਪਣੀ ਸੋਚ ਵੀ ਬਦਲਣੀ ਪਊ।

ਨਾਵਲਕਾਰ ਕੈਨੇਡਾ ਦੇ ਹੋਰ ਅਨੁਭਵ ਵੀ ਸਾਂਝੇ ਕਰਦਾ ਹੈ ਜਦੋਂ ਉਸ ਨੂੰ ਉਥੇ ਕਿਸੇ ਰਿਸ਼ਤੇਦਾਰ ਦੇ ਘਰ ਇਕ ਗੁਰਦੁਆਰੇ ਦੇ ਪ੍ਰਧਾਨ ਦੇ ਦਰਸ਼ਨ ਹੋਏ। ਪ੍ਰਧਾਨ ਸ਼ਰੇਆਮ ਸ਼ਰਾਬ ਤੇ ਮਾਸ ਦਾ ਸੇਵਨ ਕਰ ਰਿਹਾ ਸੀ। ਮਨਦੀਪ ਨੂੰ ਪੁੱਛਿਆ ਗਿਆ ਕਿ ਪੰਜਾਬ ਵਿਚ ਤਾਂ ਖਾਲਿਸਤਾਨ ਆਉਣ ਵਾਲਾ ਈ ਹੋਣੈ ਪਰ ਉਸਨੇ ਕਿਹਾ ਕਿ ਉਥੇ ਤਾਂ ਅਜਿਹੀ ਕੋਈ ਗੱਲ ਨਹੀਂ। ਕੈਨੇਡਾ ਵਿਚ ਪੰਜਾਬੀ ਮੀਡੀਏ ਅਤੇ ਪ੍ਰਚਾਰਕਾਂ ਨੇ ਫੰਡ ਇਕੱਠੇ ਕਰਨ ਲਈ ਅਜਿਹਾ ਹੀ ਪ੍ਰਭਾਵ ਬਣਾ ਰੱਖਿਆ ਸੀ। ਉਹ ਇਕ ਹੋਰ ਆਪਣੇ ਨਾਲ ਪੜ੍ਹਦੇ ਦੋਸਤ ਅਤੇ ਉਸ ਦੇ ਪਿਤਾ ਤੇ ਭਰਾ ਦਾ ਵੀ ਪਰਦਾ ਫਾਸ਼ ਕਰਦਾ ਹੈ। ਉਹ ਦੱਸਦਾ ਹੈ ਕਿ ਉਹ ਤਿੰਨੇ ਰਾਗੀ ਜੱਥੇ ਵਜੋਂ ਏਥੇ ਆਏ ਸਨ ਅਤੇ ਕੀਰਤਨ ਦੇ ਸਿਰ ਤੇ ਚੰਗੀ ਕਮਾਈ ਕੀਤੀ ਸੀ। ਦੋ ਘਰ ਖਰੀਦ ਕੇ ਕਿਰਾਏ

ਤੇ ਦਿੱਤੇ ਹੋਏ ਸਨ ਅਤੇ ਇਹ ਆਪਣੇ ਘਰੇ ਅੰਡਾ, ਮੀਟ, ਸ਼ਰਾਬ ਸਭ ਕੁਝ ਵਰਤਦੇ ਸਨ ਪਰ ਜਦੋਂ ਗੁਰਦੁਆਰੇ ਜਾਂਦੇ ਤਾਂ ਚਿੱਟੇ ਚੋਲੇ ਪਹਿਨ ਕੇ ਗਾਤਰੇ ਪਾ ਲੈਂਦੇ ਸਨ।

ਮਨਦੀਪ ਨੂੰ ਕੈਨੇਡੀਅਨ ਜੀਵਨ ਸ਼ੈਲੀ, ਵੱਖਰੇ ਵਿਚਾਰ, ਖੁੱਲ੍ਹਾ ਰਹਿਣ ਸਹਿਣ ਅਤੇ ਧਰਮ ਦੀ ਇਕ ਵੱਖਰੀ ਹੀ ਪਰਿਭਾਸ਼ਾ ਜਾਨਣ ਨੂੰ ਮਿਲੀ ਸੀ। ਉਹ ਸੋਚਦਾ ਸੀ, "ਬਿਦੇਸ਼ਾਂ 'ਚ ਬੈਠ ਕੇ, ਖਾਲਿਸਤਾਨ ਮੰਗਣ ਵਾਲਿਆਂ ਨੇ ਇਹ ਸੇਕ ਆਪਣੇ ਪਿੰਡਿਆਂ 'ਤੇ ਨਹੀਂ ਸੀ ਹੰਢਾਇਆ। ਉਨ੍ਹਾਂ ਤਾਂ ਸਗੋਂ ਇਸ ਮੁੱਦੇ ਨੂੰ ਭੜਕਾ ਕੇ ਰੋਟੀਆਂ ਹੀ ਸੇਕੀਆਂ ਹਨ।.....ਪੰਜਾਬ ਵਿਚ ਰੇਲਾਂ ਬੱਸਾਂ 'ਚੋਂ ਕੱਢ ਕੇ, ਝੂਠੇ ਪੁਲਿਸ ਮੁਕਾਬਲੇ ਬਣਾ ਬਣਾ ਹਜ਼ਾਰਾਂ ਲੋਕ ਮਾਰ ਦਿੱਤੇ ਗਏ ਸਨ। ਘਰਾਂ ਦੇ ਘਰ ਉੱਜੜ ਗਏ ਸਨ। ਔਰਤਾਂ ਬੇਪੱਤ ਹੋਈਆਂ ਸਨ। ਦਹਿਸ਼ਤ ਦਾ ਤਾਂਡਵ ਸਭ ਕੁਝ ਭਸਮ ਕਰ ਚੁੱਕਾ ਸੀ। ਲੋਕਾਂ ਨੂੰ ਦੁਕਾਨਾਂ 'ਤੇ ਬੈਠਿਆਂ ਨੂੰ ਹੀ ਭੁੰਨ ਦਿੱਤਾ ਜਾਂਦਾ, ਗਲੀਆਂ ਬਜ਼ਾਰਾਂ ਵਿਚ ਬੰਬ ਫਟਦੇ।....ਬਿਦੇਸ਼ਾਂ ਵਿਚ ਬੈਠੇ ਇਹ ਲੋਕ ਸ਼ਰਾਬ ਦੇ ਪੈੱਗਾਂ ਨਾਲ ਸੋਫਿਆਂ 'ਤੇ ਬੈਠ, ਕੁੱਕੜ ਦੀਆਂ ਲੱਤਾਂ ਚਰੂੰਡਦੇ, ਚਟਕਾਰੇ ਲੈ ਲੈ ਗੱਲਾਂ ਕਰਦੇ ਰਹੇ। ਇਨ੍ਹਾਂ 'ਚੋਂ ਨਾ ਕਿਸੇ ਦਾ ਪੁੱਤ ਮਰਿਆ ਸੀ, ਨਾ ਹੀ ਕਿਸੇ ਬਾਪ ਦੀ ਦਾੜ੍ਹੀ ਪੁੱਟੀ ਗਈ।.....ਕੋਈ ਦਿੱਲੀ ਦੰਗਿਆਂ ਦੀਆਂ ਵਿਧਵਾਵਾਂ ਦੇ ਨਾਂ 'ਤੇ, ਕੋਈ ਸ਼ਹੀਦ ਪਰਿਵਾਰਾਂ ਦੇ ਬੱਚਿਆਂ ਦੇ ਨਾਂ 'ਤੇ ਅਤੇ ਕੋਈ ਖਾਲਿਸਤਾਨ ਦੇ ਸੰਘਰਸ਼ ਦੇ ਨਾਂ 'ਤੇ ਮਾਇਆ ਇਕੱਤਰ ਕਰ ਰਿਹਾ ਸੀ।"

ਰਾਜਵਿੰਦਰ ਦੀ ਡਲਿਵਰੀ ਵੇਲੇ ਉਸਨੂੰ ਹਸਪਤਾਲ ਵਿਚ ਜਾ ਕੇ ਦੂਜੀਆਂ ਕੌਮਾਂ ਨੂੰ ਸਮਝਣ ਦਾ ਮੌਕਾ ਮਿਲਦਾ ਹੈ। ਉਹ ਲਿਖਦਾ ਹੈ ਕਿ ਭਾਰਤੀ ਲੋਕ ਝੁੰਡਾਂ ਦੇ ਝੁੰਡ ਮਰੀਜ਼ਾਂ ਦੀਆਂ ਖ਼ਬਰਾਂ ਲੈਣ ਆਉਂਦੇ...ਭਾਰਤੀ ਕਮਿਊਨਿਟੀ ਨੂੰ ਕਈ ਲੋਕ ਚੰਗਾ ਨਹੀਂ ਸਮਝਦੇ। ਉਹ ਉੱਚੀ ਉੱਚੀ ਗੱਲਾਂ ਕਰਦੇ, ਠਿੱਪ ਠਿੱਪ ਕਰ ਕੇ ਤੁਰਦੇ ਜਦ ਕਿ ਗੋਰੇ ਸੱਜ ਧੱਜ ਕੇ, ਫੁੱਲਾਂ ਦੇ ਗੁਲਦਸਤੇ ਲੈ ਕੇ ਆਉਂਦੇ, ਬਹੁਤ ਘੱਟ ਬੋਲਦੇ ਤੇ ਇਕੱਲੇ ਜਾਂ ਪਤੀ ਪਤਨੀ ਆਉਂਦੇ। ਉਹ ਵੈਸਟ ਵੁੱਡ ਪਲਾਜ਼ੇ ਦੇ ਬਾਹਰ ਬੈਠੇ ਬਜ਼ੁਰਗਾਂ ਦਾ ਖ਼ੂਬਸੂਰਤ ਚਿੱਤਰ ਪੇਸ਼ ਕਰਦਾ ਹੈ-"ਸ਼ਾਮ ਨੂੰ ਬਜ਼ੁਰਗਾਂ ਦੇ ਟੋਲੇ ਹਿੱਸਾ-ਪੱਤੀ ਪਾ ਕੇ ਦਾਰੂ ਪੀਂਦੇ। ਕਈ ਮਨ ਮੌਜ਼ੀ ਕੋਕ ਦੀਆਂ ਬੋਤਲਾਂ 'ਚ ਪਾ ਕੇ ਇਧਰ ਉਧਰ ਝਾਕਦੇ ਰਹਿੰਦੇ। ਦੇਸੀ ਬੁੜੀਆਂ ਗਾਲਾਂ ਕੱਢਦੀਆਂ ਕਿ ਦੇਖ ਇਨ੍ਹਾਂ ਚੌਰਿਆਂ ਨੂੰ ਸ਼ਰਮ ਨੀ...ਕਿਵੇਂ ਗੋਰੀਆਂ ਦੀਆਂ ਲੱਤਾਂ ਵੇਖਣ ਤੇ ਦਾਰੂ ਡੁਲਸਣ ਏਥੇ ਆ ਕੇ ਮਜ਼ਮਾਂ ਲਾ ਲੈਂਦੇ ਨੇ।" ਭੂਤਾਂ-ਪ੍ਰੇਤਾਂ ਵਿਚ ਵਿਸ਼ਵਾਸ ਨਾ ਕਰਨ ਵਾਲਾ ਮਨਦੀਪ ਏਥੇ ਆ ਕੇ ਹੈਲੋਵੀਨ ਤਿਉਹਾਰ ਮਨਾਉਣ ਲੱਗ ਪਿਆ ਸੀ ਜਿਸ ਵਿਚ ਬੱਚਿਆਂ ਨੂੰ ਭੂਤਾਂ, ਪ੍ਰੇਤਾਂ, ਚੁੜੇਲਾਂ ਵਾਲੇ ਪਹਿਰਾਵੇ ਪੁਆ ਕੇ ਲੋਕਾਂ ਦੇ ਘਰ ਕੈਂਡੀਆਂ ਮੰਗਣ ਜਾਣਾ ਪੈਂਦਾ ਸੀ। ਬ੍ਰਿਟਿਸ਼ ਅਤੇ ਅਮਰੀਕਾ ਸਾਮਰਾਜ ਦਾ ਵਿਰੋਧ ਕਰਨ ਵਾਲਾ ਮਨਦੀਪ ਬਾਕੀ ਕਮਰੇਡਾਂ ਵਾਂਗ ਹੁਣ ਪੂੰਜੀਵਾਦ ਦਾ ਆਨੰਦ ਮਾਣ ਰਿਹਾ ਸੀ।


ਜਦੋਂ ਉਹ ਕੈਨੇਡਾ ਦਾ ਨਾਗਰਿਕ ਬਣ ਗਿਆ ਅਤੇ ਸਹੁੰ ਚੁੱਕਣ ਵੇਲੇ ਉਥੋਂ ਦਾ ਰਾਸ਼ਟਰੀ ਗੀਤ ਗਾਇਆ ਤਾਂ ਉਹ ਇਹ ਸੋਚ ਕੇ ਉਦਾਸ ਹੋ ਗਿਆ ਕਿ ਇਕ ਦਿਨ ਉਸਦੀ ਬੋਲੀ, ਧਰਮ ਅਤੇ ਪਛਾਣ ਸਭ ਖ਼ਤਮ ਹੋ ਜਾਣਗੇ ਅਤੇ ਉਸ ਨੂੰ ਭਾਰਤ ਜਾਣ ਲਈ ਵੀਜ਼ਾ ਲੈਣਾ ਪੈਣਾ ਹੈ। ਉਸਦੇ ਪੁਰਖੇ ਉਸ ਨੂੰ ਕਦੇ ਮੁਆਫ਼ ਨਹੀਂ ਕਰਨਗੇ। ਆਖ਼ਿਰ ਉਸ ਨੂੰ ਆਪਣੇ ਮਾਤਾ-ਪਿਤਾ ਤੇ ਭੈਣ-ਭਰਾ ਨੂੰ ਵੀ ਕੈਨੇਡਾ ਮੰਗਵਾਉਣਾ ਪਿਆ। ਉਹ ਸੋਚਦਾ ਹੈ, "ਉਸਦਾ ਆਪਣਾ ਮੁਲਕ ਕਿਉਂ ਨਹੀਂ ਉਸ ਨੂੰ ਰੁਜ਼ਗਾਰ ਅਤੇ ਵਧੀਆ ਜੀਵਨ ਦੇ ਸਕਦਾ? ਕੀ ਮੇਰਾ ਬਾਹਰ ਆਉਣਾ ਵੀ ਇਕ ਦੇਸ਼ ਨਿਕਾਲਾ ਸੀ? ਜਾਂ ਫਿਰ ਦੇਸ਼ ਨਾਲ ਗ਼ਦਾਰੀ ਸੀ? ਕੀ ਮੈਂ ਅਤੇ ਮੇਰਾ ਪਰਿਵਾਰ ਵਤਨ ਤੋਂ ਭਗੌੜੇ ਹਾਂ? ਜਾਂ ਇਹ ਸਰਕਾਰਾਂ ਦਾ ਨਿਕੰਮਾ-ਪਣ ਹੈ?" ਬੱਸ ਇਹ ਹੀ ਉਸ ਦਾ ਦੂਸਰਾ ਜਨਮ ਹੈ। ਨਾਵਲ ਪੜ੍ਹਦਿਆਂ ਪਾਠਕ ਬੋਰੀਅਤ ਮਹਿਸੂਸ ਨਹੀਂ ਕਰਦਾ, ਉਸ ਦੀ ਬਿਦੇਸ਼ ਬਾਰੇ ਹੋਰ ਜਾਨਣ ਦੀ ਜਗਿਆਸਾ ਕਾਇਮ ਰਹਿੰਦੀ ਹੈ।

**ਪਤਾ-ਸੰਪਰਕ-98550-84588**



# ਆਧੁਨਿਕ ਔਰਤ ਦੀ ਤ੍ਰਾਸਦਿਕ ਸਥਿਤੀ ਦਾ ਬਿਰਤਾਂਤ: ਕਾਲੀ ਕਥਾ

**-ਡਾ. ਪਰਗਟ ਸਿੰਘ ਟਿਵਾਣਾ**




ਔਰਤ ਬਾਰੇ ਆਦਿ ਕਾਲ ਤੋਂ ਲੈ ਕੇ ਹੁਣ ਤੱਕ ਕਾਫੀ ਕੁਝ ਕਿਹਾ ਗਿਆ ਤੇ ਬਹੁਤ ਕੁੱਝ ਲਿਖਿਆ ਗਿਆ। ਔਰਤ ਬਾਰੇ ਇਤਿਹਾਸ ਦੇ ਹਰ ਦੌਰ 'ਚ ਲਿਖਿਆ ਗਿਆ ਪਰ ਬਹੁਤ ਕੁਝ ਅਜਿਹਾ ਵੀ ਹੈ ਜੋ ਲਿਖਿਆ ਨਹੀਂ ਗਿਆ (ਇਸਦੇ ਕਈ ਕਾਰਣ ਹਨ) ਗੋਰਖ ਨਾਥ ਤੋਂ ਲੈ ਕੇ ਪੀਲੂ ਤੱਕ ਔਰਤ ਬਾਰੇ ਜੋ ਮਰਦ ਦੀ ਸੋਚ ਸੀ ਉਸ ਨੂੰ ਅਸੀਂ ਭਲੀ ਭਾਂਤ ਜਾਣਦੇ ਹਾਂ। ਭਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਔਰਤ ਦੇ ਹੱਕ ਵਿੱਚ ਹਾਅ ਦਾ ਨਾਅਰਾ ਤਾਂ ਮਾਰਿਆ ਪਰ ਉਸ ਦੇ ਪੈਰੋਕਾਰ ਬਾਬੇ ਦੀ ਸੋਚ ਤੇ ਬਹੁਤੇ ਖਰੇ ਨਹੀਂ ਉਤਰੇ। ਜੇਕਰ ਆਧੁਨਿਕ ਸਾਹਿਤ (ਖਾਸ ਤੌਰ ਤੇ ਵੀਹਵੀਂ ਸਦੀ ਤੋਂ) ਦੀ ਗੱਲ ਕਰੀਏ ਤਾਂ ਔਰਤ ਬਾਰੇ ਕਾਫੀ ਕੁਝ ਲਿਖਿਆ ਗਿਆ। ਖਾਸ ਤੌਰ ਤੇ ਕਈ ਲੇਖਿਕਾਵਾਂ ਜਿਵੇਂ ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ, ਦਲੀਪ ਕੌਰ ਟਿਵਾਣਾ, ਵੀਨਾ ਵਰਮਾ, ਪਰਵੇਜ਼ ਸੰਧੂ ਆਦਿ ਨੇ ਔਰਤ ਹੋਣ ਦਾ ਸੰਤਾਪ, ਉਸ ਦੀਆਂ ਸਮੱਸਿਆਵਾਂ, ਰੀਝਾਂ, ਉਮੰਗਾਂ, ਭਾਵਾਂ, ਜਜ਼ਬਿਆਂ, ਹੌਸਲੇ ਨੂੰ ਸ਼ਿੱਦਤ ਨਾਲ ਪੇਸ਼ ਕਰਦਿਆਂ ਉਸਦੀ ਮਾਨਸਿਕ ਸਥਿਤੀ ਨੂੰ ਵਿਭਿੰਨ ਕੋਣਾਂ ਤੋਂ ਦੇਖਣ ਦਾ ਯਤਨ ਕੀਤਾ ਹੈ। ਪਿਛਲੇ ਕੁਝ ਦਹਾਕਿਆਂ ਤੋਂ ਔਰਤ ਦੀ ਬਦਲਦੀ ਸਥਿਤੀ ਬਾਰੇ ਲਿਖਣ ਦਾ ਰੁਝਾਨ ਤਾਂ ਪੈਦਾ ਹੋਇਆ ਪਰ ਇਸ ਵਿਸ਼ੇ ਤੇ ਲਿਖਣ ਲਈ ਲੇਖਿਕਾਵਾਂ ਦੀ ਘਾਟ ਰੜਕਦੀ ਰਹੀ। ਇੰਝ ਵੀ ਕਿਹਾ ਜਾ ਸਕਦਾ ਹੈ ਕਿ ਇਸ ਖੇਤਰ 'ਚ ਇੱਕ ਤਰਾਂ ਨਾਲ ਸੋਕਾ ਹੀ ਪਿਆ ਰਿਹਾ। ਖਾਸ ਤੌਰ ਤੇ ਔਰਤ ਮੁਕਤੀ ਦਾ ਰਾਹ ਦਸੇਰਾ ਬਣਨ ਵਾਲੀਆਂ ਲਿਖਤਾਂ/ ਰਚਨਾਵਾਂ ਦੀ ਘਾਟ ਹੀ ਮਹਿਸੂਸ ਹੋਈ। ਪਿਛਲੇ ਕੁਝ ਸਮੇਂ ਤੋਂ ਕਵਿਤਾ ਦੇ ਖੇਤਰ 'ਚ ਕੁਝ ਨਾਮ ਸਾਹਮਣੇ ਆਏ ਹਨ ਉਹਨਾਂ ਨਾਵਾਂ ਵਿਚ ਇਕ ਉਭਰਦਾ ਨਾਮ 'ਸਿਮਰਤ ਗਗਨ' ਦਾ ਹੈ। ਉਸ ਨੇ 'ਪੰਜ ਇਸ਼ਕ' (ਕਵਿਤਾ, 1998) ਰਾਹੀਂ ਪੰਜਾਬੀ ਸਾਹਿਤ 'ਚ ਦਸਤਕ ਦਿੱਤੀ। 'ਤਸਬੀ' (ਕਵਿਤਾ, 2009) 'ਕੂੰਜ' (ਕਵਿਤਾ 2018) ਰਾਹੀਂ ਆਪਣੀ ਵੱਖਰੀ ਪਹਿਚਾਨ ਕਾਇਮ ਕੀਤੀ।

ਸਿਮਰਤ ਗਗਨ ਨੇ ਕਵਿਤਾ ਤੋਂ ਨਾਵਲ ਵੱਲ ਮੁੜਦਿਆਂ ਆਪਣੇ ਪਹਿਲੇ ਹੀ ਨਾਵਲ ਵਿਚ ਇਕ ਗੰਭੀਰ ਮਸਲੇ ਨੂੰ ਛੋਹਿਆ ਹੈ। ਇਸ ਨਾਵਲ ਰਾਹੀਂ ਅਸੀਂ ਔਰਤ ਦੀ ਉਸ ਸਥਿਤੀ ਦੀ ਪੜਚੋਲ ਕਰਾਂਗੇ ਜਿਸ ਨੂੰ ਆਧੁਨਿਕ ਸਮੇਂ ਦੀ ਪੜ੍ਹੀ ਲਿਖੀ, ਨੌਕਰੀ ਪੇਸ਼ਾ ਔਰਤ ਵੀ ਕਿਹਾ ਜਾਂਦਾ ਹੈ। ਜੋ ਆਤਮ ਨਿਰਭਰ ਅਤੇ ਮਨੁੱਖ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਣ ਦਾ ਦਮ ਭਰਦੀ ਹੈ। ਪਰ ਅਸਲ 'ਚ ਸਾਡੇ ਸਮਾਜ ਵਿਚਲੀ ਔਰਤ ਦੀ ਸਥਿਤੀ ਇੰਨੀ ਵੀ ਸੰਤੋਖ ਜਨਕ ਨਹੀਂ। ਹੁਣ ਦੇ ਦੌਰ ਵਿਚ ਔਰਤ ਦੀ ਸਥਿਤੀ ਵਿਚ ਫੈਸਲਾਕੁੰਨ ਬਦਲਾਅ ਤਾਂ ਜ਼ਰੂਰ ਹੋਇਆ ਹੈ ਪਰ ਕੀ ਇਹ ਬਦਲਾਅ ਸਮਾਜ ਦੇ ਹਰ ਵਰਗ ਦੀ ਔਰਤ ਦੀ ਸਥਿਤੀ ਵਿਚ ਹੋਇਆ ਹੈ ? ਕਿ ਬਦਲਾਅ ਹੋਇਆ ਵੀ ਹੈ ? ਇਹ ਵੀ ਇਕ ਸਵਾਲ ਹੈ। ਅਸਲ 'ਚ ਸਾਡੇ

ਆਧੁਨਿਕ ਕਹਾਉਂਦੇ ਸਮਾਜ ਵਿਚ ਔਰਤ ਦੀ ਸਥਿਤੀ ਉਪਰਲੀ ਸਤਹਿ ਤੋਂ ਦੇਖਿਆਂ ਚੰਗੀ ਤੇ ਸਹਿਜ ਲੱਗਦੀ ਹੈ ਪਰ ਸਮਾਜ 'ਚ ਅੰਦਰੂਨੀ ਹਿੱਸਿਆਂ ਨੂੰ ਘੋਖਿਆਂ ਕਈ ਨਵੇਂ ਪਹਿਲੂ ਸਾਹਮਣੇ ਆਉਂਦੇ ਹਨ। ਸਿਮਰਤ ਗਗਨ ਦਾ ਨਾਵਲ 'ਕਾਲੀ ਕਥਾ' (**ਪ੍ਰਕਾਸ਼ਕ: ਕੈਲੀਬਰ ਪਬਲਿਸ਼ਰਜ਼, ਪਟਿਆਲਾ, ਪੰਨੇ :128, ਮੁੱਲ: 220**) ਔਰਤ ਦੀ ਉਸ ਦਰਦਨਾਕ ਸਥਿਤੀ ਦੀ ਪੇਸ਼ਕਾਰੀ ਕਰਦਾ ਹੈ ਜਿਸ ਨੂੰ ਪੜ੍ਹਦਿਆਂ ਰੌਂਗਟੇ ਖੜੇ ਹੋ ਜਾਂਦੇ ਹਨ। ਅੱਜ ਜਿਸ ਸਮਾਜ ਨੂੰ ਆਧੁਨਿਕ ਤੇ ਨਾਰੀ ਹੱਕਾਂ ਦਾ ਰੱਖਵਾਲਾ ਤੇ ਬਰਾਬਰੀ ਦੇ ਅਧਿਕਾਰਾਂ ਵਾਲੇ ਸਮਾਜ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਉਥੇ ਔਰਤ ਦੀ ਸਥਿਤੀ ਕੀ ਹੈ। ਉਸਦੇ ਵੇਰਵੇ ਲੇਖਿਕਾ ਨਾਵਲ 'ਚ ਬਾਖੂਬੀ ਉਭਾਰਦੀ ਹੈ।

ਧੀ ਨੂੰ ਪਰਾਇਆ ਧਨ ਜਿਹੇ ਲਕਬ ਦਿੱਤੇ ਜਾਂਦੇ ਹਨ। ਇਸਦੇ ਚਲਦਿਆਂ ਹੀ ਵਿਆਹ ਸਮੇਂ ਧੀ ਦੇ ਮਾਪਿਆਂ ਦੁਆਰਾ ਕਰਜਾ ਚੁੱਕ ਦਾਜ/ ਦਹੇਜ ਦੇਣ ਅਤੇ ਸਹੁਰੇ ਪਰਿਵਾਰ ਵੱਲੋਂ ਮੰਗਣ ਦੀ ਰੀਤ/ਪ੍ਰਥਾ ਹੈ। ਪਰ ਅਜੋਕੇ ਸਮੇਂ 'ਚ ਪੜ੍ਹੀ ਲਿਖੀ ਨੌਕਰੀ ਕਰਦੀ ਲੜਕੀ ਦੀ ਸਥਿਤੀ 'ਚ ਵੀ ਕੋਈ ਬਹੁਤ ਸੁਧਾਰ ਦੇਖਣ ਨੂੰ ਨਹੀਂ ਮਿਲ ਰਿਹਾ "ਥੋੜ੍ਹਾ ਢੰਗ ਬਦਲ ਗਿਆ ਹੈ ਦਾਜ ਲੈਣ ਦਾ। ਹੁਣ ਪੜ੍ਹੀ ਲਿਖੀ ਕਮਾਊ ਰਾਣੀ ਕੁੜੀ ਨੂੰ ਲਸ਼ਮੀ ਕਹਿ ਕੇ ਵਿਆਹ ਲੈਂਦੇ ਤੇ ਬਾਈ ਬਣਾ ਕੇ ਰੱਖ ਲੈਂਦੇ।"[1] ਨਾਵਲ ਦੀ ਮੈਂ ਪਾਤਰ ਦਾ ਅੰਤਰ ਜਾਤੀ ਵਿਆਹ ਹੁੰਦਾ ਹੈ। ਜਿਸ ਨੂੰ ਉਸਦੀ ਮਾਂ ਦੁਆਰਾ 'ਸਹੁਰੇ ਘਰ ਵਸੱਣਾ ਹੀ ਹੈ' ਦਾ ਗੁਰ ਸਿਖਾਇਆ ਜਾਂਦਾ ਹੈ। ਸਹੁਰੇ ਘਰ ਦੇ ਹਲਾਤ ਅਜਿਹੇ ਹਨ ਕਿ ਉਥੇ ਇਨਸਾਨੀਅਤ, ਚਰਿੱਤਰ ਆਦਿ ਲਈ ਕੋਈ ਥਾਂ ਨਹੀਂ। ਘਰ ਦੇ ਸਾਰੇ ਮੈਂਬਰ ਜਿਵੇਂ:- ਸੱਸ, ਸਹੁਰਾ, ਨਣਦ, ਦਿਉਰ ਸਮੇਤ ਪਤੀ ਸਾਰੇ ਹੀ ਉਸਨੂੰ ਇਕ ਵਸਤ ਤੋਂ ਵੱਧ ਤਰਜੀਹ ਨਹੀਂ ਦਿੰਦੇ ਸਗੋਂ ਸਾਰੇ ਹੀ ਉਸਨੂੰ ਸਿਰਫ ਇਕ ਵਸਤੂ ਵੱਜੋਂ ਵਰਤਦੇ ਹਨ। ਮੈਂ ਪਾਤਰ ਆਪਣੇ ਪਿਉ ਦੀ ਇਕ ਕਮਾਊ ਪੜ੍ਹੀ ਲਿਖੀ ਧੀ ਹੈ ਜਿਸਨੂੰ ਵਿਰਸੇ ਵਿਚ ਮਿਹਨਤ ਕਰਨ ਦਾ ਵੱਲ ਅਤੇ ਸੰਸਕਾਰ ਮਿਲੇ ਹੁੰਦੇ ਹਨ। ਇਨ੍ਹਾਂ ਪਿੱਤਰੀ ਸੰਸਕਾਰਾਂ ਦੀ ਬਦੌਲਤ ਉਹ ਹਰ ਇਕ ਮੁਸ਼ਕਿਲ ਹਲਾਤ ਦਾ ਸਾਹਮਣਾ ਕਰਦੀ ਦੁਖਦਾਈ ਸਥਿਤੀਆਂ ਹੰਢਾਉਂਦੀ ਹੈ।

ਮਰਦ ਪ੍ਰਧਾਨ ਸਮਾਜ ਵਿਚ ਔਰਤ ਦੀ ਹੋਂਦ ਇਸ ਕਦਰ ਤ੍ਰਿਸਕਾਰਤ ਹੈ ਕਿ ਜੇਕਰ ਮਰਦ 'ਚ ਬੱਚਾ ਪੈਦਾ ਕਰਨ ਦੀ ਸਮਰੱਥਾ ਨਾ ਹੋਵੇ ਤਾਂ ਮਰਦ ਦੀ ਕਮਜ਼ੋਰੀ ਨੂੰ ਛੁਪਾ ਕੇ ਇਸ ਲਈ ਵੀ ਔਰਤ ਨੂੰ ਜ਼ਿੰਮੇਵਾਰ ਬਣਾਇਆ ਜਾਂਦਾ ਹੈ। ਅਜਿਹੇ ਸਮੇਂ 'ਚ ਕਈ ਵਾਰ ਔਰਤ ਨੂੰ ਆਪਣੀ ਮਰਜ਼ੀ ਦੇ ਵਿਰੁੱਧ ਉਹ ਕੰਮ ਕਰਨ ਲਈ ਵੀ ਮਜ਼ਬੂਰ ਕੀਤਾ ਜਾਂਦਾ ਹੈ ਜੋ ਉਸ ਦੀ ਸੋਚ ਤੋਂ ਕੋਹਾਂ ਦੂਰ ਹੁੰਦਾ ਹੈ। ਜਿਵੇਂ ਨਾਵਲ'ਚ ਮਹਿਰੀ ਕਰਮੋਂ ਨਾਲ ਵਾਪਰਦਾ ਹੈ, "ਜਦੋਂ ਮੇਰੇ ਘਰੇ ਪਹਿਲੋਂ ਪਹਿਲ ਬਾਲ ਨਹੀਂ ਸੀ ਹੁੰਦਾ ਤਾਂ ਵੰਨ-ਸੁਵੰਨੇ ਬਾਬਿਆਂ ਕੋਲ ਲੈ ਜਾਂਦੇ, ਕੋਈ ਬਾਬਾ ਕਹਿੰਦਾ, "ਆ ਪੂਰਾ ਲੱਡੂ ਲੰਘਾ, ਲਾਚੀ ਪਾ ਕੇ।" ਮੇਰੀਆਂ ਅੱਖਾਂ ਬਾਹਰ ਆ ਜਾਣੀਆਂ।... ਹੱਦ ਹੋਈ, ਇਕ ਬਾਬਾ ਕਹਿੰਦਾ, "ਰਾਤ ਡੇਰੇ 'ਚ ਰਹਿ ਕੇ ਸਰੋਵਰ ਦੀ ਸੇਵਾ ਕਰੇ ਨਵੀਂ ਵਹੁਟੀ, ਬੰਦ ਟਿਊਬਾਂ ਖੁੱਲ੍ਹ ਜਾਣਗੀਆਂ।"[2] ਨਾਵਲ 'ਚ ਮੈਂ ਪਾਤਰ ਬਿਰਤਾਂਤ ਸਿਰਜਦਿਆਂ ਕਈ ਸਹਿਯੋਗੀ ਕਹਾਣੀਆਂ ਮੂਲ ਨਾਲ ਜੋੜਦਿਆਂ ਔਰਤ ਦਰਦ ਦੀ ਗੰਭੀਰਤਾ ਨੂੰ ਬਹੁਤ ਹੀ ਮਾਰਮਿਕ ਨਜ਼ਰੀਏ ਤੋਂ ਪੇਸ਼ ਕਰਦੀ ਹੈ। ਮੈਂ ਪਾਤਰ ਦੀ ਕੁਲੀਗ ਦਾ ਪਤੀ ਜਦੋਂ ਬੱਚਾ ਪੈਦਾ ਕਰਨ ਦੇ ਸਮਰੱਥ ਨਹੀਂ ਹੁੰਦਾ ਤਾਂ ਉਸ ਨਾਲ ਇੰਝ ਵਾਪਰਦਾ ਹੈ।

"ਮੇਰੇ ਬੱਚਾ ਨਹੀਂ ਸੀ ਠਹਿਰ ਰਿਹਾ, ਪਤਾ ਲੱਗਾ ਕਿ ਮੇਰੇ ਪਤੀ ਦੇ ਸਪਰਮ ਬੇਕਾਰ ਨੇ, ਮੇਰੇ ਸਹੁਰੇ ਨੂੰ ਸਭ ਪਤਾ ਸੀ। ਇਕ ਮਹੀਨਾ,ਦੋ ਮਹੀਨੇ ...ਸੱਤਵੇਂ ਮਹੀਨੇ ਮੇਰਾ ਸਹੁਰਾ ਮੇਰੇ ਕਮਰੇ ਵਿਚ ਆਇਆ, ਮੇਰੇ ਨਾਲ ਜੁੜ ਕੇ ਬੈਠ ਗਿਆ। ਪਤੀ ਮੇਰਾ ਪਾਸਾ ਮੋੜ ਕੇ ਸੁਤਾ ਪਿਆ ਸੀ। ਕਹਿੰਦਾ, "ਰੰਨੇ ਜੇ ਮੇਰੇ ਪੁੱਤ ਦੇ ਬੀ ਕੰਮ ਨਹੀਂ ਕਰਦੇ ਤਾਂ, ਮੇਰੇ ਤਾਂ ਕਰਦੇ ਨੇ।"[3]



ਔਰਤ ਜਿਸ ਤੋਂ ਚੰਗੇ ਚਰਿੱਤਰ ਦੀ ਧਾਰਣੀ ਹੋਣ ਦੀ ਆਸ ਕੀਤੀ ਜਾਂਦੀ ਹੈ ਅਤੇ ਕਈ ਤਰ੍ਹਾਂ ਦੀਆਂ ਬੰਦਿਸ਼ਾ ਲਗਾਕੇ ਜਿਊਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਉਥੇ ਬਦਲੇ ਹਲਾਤਾਂ ਵਿਚ ਕਈ ਵਾਰ ਉਸਨੂੰ ਹੋਰ ਮਰਦ ਨਾਲ ਸਬੰਧ ਬਣਾਉਣ ਲਈ ਵੀ ਮਜ਼ਬੂਰ ਕੀਤਾ ਜਾਂਦਾ ਹੈ ਤਾਂ ਜੋ ਉਹ (ਮਰਦ) ਖੁਦ ਨਾਮਰਦ ਹੋਣ ਦੇ ਧੱਬੇ/ਦਾਗ ਤੋਂ ਬਚ ਸਕੇ। ਅਸਲ ਵਿਚ ਸਾਡੇ ਅਖੌਤੀ ਬਰਾਬਰੀ ਵਾਲੇ ਸਮਾਜ ਵਿਚ ਔਰਤ ਦੀ ਆਪਣੀ ਮਰਜ਼ੀ/ਹਸਤੀ ਕੁਝ ਵੀ ਨਹੀਂ ਹੁੰਦੀ ਉਸਨੂੰ ਤੁੱਛ ਹੀ ਸਮਝਿਆ ਜਾਂਦਾ ਹੈ। ਔਰਤ ਦੀ ਸਥਿਤੀ ਇਸ ਕਦਰ ਬਦ ਤੋਂ ਬਦੱਤਰ ਹੋ ਰਹੀ ਹੈ ਕਿ ਉਹੀ ਮਰਦ ਜੋ ਔਰਤ ਨੂੰ ਸਵੀ ਸਵਿੱਤਰੀ ਵੱਜੋਂ ਦੇਖਦਾ ਉਸ ਨੂੰ ਘਰ ਤੋਂ ਬਾਹਰ ਪੈਰ ਧਰਨ ਲਈ ਮਨ੍ਹਾਂ ਕਰਦਾ ਹੈ ਉਹੀ ਇਨਸਾਨ ਆਪਣੇ ਖਰਚਿਆਂ ਅਤੇ ਗੈਰ ਜ਼ਰੂਰੀ ਲੋੜਾਂ ਨੂੰ ਪੂਰੀਆਂ ਕਰਨ ਲਈ ਆਪਣੀ ਪਤਨੀ ਨੂੰ ਬੇਗਾਨੇ ਮਰਦ ਸਾਹਮਣੇ ਪੇਸ਼ ਕਰ ਦਿੰਦਾ ਹੈ। "ਉਹ ਭੈਣ ਚੋ ਉਹ ਜਦੋਂ ਆਉਂਦਾ ਦੋ-ਤਿੰਨ ਸੌ ਰੁਪਈਆ ਖਰਚ ਕਰਕੇ ਜਾਂਦਾ-ਤੈਨੂੰ ਵੇਖਣ ਨਾਲ ਤੂੰ ਕਮਜ਼ਾਤ ਔਰਤ, ਖੁਰ ਜਾਨੀ ਐਂ? ਤੈਨੂੰ ਹੱਥ ਵੀ ਨਹੀਂ ਲਾਉਂਦਾ, ਤੈਨੂੰ ਕੁਝ ਮੂੰਹੋਂ ਨਹੀਂ ਬੋਲਦਾ-ਤੂੰ ਜੋ ਮਰਜ਼ੀ ਭੌਂਕੀ ਜਾਨੀ ਐਂ।"[4]

ਨਾਵਲ ਦੀ ਮੈਂ ਪਾਤਰ ਨਾਲ ਜਦੋਂ ਰਾਤ ਨੂੰ ਦਿਉਰ ਗਲਤ ਹਰਕਤਾਂ ਕਰਦਾ ਹੈ ਤਾਂ ਉਹ ਉਸ ਦਾ ਵਿਰੋਧ ਕਰਦੀ ਹੈ ਪਰ ਮਰਦ ਦੀ ਹਾਊਮੈ ਗ੍ਰਸਤ ਸੋਚ ਉਲਟਾ ਔਰਤ ਨੂੰ ਹੀ ਦਬਾਉਣ ਦੀ ਕੋਸ਼ਿਸ ਕਰਦੀ ਹੈ। "ਚੁੱਪ ਵੱਟ ਲੈ ਹੁਣ, ਤੇਰਾ ਕਿਸੇ ਨੇ ਯਕੀਨ ਨਹੀਂ ਕਰਨਾ। ਅਗਲੇ ਦਿਨ ਸਵੇਰੇ ਮੇਰਾ ਸਤਾਰਾਂ ਸਾਲ ਦਾ 'ਨਿੱਕਾ ਜਿਹਾ' ਦਿਉਰ ਮੇਰੇ ਕਮਰੇ 'ਚ ਆਇਆ ਤੇ ਆਪਣੀ ਪੈਂਟ ਦੀ ਜਿੱਪ ਮੇਰੇ ਸਾਹਮਣੇ ਬੰਦ ਕਰਦਾ ਬੋਲਿਆ, "ਓ ਭਾਬੀ ਜਾਨ, ਚੰਗੀ ਰਹੇਂਗੀ ਮੂੰਹ ਬੰਦ ਰੱਖੀਂ, ਵਰਨਾ ਤੇਰੀ ਹੀ ਬੇਇਜ਼ਤੀ ਹੋਊ।"[5] ਹਲਾਤਾਂ ਦਾ ਸਿਤਮ ਇਹ ਹੈ ਕਿ ਇਕ ਪਾਸੇ ਦਿਊਰ ਉਸ ਨਾਲ ਗਲਤ ਹਰਕਤਾਂ ਕਰਦਾ ਹੈ ਉਥੇ ਉਸਦਾ ਆਪਣਾ ਪਤੀ ਆਪਣੇ ਘਰ ਕੰਮ ਕਰਨ ਵਾਲੀ ਔਰਤ ਨਾਲ ਸਰੀਰਕ ਸਬੰਧ ਹੰਢਾਉਂਣਾ ਇਕ ਤਰਾਂ ਨਾਲ ਆਪਣਾ ਅਧਿਕਾਰ ਸਮਝਦਾ ਹੈ।

ਸਹੁਰੇ ਘਰ ਦਾ ਸਾਰਾ ਖਰਚ ਆਪਣੇ ਸਿਰ ਉਪਰ ਚੁੱਕਣ ਅਤੇ ਸਹੁਰਾ ਘਰ ਦੇ ਸਾਰੇ ਕਰਜ਼ ਉਤਾਰਨ ਅਤੇ ਉਸ ਘਰ ਦੇ ਸਾਰੇ ਮੈਂਬਰਾਂ ਨੂੰ ਜ਼ਿੰਦਗੀ ਦੀਆਂ ਸਾਰੀਆਂ ਮੁੱਢਲੀਆਂ ਸੁੱਖ ਸਹੂਲਤਾਂ ਦੇਣ ਦੇ ਬਾਵਜੂਦ ਵੀ ਉਸ ਨੂੰ ਘਰ ਵਿੱਚ ਤ੍ਰਿਸਕਾਰਿਆ ਜਾਂਦਾ ਹੈ। ਅਜਿਹੇ ਹਲਾਤਾਂ ਵਿਚ ਮੈਂ ਪਾਤਰ ਸਹੁਰਾ ਘਰ ਛੱਡ ਕੇ ਪੇਕੇ ਮਾਂ ਪਿਉ ਦੇ ਘਰ ਰਹਿਣ ਲੱਗ ਜਾਂਦੀ ਹੈ। ਪਰ ਸਹੁਰਾ ਪਰਿਵਾਰ ਖਾਸ ਤੌਰ ਤੇ ਸਹੁਰਾ ਉਥੇ ਵੀ ਉਸ ਦਾ ਪਿੱਛਾ ਨਹੀਂ ਛੱਡਦਾ ਸਗੋਂ ਉਸ ਦੇ ਮਾਂ ਪਿਉ ਨੂੰ ਗਾਲੀ ਗਲੋਚ ਕਰਕੇ ਬਦਨਾਮ ਕਰਨ ਤੱਕ ਚਲਾ ਜਾਂਦਾ ਹੈ। ਮੈਂ ਪਾਤਰ ਦੇ ਦਿਉਰ ਦਾ ਨਸ਼ੇੜੀ ਹੋਣਾ ਅਤੇ ਉਸ ਦੀ ਧੀ ਨਾਲ ਗਲਤ ਹਰਕਤਾਂ ਕਰਨ ਤੇ ਸੱਸ ਦੁਆਰਾ ਹਰ ਸਮੇਂ ਆਪਣੇ ਪੁੱਤ ਦਾ ਪੱਖ ਪੂਰਨਾ ਉਹ ਵਰਤਾਰਾ ਹੈ। ਜੋ ਸਾਡੇ ਸਮਾਜ ਵਿਚ ਮਰਦ ਦੀ ਸੱਤਾ ਸਥਾਪਤ ਕਰਨ ਦਾ ਪੱਖ ਪੂਰਦਾ ਹੈ। ਮਰਦ ਦੀ ਸੱਤਾ ਸਥਾਪਤੀ'ਚ ਅਕਸਰ ਔਰਤ ਦਾ ਵੀ ਅਹਿਮ ਰੋਲ ਹੁੰਦਾ ਹੈ। ਉਹ ਮਰਦ ਦੀਆਂ ਗਲਤੀਆਂ ਉਪਰ ਪਰਦਾ ਪਾ ਕੇ ਔਰਤ ਨੂੰ ਚੁੱਪ ਰਹਿਣ ਲਈ ਕਹਿੰਦੀ ਮਰਦ ਦੇ ਹੱਕ 'ਚ ਭੁਗਤਦੀ ਹੈ।


ਉਪਰੋਕਤ ਦੁੱਖ-ਦਰਦ, ਸੰਤਾਪ, ਹੇਰਵੇ, ਮਾਨਸਿਕ ਲੋੜਾਂ, ਥੁੜਾਂ ਜੀਵਨ ਸੰਘਰਸ਼ ਆਦਿ ਪੰਜਾਬੀ ਸਮਾਜ 'ਚ ਵਿਚਰਦੀ ਔਰਤ ਦੀ ਹੋਣੀ ਹੈ। ਲੇਖਿਕਾ ਨੇ ਇਹਨ੍ਹਾਂ ਸਾਰੇ ਵਰਤਾਰਿਆਂ ਨੂੰ ਬਹੁਤ ਹੀ ਸੰਵੇਦਨਾਮਈ ਅਤੇ ਬੋਲਡ/ਦਬੰਗ ਨਜ਼ਰੀਏ ਤੋਂ ਚਿਤਰਿਆ/ਲਿਖਿਆ ਹੈ। ਪੰਜਾਬੀ ਸਾਹਿਤ ਵਿਚ ਔਰਤ ਮਰਦ ਦੇ ਜਿਨਸੀ ਸਬੰਧਾਂ ਅਤੇ ਔਰਤ ਦੀ ਹਾਸ਼ੀਆਗਤ ਸਥਿਤੀ ਬਾਰੇ ਕਾਫੀ ਕੁਝ ਲਿਖਿਆ ਗਿਆ ਹੈ ਅਤੇ ਲਿਖਿਆ ਜਾ ਰਿਹਾ ਹੈ। ਇਸੇ ਤਰਾਂ ਇਸ ਨਾਵਲ ਵਿਚ ਵੀ ਔਰਤ ਦੀ ਦੁਖਦਾਇਕ

ਸਥਿਤੀ ਦੇ ਵੇਰਵੇ ਤਾਂ ਉਪਲਬੱਧ ਹਨ ਪਰ ਇੰਝ ਲੱਗਦਾ ਹੈ ਕਿ ਲੇਖਿਕਾ ਨੇ ਯਥਾਰਥਕ ਸਥਿਤੀ ਪੇਸ਼ ਕਰਨ ਦੀ ਹੋਣ ਤਹਿਤ ਨਾਕਾਰਾਤਮਕ ਵੇਰਵੇ ਜ਼ਿਆਦਾ ਪੇਸ਼ ਕਰ ਦਿੱਤੇ ਹੋਣ। ਸਮਾਜਕ ਯਥਾਰਥਕ ਦਾ ਨਾਕਾਰਾਤਮ ਪੱਖ ਪੇਸ਼ ਕਰਨਾ ਅੱਜ ਦੇ ਗਲਪ ਸਾਹਿਤ ਦਾ ਅਹਿਮ ਹਿੱਸਾ ਬਣਦਾ ਜਾ ਰਿਹਾ ਹੈ। ਪੜ੍ਹੀ ਲਿਖੀ ਨੌਕਰੀ ਪੇਸ਼ਾ ਕਮਾਊ, ਸੰਸਕਾਰੀ ਔਰਤ ਖਾਸ ਹੱਦ ਤੱਕ ਤਾਂ ਜਬਰ ਜ਼ੁਲਮ ਸਹਿਣ ਕਰ ਸਕਦੀ ਹੈ ਪਰ ਹੱਦ ਤੋਂ ਗੁਜ਼ਰ ਜਾਣਾ ਨਾਵਲ ਵਿਚ ਸਹਿਜ ਵਰਤਾਰਾ ਨਹੀਂ ਲੱਗਦਾ। ਅਜੋਕੇ ਸਾਹਿਤ ਵਿਚ ਔਰਤ ਦਾ ਸੰਘਰਸ਼ 'ਚ ਕੁੱਦਣਾ, ਆਪਣੇ ਹੱਕਾਂ ਲਈ ਜੂਝਣਾ, ਲੜਨਾ, ਅਜ਼ਾਦ ਜ਼ਿੰਦਗੀ ਜਿਊਣ ਦੇ ਰਾਹ ਤਲਾਸ਼ਣਾ ਗਾਇਬ ਹੋ ਚੁੱਕਾ ਹੈ। ਉਹੀ ਘਾਟ ਇਸ ਨਾਵਲ 'ਚ ਰੜਕਦੀ ਹੈ। ਜਦੋਂਕਿ ਸਾਹਿਤ ਦਾ ਮਕਸਦ ਵੀ (ਮੇਰੀ ਸੀਮਤ ਬੁੱਧੀ ਅਨੁਸਾਰ) ਯਥਾਰਥ ਸਿਰਜਦਿਆਂ ਸਿਰਫ ਕਰੂਰ ਸਥਿਤੀਆਂ ਦੀ ਪੇਸ਼ਕਾਰੀ ਕਰਨ ਤੱਕ ਸੀਮਤ ਰਹਿਣ ਦੀ ਬਜਾਏ ਸੰਘਰਸ਼ ਲਈ ਰਾਹ ਦਸੇਰਾ ਬਣਨਾ ਵੀ ਜ਼ਰੂਰੀ/ ਲਾਜ਼ਮੀ ਹੁੰਦਾ ਹੈ।

**ਹਵਾਲੇ ਅਤੇ ਟਿੱਪਣੀਆਂ:-**



1. ਸਿਮਰਤ ਗਗਨ, ਕਾਲੀ ਕਥਾ, ਕੈਲੀਬਰ ਪਬਲੀਕੇਸ਼ਨਜ਼, ਪਟਿਆਲਾ, 2018 ਪੰਨਾ-85
2. ਉਹੀ, ਪੰਨਾ -51
3. ਉਹੀ, ਪੰਨਾ-70
4. ਉਹੀ, ਪੰਨਾ-144
5. ਉਹੀ, ਪੰਨਾ 38


**ਪਤਾ-94638-74394**






# ਰੂਹ 'ਤੇ ਉਕਰੇ ਚਿੱਤਰ - ਇਕ ਅਧਿਐਨ/- ਸੁਰਿੰਦਰ ਸੋਹਲ




'ਰੂਹ 'ਤੇ ਉਕਰੇ ਚਿੱਤਰ' ( **ਪ੍ਰਕਾਸ਼ਕ: ਗਰੇਸ਼ੀਅਸ ਬੁੱਕ, ਪਟਿਆਲਾ, ਮੁੱਲ:** 225, **ਪੰਨੇ** :231) ਪ੍ਰੋ. ਹਰਭਜਨ ਸਿੰਘ ਦੀਆਂ ਚੋਣਵੀਆਂ ਕਹਾਣੀਆਂ ਦਾ ਸੰਗ੍ਰਹਿ ਹੈ। ਉਸਦੀ ਜੀਵਨ-ਘਾਲਣਾ, ਅਗਾਂਹ-ਵਧੂ ਸੋਚ, ਵਿਸ਼ੇਸ਼ ਵਿਚਾਰਧਾਰਾ ਅਧੀਨ ਸਮਾਜਿਕ ਵਰਤਾਰੇ ਨੂੰ ਦੇਖਣ-ਸਮਝਣ ਦੀ ਸਮੱਰਥਾ ਅਤੇ ਨਿਵੇਕਲੀ ਜੀਵਨ-ਦ੍ਰਿਸ਼ਟੀ ਆਦਿ ਨੂੰ ਰੂਪਮਾਨ ਕਰਦੀ ਇਹ ਮਹੱਤਵਪੂਰਨ ਪੁਸਤਕ ਹੈ। ਇਹਨਾਂ ਕਹਾਣੀਆਂ ਵਿਚ ਮਨੁੱਖ ਦਾ ਸਵੈ ਨਾਲ ਪੇਚੀਦਾ ਸੰਬੰਧ, ਮਨੁੱਖ ਦਾ ਮਨੁੱਖ ਨਾਲ ਗੁੰਝਲਦਾਰ ਰਿਸ਼ਤਾ, ਮਨੁੱਖ ਦਾ ਸਮਾਜ ਨਾਲ ਕਸ਼ਮਕਸ਼ ਵਾਲਾ ਵਰਤਾਰਾ, ਇਸ ਸਮਾਜਿਕ ਵਰਤਾਰੇ ਦੀ ਅਮਰੀਕਾ ਵਰਗੇ ਵਿਕਸਤ ਮੁਲਕ ਵਿਚ ਹੋਂਦ ਅਤੇ ਵਿਕਸਤ ਮੁਲਕ ਦੇ ਦੁਨੀਆ ਨਾਲ ਸੰਬੰਧਿਤ ਸਰੋਕਾਰ ਕਹਾਣੀਕਾਰ ਨੇ ਆਪਣੇ ਵਿਵੇਕ ਤੇ ਸਮੱਰਥਾ ਨਾਲ ਗਲਪੀ ਪ੍ਰਿਜ਼ਮ ਥਾਣੀਂ ਲੰਘਾ ਕੇ ਕਹਾਣੀਆਂ ਵਿਚ ਪੇਸ਼ ਕੀਤੇ ਹਨ।

ਸਾਰੀ ਉਮਰ ਇਕ ਵਿਚਾਰਧਾਰਾ ਦੇ ਲੇਖੇ ਲਾਉਣ ਤੋਂ ਬਾਦ ਵੀ ਕਹਾਣੀਕਾਰ ਹੰਭਿਆ-ਹੁੱਟਿਆ, ਥਿੜਕਿਆ-ਹਾਰਿਆ, ਨਿਰਾਸ਼-ਉਦਾਸ ਦਿਖਾਈ ਨਹੀਂ ਦਿੰਦਾ, ਸਗੋਂ ਵਧੇਰੇ ਜਲੌਅ ਨਾਲ ਆਪਣੇ ਵਿਚਾਰਾਂ ਦਾ ਸਮਰਥਨ ਕਰਦਾ ਪ੍ਰਤੀਤ ਹੋ ਰਿਹਾ ਹੈ। 'ਮਨੁੱਖ' ਉਸਦੀਆਂ ਕਹਾਣੀਆਂ ਦਾ ਕੇਂਦਰ ਬਿੰਦੂ ਹੈ ਅਤੇ ਮਨੁੱਖ ਦੇ ਚੰਗੇਰੇ ਜੀਵਨ ਦੀ ਪ੍ਰਾਪਤੀ ਲਈ ਸੰਘਰਸ਼ ਵਾਸਤੇ ਪ੍ਰੇਰਿਤ ਕਰਨਾ ਉਸਦੀਆਂ ਕਹਾਣੀਆਂ ਦਾ ਉਦੇਸ਼।

ਸਪੱਸ਼ਟਤਾ ਉਸਦੀਆਂ ਕਹਾਣੀਆਂ ਦਾ ਵਿਲੱਖਣ ਗੁਣ ਹੈ। ਸਪੱਸ਼ਟਤਾ ਦੇ ਸ਼ੀਸ਼ੇ ਵਿਚ ਦੀ ਸ਼ੋਸ਼ਿਤ ਧਿਰ ਨਾਲ ਖੜ੍ਹਾ ਉਹ ਸਾਫ਼ ਦਿਖਾਈ ਦਿੰਦਾ ਹੈ। ਉਸਦੀ ਸ਼ੈਲੀ ਕਾਵਿਕ ਹੈ ਤੇ ਪਕੜ ਵਿਚ ਆਉਣ ਵਾਲੀ ਹੈ। ਉਹ ਪ੍ਰਤੀਕਾਂ, ਚਿੰਨ੍ਹਾਂ, ਇਸ਼ਾਰਿਆਂ ਦਾ ਸਹਾਰਾ ਵੀ ਲੈਂਦਾ ਹੈ ਪਰ ਆਪਣੇ ਮਕਸਦ ਵਿਚ ਧੁੰਦਲਾਪਨ ਨਹੀਂ ਆਉਣ ਦਿੰਦਾ। ਮਿਸਾਲ ਵਜੋਂ ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਮੈਂ, ਬਾਜ਼ ਤੇ ਸਰਸਵਤੀ' ਪਰਖੀ ਜਾ ਸਕਦੀ ਹੈ। 'ਬਾਜ਼' ਇਨਕਲਾਬੀ ਵਿਅਕਤੀ ਦਾ ਪ੍ਰਤੀਕ ਹੈ ਤੇ ਉਸਦੀ ਉਡਾਰੀ ਸੰਘਰਸ਼ ਦਾ। 'ਸਰਸਵਤੀ' ਨਦੀ ਇਨਕਲਾਬੀ ਲਹਿਰ ਵੱਲ ਇਸ਼ਾਰਾ ਹੈ। ਹਉਮੈਂ ਤੇ ਸੁਆਰਥੀ ਅਨਸਰਾਂ ਕਾਰਨ ਇਹ ਸਰਸਵਤੀ ਨਦੀ (ਇਨਕਲਾਬੀ ਲਹਿਰ) ਸੁੱਕ ਗਈ ਹੈ। ਜਲ-ਪਰੀ (ਇਨਕਲਾਬ) ਬਾਜ਼ ਤੋਂ ਵਿਛੜ ਗਈ ਹੈ। ਸੰਘਰਸ਼ਮਈ ਉਡਾਣਾਂ ਭਰਦਾ-ਭਰਦਾ ਬਾਜ਼ ਭਾਵੇਂ ਬੁੱਢਾ ਹੋ ਗਿਆ ਹੈ ਪਰ ਉਸ ਨੇ ਜਲ-ਪਰੀ ਦਾ ਸੁਪਨਾ ਲੈਣਾ ਨਹੀਂ ਛੱਡਿਆ। ਸੁੱਕੀ ਸਰਸਵਤੀ ਵਿਚ ਆਸ਼ਾ ਦਾ ਪਾਣੀ ਲਿਆ ਕੇ ਇਸ ਨੂੰ ਫਿਰ ਕਲ-ਕਲ ਦੇ ਸੰਗੀਤ ਨਾਲ ਭਰਨ ਵਾਸਤੇ ਬਾਜ਼ ਹਿਮਾਲਿਆ ਪਰਬਤ ਤੋਂ ਪਾਣੀ ਲੈਣ ਲਈ ਉਡਾਰੀ ਭਰ ਲੈਂਦਾ ਹੈ।

ਸਰਸਵਤੀ ਏਥੇ  ਵਿਦਿਆ ਦੀ 'ਦੇਵੀ' ਦੇ ਪ੍ਰਤੀਕ ਵਜੋਂ ਵੀ ਉਜਾਗਰ ਹੁੰਦੀ ਹੈ। ਗਿਆਨ ਹੀ ਅਜਿਹਾ ਸੂਰਜ ਹੈ ਜਿਸਦੀ ਰੌਸ਼ਨੀ ਵਿਚ ਸਵੈ-ਪੜਚੋਲ ਕਰਕੇ ਮਨ ਦੇ ਹਨ੍ਹੇਰੇ ਭਜਾ ਕੇ ਸੁਨਹਿਰੀ ਭਵਿੱਖ ਸਿਰਜਿਆ ਜਾ ਸਕਦਾ ਹੈ।

'ਪਾਰਦਰਸ਼ੀ' ਕਹਾਣੀ ਦਾ ਮੁਹਾਂਦਰਾ ਕਿਸੇ ਕਾਵਿ-ਨਾਟ ਦੇ ਅੰਕ ਵਰਗਾ ਹੈ। ਇਸ ਦਾ ਪਾਠ ਕਰਦਿਆਂ ਇਸਨੂੰ ਪਾਠਕ ਦੇ ਨਾਲ਼-ਨਾਲ਼ ਦਰਸ਼ਕ ਵਜੋਂ ਵੀ ਮਾਣਿਆ ਜਾ ਸਕਦਾ ਹੈ। ਕਹਾਣੀ ਦਾ ਸਾਰਾ ਵਰਤਾਰਾ ਰੰਗ-ਮੰਚ 'ਤੇ ਘਟਿਤ ਹੁੰਦਾ ਦਿਖਾਈ ਦਿੰਦਾ ਹੈ। ਖ਼ੂਬਸੂਰਤ ਫ਼ੈਂਟਸੀ ਦੀ ਮਿਸਾਲ ਇਹ ਕਹਾਣੀ ਚਿੰਨ੍ਹਾਂ, ਪ੍ਰਤੀਕਾਂ, ਇਸ਼ਾਰਿਆਂ ਦੇ ਜ਼ਰੀਏ ਆਪਣਾ ਸਾਰਥਕ ਸੁਨੇਹਾ ਪਾਠਕ ਤੱਕ ਪਹੁੰਚਾਉਣ ਵਿਚ ਕਾਮਯਾਬ ਰਹੀ ਹੈ। ਕਹਾਣੀ ਦੇ ਪਲਾਟ ਵਿਚ ਸਾਇੰਸ ਏਨੀ ਤਰੱਕੀ ਕਰ ਗਈ ਹੈ ਕਿ ਉਹ ਦਿਲੋ-ਦਿਮਾ.ਗ ਵਿਚ ਅੰਕਿਤ ਹੋ ਗਈਆਂ ਯਾਦਾਂ ਸਕਰੀਨ 'ਤੇ ਦੇਖ ਸਕਦੀ ਹੈ। ਇਸ ਜੁਗਤ ਨਾਲ਼ ਲੇਖਕ ਦੁਨੀਆ ਭਰ ਵਿਚ ਹੁੰਦੇ ਜ਼ੁਲਮ ਦੀ ਤਸਵੀਰਕਸ਼ੀ ਬੜੇ ਕਮਾਲ ਨਾਲ ਕਰ ਜਾਂਦਾ ਹੈ।

'ਮੁਰਦਾ ਜਿਸਮ' ਮੁਰਦਾ ਹੋ ਗਈਆਂ ਜਾਂ ਹੋ ਰਹੀਆਂ ਕਦਰਾਂ-ਕੀਮਤਾਂ ਦੇ ਚਿੰਨ੍ਹ ਵਜੋਂ ਉਜਾਗਰ ਹੁੰਦਾ ਹੈ। ਇਸ ਵਿਚ ਰੂਹ ਫੂਕਣ ਵਾਸਤੇ ਰੌਸ਼ਨ-ਦਿਮਾ.ਗ ਲੋਕ ਯਤਨਸ਼ੀਲ ਹਨ। ਵਿਡੰਬਨਾ ਇਹ ਵੀ ਹੈ ਕਿ ਰੌਸ਼ਨ-ਦਿਮਾ.ਗ ਲੋਕਾਂ ਵਿਚ ਉਹ ਲੋਕ ਵੀ ਘੁਸ-ਪੈਠ ਕਰ ਗਏ ਹਨ ਜਿਹੜੇ ਬੀਮਾਰ-ਮਾਨਸਿਕਤਾ ਦਾ ਸ਼ਿਕਾਰ ਹਨ। ਬੀਮਾਰ-ਮਾਨਸਿਕਤਾ ਪੇਸ਼ ਕਰਦਾ ਪਾਤਰ ਬਾਥਰੂਮ ਵਿਚ ਜਾ ਕੇ ਛਿੱਕਾਂ ਹੀ ਮਾਰਦਾ ਰਹਿੰਦਾ ਹੈ। ਇਸ ਦੇ ਬਾਵਜੂਦ ਗਿਆਨੀ, ਵਿਗਿਆਨੀ, ਵਿਦਵਾਨ, ਸੂਝਵਾਨ ਲੋਕ ਅਜਿਹਾ 'ਦਿਲ' ਹਾਸਿਲ ਕਰਨ 'ਚ ਸਫਲ ਹੋ ਜਾਂਦੇ ਨੇ ਜਿਸ ਨਾਲ਼ ਮੁਰਦਾ ਸਰੀਰ ਵਿਚ 'ਜਾਨ' ਪਾਈ ਜਾ ਸਕਦੀ ਹੈ।

ਕਹਾਣੀ ਵਿਚ ਨਾਟਕੀਅਤਾ ਭਰਪੂਰ ਮੋੜ ਉਦੋਂ ਆਉਂਦਾ ਹੈ ਜਦੋਂ ਪਾਰਦਰਸ਼ੀ, ਰੌਸ਼ਨ ਜ਼ਮੀਰ, ਚੰਗੀਆਂ ਕਦਰਾਂ-ਕੀਮਤਾਂ ਨਾਲ਼ ਜ਼ਰਖ਼ੇਜ਼ ਦਿਲ ਤਾਂ ਉਪਲਬਧ ਹੈ ਪਰ ਮੁਰਦਾ ਸਰੀਰ ਇਸ ਨੂੰ ਝੱਲਣ ਦੇ ਕਾਬਿਲ ਨਹੀਂ ਤੇ ਉਹ ਲੈਬ 'ਚੋਂ ਗ਼ਾਇਬ ਹੋ ਜਾਂਦਾ ਹੈ।

ਰੰਗ, ਸਕਰੀਨ, ਲਹੂ, ਦਿਲ, ਮੁਰਦਾ ਸਰੀਰ ਆਦਿ ਦਾ ਅਜਨਬੀਕਰਣ ਇਸ ਕਹਾਣੀ ਨੂੰ ਮਾਰਮਿਕ ਬਣਾ ਦਿੰਦਾ ਹੈ।

'ਰਿਨਕੋਨਾਡਾ ਹਿਲਜ਼' ਕਹਾਣੀ ਇਕ ਚਿੱਤਰਕਲਾ ਪਰਦਰਸ਼ਨੀ ਦੇ ਬਹਾਨੇ, ਮਨੁੱਖ ਦੇ ਅੰਦਰਲੇ ਤੇ ਬਾਹਰਲੇ ਚਿੱਤਰਾਂ ਦਾ ਖ਼ੂਬਸੂਰਤ ਬਿਆਨ ਪੇਸ਼ ਕਰਦੀ ਹੈ। 'ਰਿਨਕੋਨਾਡਾ ਹਿਲਜ਼' ਇਕ ਜਗ੍ਹਾ ਦਾ ਨਾਂ ਨਾ ਰਹਿ ਕੇ 'ਯੂਟੋਪੀਆ' ਦਾ ਰੂਪ ਧਾਰਨ ਕਰ ਜਾਂਦੀ ਹੈ। ਚਿੱਤਰਾਂ ਤੇ ਪ੍ਰਕਿਰਤੀ ਵਿਚਲੀ ਸਾਂਝ ਦਾ ਬਿਰਤਾਂਤ ਅਸਲ ਵਿਚ ਮਨੁੱਖ ਤੇ ਪ੍ਰਕਿਰਤੀ ਦੀ ਸਾਂਝ, ਮਨੁੱਖ ਤੇ ਸਮਾਜ ਦੀ ਕਸ਼ਮਕਸ਼ ਤੇ ਨਾਲ਼-ਨਾਲ਼ ਮਨੁੱਖੀ ਰਿਸ਼ਤਿਆਂ ਦੀਆਂ ਤੰਦਾਂ ਦਾ ਹੀ ਬਿਰਤਾਂਤ ਹੈ। ਜਿਵੇਂ ਚਿੱਤਰਕਾਰੀ 'ਚ ਖਿੱਚੀ ਗਈ ਹਰ ਨਿੱਕੀ ਤੋਂ ਨਿੱਕੀ ਲਕੀਰ ਦਾ ਵੀ ਅਰਥ ਹੁੰਦਾ ਹੈ, ਇਉਂ ਹੀ ਮਨੁੱਖ ਅੰਦਰ ਪੈਦਾ ਹੋਏ ਨਿੱਕੇ-ਨਿੱਕੇ ਜਜ਼ਬੇ ਦਾ ਜੀਵਨ ਨਾਲ਼ ਗਹਿਰਾ ਸੰਬੰਧ ਹੁੰਦਾ ਹੈ।

ਕਾਲ਼ੇ ਚਿੱਤਰਕਾਰ ਵਿਲੀਅਮ ਦੇ ਚਿੱਤਰਾਂ ਦੀ ਪ੍ਰਦਰਸ਼ਨੀ ਲੱਗੀ ਹੈ। ਉਸਨੇ ਆਪਣੇ ਚਿੱਤਰਾਂ ਰਾਹੀਂ ਨਾ ਸਿਰਫ਼ ਕਾਲ਼ੇ ਲੋਕਾਂ 'ਤੇ ਹੋਏ ਜ਼ੁਲਮ, ਤਸ਼ੱਦਦ ਤੇ ਵਧੀਕੀਆਂ ਨੂੰ ਜ਼ੁਬਾਨ ਦਿੱਤੀ ਹੈ, ਸਗੋਂ ਦੱਬੇ-ਕੁਚਲੇ ਮਨੁੱਖ ਦੀਆਂ ਕੁੰਠਿਤ ਭਾਵਨਾਵਾਂ ਨੂੰ ਵੀ ਪ੍ਰਗਟ ਕੀਤਾ ਹੈ। ਇਹ ਸਾਰਾ ਕੁਝ ਕਰਦਿਆਂ ਉਹ ਇਨ੍ਹਾਂ ਲੋਕਾਂ ਨੂੰ ਤਰਸ ਦੇ ਪਾਤਰ ਬਣਾ ਕੇ ਪੇਸ਼ ਨਹੀਂ ਕਰਦਾ, ਸਗੋਂ ਕੁਦਰਤ ਨਾਲ਼ ਇਕਮਿਕ ਕਰ ਕੇ ਪੇਸ਼ ਕਰਦਾ ਹੈ-

"*ਮਿਸਟਰ ਵਿਲੀਅਮ ਪ੍ਰਕਿਰਤੀ ਦਾ ਰਹੱਸ ਜਾਣਦਾ ਹੈ। ਕੁਦਰਤ ਨਾਲ ਇਕਮਿਕ ਹੋਣਾ ਜਾਣਦਾ ਹੈ। ਉਹ ਪੌਣ, ਪਾਣੀ ਨਾਲ ਕਲੋਲ ਕਰ ਸਕਦਾ ਹੈ। ਰੁੱਖਾਂ ਤੇ ਪੰਛੀਆਂ ਦੀ ਜ਼ੁਬਾਨ ਸਮਝਦਾ ਹੈ। ਉਹ ਆਪਣੇ*



*ਲੋਕਾਂ ਦੀ ਰੂਹ ਦੇ ਆਰ-ਪਾਰ ਵੇਖ ਸਕਦਾ ਹੈ। ਬੇਸ਼ਕ ਉਹ ਇਕ ਕਾਲੇ ਆਰਟਿਸਟ ਵਜੋਂ ਮਸ਼ਹੂਰ ਹੋਇਆ ਹੈ ਪਰ ਉਹਦੇ ਪਰਾ-ਯਥਾਰਥਵਾਦੀ ਅਤੇ ਪਰਾ-ਪ੍ਰਕਿਰਤਕ ਚਿੱਤਰਾਂ ਨੇ ਮੰਨੇ-ਪ੍ਰਮੰਨੇ ਗੋਰੇ ਚਿੱਤਰਕਾਰ ਵੀ ਚਿੱਤ ਕਰ ਕੇ ਰੱਖ ਦਿੱਤੇ ਹਨ। ਉਹਦੀ ਕਲਾ ਦੇ ਇਸ ਨਿਖਾਰ ਤੇ ਸੂਖਮਤਾ ਵਿਚ ਉਹਦੀ ਸ਼ਿੱਦਤ, ਮਿਹਨਤ ਤੇ ਆਪਣੇ ਲੋਕਾਂ ਪ੍ਰਤੀ ਪ੍ਰਤੀਬੱਧਤਾ ਦਾ ਵੱਡਾ ਰੋਲ ਹੈ।" (ਪੰਨਾ 59)*

ਗਲਪ ਲੇਖਿਕਾ ਕੁਕੱਕੀ ਕਾਕਰੀਨ ਜਦੋਂ ਬਿਰਤਾਂਤਕਾਰ ਨੂੰ ਆਪਣਾ ਨਾਵਲ 'ਫੁੱਟ ਪਰਿੰਟਸ ਆਫ਼ ਇਨਰ ਸੈਨਸ' ਭੇਟ ਕਰਦੀ ਹੈ ਤਾਂ ਕਹਾਣੀ ਕਈ ਸਭਿਆਤਾਵਾਂ ਦੀ ਸੰਵੇਦਨਾ ਤੇ ਬੁੱਧੀ ਵਿਵੇਕ ਦੇ ਪਦ-ਚਿੰਨ੍ਹ ਪ੍ਰਗਟ ਕਰਦੀ ਨਵੇਂ ਆਯਾਮਾਂ ਤੱਕ ਫੈਲਦੀ ਜਾਂਦੀ ਹੈ।

ਕਹਾਣੀ ਵਿਚ ਇਕ ਮਹੱਤਵਪੂਰਨ ਇਸ਼ਾਰਾ ਵੀ ਨਿਹਿਤ ਹੈ ਕਿ ਜ਼ਾਲਮ ਜਿੰਨਾਂ ਭਾਰੀ ਜ਼ੁਲਮ ਕਰ ਕੇ ਦੂਜੇ ਨੂੰ ਧਰਤੀ ਵਿਚ ਗੱਡਣ ਦੀ ਕੋਸ਼ਿਸ਼ ਕਰਦਾ ਹੈ, ਜੇ ਹਿੰਮਤ ਕੀਤੀ ਜਾਵੇ ਤਾਂ ਉਸ ਦਮਨ ਚੱਕਰ ਵਿੱਚੋਂ ਉਪਜੇ ਸਿਦਕ, ਸਿਰੜ, ਚੇਤਨਾ ਵਰਗੇ ਜ਼ਿੰਦਾਦਿਲ ਵਰਤਾਰੇ ਸਾਡੀ ਬੁਨਿਆਦ ਵੀ ਬਣ ਸਕਦੇ ਹਨ। ਇਹ ਵੀ ਮਹੱਤਵਪੂਰਨ ਹੈ ਕਿ ਜਦੋਂ ਉਸੇ ਅਕ੍ਰੋਸ਼ 'ਚੋਂ ਉਪਜੀਆਂ ਕੁੰਠਿਤ ਭਾਵਨਾਵਾਂ ਦਿਸਹੱਦਿਆਂ ਨੂੰ ਛੂਹਣ ਵਿਚ ਕਾਮਯਾਬ ਹੋ ਜਾਣ ਤਾਂ ਆਪਣੀ ਬੁਨਿਆਦ ਨਾਲੋਂ ਟੁੱਟਣਾ ਨਹੀਂ ਚਾਹੀਦਾ। ਇਹ ਹੀ ਕਾਰਨ ਹੈ ਕਿ ਸਫਲ ਪਰਦਰਸ਼ਨੀ ਸਮੇਂ ਜਦੋਂ ਡੇਵਿਡ ਤੇ ਉਸਦੇ ਸਾਥੀ ਗਿਟਾਰ ਤੇ ਹੋਰ ਸਾਜ਼ ਲੈ ਕੇ ਸਟੇਜ 'ਤੇ ਚੜ੍ਹਦੇ ਹਨ ਤਾਂ ਗੋਰੀ ਕੁੜੀ ਇਹ ਗ਼ੁਲਾਮ ਗੀਤ ਪੇਸ਼ ਕਰਦੀ ਹੈ -

*ਮੈਂ ਜਾਣਦੀ ਹਾਂ, ਪਿੰਜਰੇ ਪਿਆ ਪੰਛੀ*
*ਕਿਉਂ .ਗਮ ਦੇ ਗੀਤ ਗਾਉਂਦਾ ਹੈ...*
*ਮੈਂ ਜਾਣਦੀ ਹਾਂ, ਪਿੰਜਰੇ ਪਿਆ ਪੰਛੀ*
*ਕਿਉਂ ਆਪਣੇ ਪਰ ਫੜਫੜਾਉਂਦਾ ਹੈ ...    (ਪੰਨਾ 71)*

ਇੱਥੇ ਪੰਛੀ ਦਾ 'ਪਰ ਫੜਫੜਾਉਣਾ' ਸੰਘਰਸ਼ਮਈ ਜੀਵਨ ਵੱਲ ਇਸ਼ਾਰਾ ਹੈ, ਜਿਸਦੀ ਬਦੌਲਤ ਇਹ ਲੋਕ ਗ਼ੁਲਾਮੀ ਦੇ ਪਿੰਜਰੇ ਨੂੰ ਤੋੜ ਕੇ ਉਸ ਵਿਚੋਂ ਬਾਹਰ ਨਿਕਲ ਸਕੇ।

ਜਾਤੀਵਾਦੀ ਪ੍ਰਥਾ ਦੇ ਇਸ਼ਾਰੇ ਵੀ ਇਸ ਕਹਾਣੀ ਵਿਚ ਪਏ ਹਨ।

ਕੁੱਕਕੀ ਕਾਕਰੀਨ ਬਿਰਤਾਂਤਕਾਰ ਨਾਲ ਗੱਲ ਕਰਦੀ ਆਖਦੀ ਹੈ -

"*ਰਾਜਵੀਰ, ਮੈਂ ਪਰਵਾਸੀ ਜੀਵਨ ਬਾਰੇ ਨਾਵਲ ਲਿਖਣ ਦਾ ਫੈਸਲਾ ਕੀਤਾ ਹੈ। ਉਹਦੇ ਵਾਸਤੇ ਮੈਂ ਭਾਰਤੀ ਸਮਾਜਿਕ ਜੀਵਨ, ਸਭਿਆਚਾਰ, ਸੰਸਕ੍ਰਿਤੀ ਅਤੇ ਇਤਿਹਾਸ ਬਾਰੇ ਜਾਣਨਾ ਚਾਹੁੰਨੀ ਹਾਂ। ਮੈਂ ਕਈ ਕਿਤਾਬਾਂ ਵੀ ਪੜ੍ਹੀਆਂ ਨੇ, ਆਨ ਲਾਈਨ ਖੋਜ ਵੀ ਬਥੇਰੀ ਕੀਤੀ ਐ ਪਰ ਤੁਹਾਡੇ ਜਾਤੀਵਾਦੀ ਸਿਸਟਮ ਤੇ ਹਿੰਦੂ ਸੰਸਕ੍ਰਿਤੀ ਬਾਰੇ ਮੇਰੇ ਖਾਨੇ ਵਿਚ ਪੂਰੀ ਗੱਲ ਪੈ ਨਹੀਂ ਰਹੀ।"        (ਪੰਨਾ 71)*

ਨਸਲਵਾਦੀ ਭੇਦ-ਭਾਵ ਮਨੁੱਖੀ ਮਨ ਵਿਚ ਕਿੰਨਾ ਗਹਿਰਾ ਧੱਸ ਚੁੱਕਾ ਹੈ ਕਿ ਜਦੋਂ ਬਿਰਤਾਂਤਕਾਰ ਨੂੰ ਆਪਣੀ ਬੇਟੀ ਪਾਰਟੀ ਵਿਚੋਂ ਗ਼ਾਇਬ ਹੋਈ ਦਿਸਦੀ ਹੈ ਤਾਂ ਉਸ ਨੂੰ ਇਕਦਮ ਸ਼ੱਕ ਪੈਂਦਾ ਹੈ ਕਿ ਕਿਤੇ ਉਹ ਕਾਲੇ ਵਿਲੀਅਮ ਦੇ ਛੋਟੇ ਭਰਾ ਨਾਲ ਕਿਸੇ ਪਾਸੇ ਨਾ ਖਿਸਕ ਗਈ ਹੋਵੇ। ਖੁੱਲ੍ਹੇ-ਡੁੱਲ੍ਹੇ ਮਾਹੌਲ ਵਿਚ, ਖੁੱਲ੍ਹੇ-ਡੁੱਲ੍ਹੇ ਲੋਕਾਂ ਵਿਚ ਵਿਚਰਦਾ ਮੈਂ  ਪਾਤਰ ਇਸ ਸ਼ੱਕ ਦਾ ਸ਼ਿਕਾਰ ਹੁੰਦਾ ਬਹੁਤ ਹੀ ਸੁਭਾਵਿਕ ਜਾਪਦਾ ਹੈ।

ਇੰਝ, ਬਹੁ-ਸਭਿਆਚਾਰਕ ਵੰਨ-ਸੁਵੰਨਤਾ ਦਾ ਦਿਲਚਸਪ ਬਹੁ-ਅਰਥੀ ਬਿਰਤਾਂਤ ਸਿਰਜਣ ਦੇ ਨਾਲ-ਨਾਲ; ਕਹਾਣੀ ਦਾ ਪ੍ਰਯੋਜਨ, ਰੰਗ, ਨਸਲ ਅਤੇ ਜਾਤਪਾਤ ਆਧਾਰਿਤ ਪੱਖਪਾਤੀ ਪੂਰਵ-ਗ੍ਰਹਿਆਂ ਦੀ ਧੁੰਦ ਸਾ.ਫ ਕਰਨਾ ਵੀ ਹੋ ਨਿਬੜਦਾ ਹੈ।

'ਬਗ' ਕਹਾਣੀ ਬੇਹੱਦ ਕਟਾਖਸ਼ ਭਰਪੂਰ ਕਹਾਣੀ ਹੈ। ਅਮਰੀਕੀ ਸਮਾਜ ਨੂੰ ਇਕ ਸਕਿਓਰਿਟੀ ਗਾਰਡ

ਦੀ ਅੱਖ ਥਾਣੀਂ ਦੇਖਣ-ਸਮਝਣ ਦਾ ਯਤਨ ਕੀਤਾ ਗਿਆ ਹੈ। ਦੁਨੀਆ ਨੂੰ ਸੁਰੱਖਿਆ ਪ੍ਰਦਾਨ ਕਰਨ ਦੇ ਦਾਅਵੇ ਕਰਨ ਵਾਲੀਆਂ ਤਾਕਤਾਂ ਦੇ ਆਪਣੇ ਪ੍ਰਬੰਧ ਅੰਦਰ ਮਾਸੂਮੀਅਤ ਦਾ ਸ਼ੋਸ਼ਣ ਕਿਵੇਂ ਹੁੰਦਾ ਹੈ, ਇਸੇ ’ਤੇ ਤਿੱਖਾ ਵਿਅੰਗ ਹੈ ਇਹ ਕਹਾਣੀ।

ਮਿਲੇਨੀਅਮ ਚੜ੍ਹਨ ਵੇਲੇ ਕੰਪਿਊਟਰੀ ਸਮੱਸਿਆਵਾਂ ਦੇ ਖ਼ਤਰਿਆਂ ਨੂੰ ਕਿਆਸਣ-ਭਾਂਪਣ ਤੇ ਹੱਲ ਕਰਨ ਲਈ ਕਾਨਫ਼ਰੰਸ ਹੋ ਰਹੀ ਹੈ। ਦੁਨੀਆ ਨੂੰ ਖ਼ਤਰੇ ਤੋਂ ਬਚਾਉਣ ਲਈ ਵਿਚਾਰ-ਬਹਿਸਾਂ ਹੋਣੀਆਂ ਹਨ। ਦਿਖਾਇਆ ਇਹ ਜਾ ਰਿਹਾ ਹੈ ਪਰ ਇਸ ਦੇ ਪਿੱਛੇ ਕੀ ਚਲ ਰਿਹਾ ਹੈ, ਉਹ ਸਕਿਓਰਿਟੀ ਗਾਰਡ ਦੀ ਅੱਖ ਤੋਂ ਬਚ ਨਹੀਂ ਸਕਦਾ। ਵਿਡੰਬਨਾ ਇਹ ਹੈ ਕਿ ਸਕਿਓਰਿਟੀ ਗਾਰਡ ਕੁਚਲ ਹੋ ਰਹੀ ਮਾਸੂਮੀਅਤ ਨੂੰ ਬਚਾਅ ਵੀ ਨਹੀਂ ਸਕਦਾ। ਬਾਹਰੀ ਦਿਖਾਵੇ ਦਾ ਚਿਤਰਨ ਕਹਾਣੀਕਾਰ ਨੇ ਬੜੇ ਢੁਕਵੇਂ ਸ਼ਬਦਾਂ ਵਿਚ ਕੀਤਾ ਹੈ-

*“ਬੇਹੱਦ ਸੋਹਣੀ ਕੁੜੀ, ਸੁੰਦਰ ਬਸਤਰ ਪਹਿਨੀਂ ਕਾਨਫਰੰਸ-ਟੇਬਲ ਉੱਤੇ ਸਾਜ਼ੋ-ਸਾਮਾਨ ਟਿਕਾ ਰਹੀ ਹੈ। ਉਹ ਫੁੱਲਾਂ ਵਰਗੇ ਹੱਥਾਂ ਨਾਲ ਟੇਬਲ ਉੱਤੇ ਫੁੱਲ ਰੱਖ ਰਹੀ ਹੈ। ਗੁਲਾਬ ਦੇ ਰੰਗ-ਬਰੰਗੇ ਫੁੱਲਾਂ ਦੀ ਖੁਸ਼ਬੂ ਵਾਂਗ ਉਸਦੀ ਹਰ ਅਦਾ ਇਕ ਮਹਿਕ, ਇਕ ਰੰਗ ਬਣ ਕੇ ਚੌਗਿਰਦੇ ਵਿਚ ਫੈਲ ਰਹੀ ਹੈ। ਉਸਦਾ ਸ਼ਬਾਬ ਡੁੱਲ੍ਹ-ਡੁੱਲ੍ਹ ਪੈ ਰਿਹਾ ਹੈ ਅਤੇ ਉਹ ਬਹੁਤ ਹੀ ਸ਼ੋਖ ਮੁਸਕਰਾਹਾਟਾਂ ਵੰਡ ਰਹੀ ਹੈ।” (ਪੰਨਾ 74)*

ਦੁਨੀਆ ਨੂੰ ਭਵਿੱਖੀ ਖਤਰਿਆਂ ਤੋਂ ਬਚਾਉਣ ਲਈ ਕਾਨਫ਼ਰੰਸ ਕਰਨ ਵਾਲਾ ਕਾਰਲ ਮਾਰਕਸਨ ਅੰਦਰੋਂ ਕਿੰਨਾ ਘਿਨੌਣਾ ਹੈ, ਉਸ ਵੱਲ ਇਸ਼ਾਰਾ ਸੁੱਟਿਆ ਗਿਆ ਹੈ-

*“ਕਾਰਲ ਮਾਰਕਸਨ ਤਾਂ ਇੰਝ ਲੱਗ ਰਿਹਾ ਹੈ, ਜਿਸ ਤਰ੍ਹਾਂ ਮਾਊਂਟ ਐਵਰੈਸਟ ਜਿੱਤ ਕੇ ਹੁਣੇ-ਹੁਣੇ ਆ ਰਿਹਾ ਹੋਵੇ। ਉਹ ਮੇਰੇ ਕੋਲ ਦੀ ਲੰਘਦਿਆਂ ਮੁਸਕਰਾ ਕੇ ਲੰਘਿਆ ਏ। ਉਹਦੀ ਪਿੱਛਿਓਂ ਹਿੱਲਦੀ ਗੁੱਤ ਦੇਖ ਕੇ ਵੀ ਮੈਨੂੰ ਇਹੀ ਅਹਿਸਾਸ ਹੋ ਰਿਹਾ ਕਿ ਉਹ ਬਹੁਤ ਖ਼ੁਸ਼ ਹੈ, ਪਰ ਸੋਹਣੀ ਕੁੜੀ ਨੇ ਨਜ਼ਰ ਜ਼ਮੀਨ ਵਿਚ ਗੱਡੀ ਹੋਈ ਏ। ਉਹਦੇ ਬੁੱਲਾਂ ਤੋਂ ਉਹ ਸ਼ੋਖ ਮੁਸਕਰਾਹਟ ਵੀ ਹੁਣ ਗਾਇਬ ਹੈ ਜਿਹਦੇ ਉੱਤੇ ਮੈਂ ਸਵੇਰ ਦਾ ਮਰਦਾ ਜਾ ਰਿਹਾ ਸਾਂ। ਉਹਦੇ ਬੁੱਲ੍ਹਾਂ ਦਾ ਮੇਕ-ਅਪ ਵੀ ਤਿੜਕਿਆ-ਤਿੜਕਿਆ ਲੱਗ ਰਿਹਾ ਹੈ ...।” (ਪੰਨਾ 83)*

ਅਸਲ ਵਿਚ ਸੋਹਣੀ ਕੁੜੀ ਦਾ ਤਿੜਕਿਆ ਮੇਕ-ਅੱਪ ਸਕਿਓਰਿਟੀ ਗਾਰਡ ਦੀ ਨਜ਼ਰ ਵਿਚ ਉਸ ਕਾਨਫ਼ਰੰਸ ਦੇ ਉਦੇਸ਼ ਦਾ ਭਰਮ ਤਿੜਕਣ ਦਾ ਚਿੰਨ੍ਹ ਹੈ।

‘ਬਿਨ ਸਿੰਗੇ ਸਾਨ੍ਹ’ ਕਹਾਣੀ ਸਾਮਰਾਜੀ ਸਿਸਟਮ ਵਲੋਂ ਠਗੇ ਗਏ ਚੌਰਾਹੇ ’ਚ ਖੜ੍ਹੇ ਆਮ ਮਨੁੱਖ ਦੀ ਹਿਰਦੇ-ਵੇਦਕ ਕਥਾ ਹੈ। ਕਹਾਣੀ ਦਾ ਮੁੱਖ ਪਾਤਰ ਕਈ-ਕਈ ਚੱਕੀਆਂ ਵਿਚ ਪਿਸ ਰਿਹਾ ਹੈ। ਉਸਦਾ ਗਰੀਨ ਕਾਰਡ ਦਾ ਇੰਤਜ਼ਾਰ ਲੰਬਾ ਹੁੰਦਾ ਜਾ ਰਿਹਾ ਹੈ। ਉਹ ਆਪਣੇ ਪਰਿਵਾਰ ਤੋਂ ਦੂਰ ਹੈ। ਬਿਨਾ ਕਾਰਨ ਨੌਕਰੀਓਂ ਕੱਢ ਦਿੱਤਾ ਗਿਆ ਹੈ। ਉਸਨੂੰ ਸਮਾਜਿਕ ਬਣਤਰ ਦੀ ਪੂਰੀ ਸਮਝ ਹੈ। ਕਾਰਪੋਰੇਸ਼ਨ ਤੰਤਰ ਦੀ ਲੁੱਟ-ਖਸੁੱਟ ਦਾ ਉਸਨੂੰ ਅਹਿਸਾਸ ਹੈ। ਉਸ ਦੇ ਆਪਣੇ ਸੁਪਨੇ ਹਨ। ਪਰ ਸਟੇਟ ਨੂੰ ਉਸਦੇ ਸੁਪਨਿਆਂ ਦੀ ਪਰਵਾਹ ਨਹੀਂ ਕਿਉਂਕਿ ਉਸ ਦੇ ਨਿੱਕੇ-ਨਿੱਕੇ ਸੁਪਨੇ ਪੂਰੇ ਕਰਨ ਦੀ ਥਾਂ, ਮਹਾਂ-ਸ਼ਕਤੀਸ਼ਾਲੀ ਸਟੇਟ ਦੇ ਆਪਣੇ ਮਨਸੂਬੇ ਹਨ। ਬੰਬਾਰੀ ਕਰਨਾ, ਮਿਜ਼ਾਈਲਾਂ ਚਲਾਉਣੀਆਂ, ਲਾਸ਼ਾਂ ਵਿਛਾਅ ਕੇ ਆਪਣੀ ਚੌਧਰ ਦਾ ਵਿਖਾਵਾ ਕਰਨਾ ਜਾਬਰ ਸਟੇਟ ਦੀਆਂ ਨੀਤੀਆਂ ਦਾ ਇਕ ਅਹਿਮ ਹਿੱਸਾ ਹੈ। ਕਹਾਣੀ ਦਾ ਪਾਤਰ ਇਹ ਸਾਰਾ ਕੁਝ ਸਮਝਦਾ ਹੈ। ਉਸਨੂੰ ਦੁਸ਼ਮਣ ਦਾ ਵੀ ਪਤਾ ਹੈ ਪਰ ਉਹ ਅਣਦਿੱਖ ਹੈ –

*“ਬਾਹਾਂ ਉਲਾਰ-ਉਲਾਰ ਕਿਸੇ ਅਣਦਿੱਖ ਦੁਸ਼ਮਣ ਨੂੰ ਗਾਲ੍ਹ’ ਤੇ ਗਾਲ੍ਹ ਕੱਢ ਰਿਹਾ ਸਾਂ ਕਿ ਪਤਾ ਨਹੀਂ ਕਦੋਂ ਮੇਰੇ ਰੂਮ-ਮੇਟ ਨੇ ਮੇਰਾ ਮੋਢਾ ਆ ਦੱਬਿਆ, ਮਿੰਦਰ ਭਾ ਜੀ ਕੀਹਨੂੰ ਗਾਲ੍ਹਾਂ ਕੱਢਦੇ ਪਏ ਓ !(ਪੰਨਾ 91)*



ਪਿਸ ਰਿਹਾ ਆਮ ਮਨੁੱਖ ਭਾਵੇਂ ਬੇਬਸੀ ਦੇ ਆਲਮ ਵਿਚ ਤਿਲ਼-ਤਿਲ਼ ਕਰਕੇ ਮਰ ਰਿਹਾ ਹੈ ਪਰ ਜਾਗਦੇ ਮਨੁੱਖ ਅੰਦਰ ਕਿਤੇ ਨਾ ਕਿਤੇ ਜੀਵਨ ਜਿਊਣ ਦੀ ਕਣੀ ਪਈ ਹੈ –

*“ਮੈਂ ਤਾਂ ਇਕ ਜੰਗ ਦਾ ਐਲਾਨ ਕਰ ਰਿਹਾਂ, ਆਪਣੇ ਈ ਅੰਦਰ ਮਰਦੇ ਜਾ ਰਹੇ ਮਨੁੱਖ ਦੇ ਵਿਰੁੱਧ ... ਬਿੰਦੂ ਬਣ ਕੇ ਆਪਣੇ ਹੀ ਇਰਦ-ਗਿਰਦ ਘੁੰਮ ਰਹੇ ਇਨਸਾਨ ਦੀ ਸੋਚ ਦੇ ਵਿਰੁੱਧ ... ਡਾਲਰਾਂ ਦੀ ਉਸ ਹਮਕ ਦੇ ਵਿਰੁੱਧ ਜਿਸ ਨੇ ਸਾਨੂੰ ਮਸ਼ੀਨ ਦੇ ਪੁਰਜੇ ਬਣਾ ਦਿੱਤਾ ਏ ... ਤੇ ਹੋਰ ਬਹੁਤ ਕੁਝ ਦੇ ਵਿਰੁੱਧ, ਜੋ ਤੂੰ ਹਾਲੇ ਨਹੀਂ ਸਮਝਦਾ ...।” (ਪੰਨਾ 91-92)*

‘ਪਾਗਲ ਮੌਸਮ ਠੱਗ ਨਿਜ਼ਾਮ’ ਕਹਾਣੀ ਪੰਛੀਆਂ ਵਰਗੇ ਉਹਨਾਂ ਮਾਸੂਮ ਵਿਅਕਤੀਆਂ ਦਾ ਦਰਦ ਸਮੋਈ ਬੈਠੀ ਹੈ ਜਿਹੜੇ ਲੁਟੇਰੇ ਸਿਸਟਮ ਦੀਆਂ ਵਹਿਸ਼ੀ ਚਾਲਾਂ ਦਾ ਸ਼ਿਕਾਰ ਹੋ ਕੇ ਰਹਿ ਗਏ ਨੇ। ਸਾਧਾਰਨ ਬੰਦਾ ਆਪਣੀ ‘ਸਪੇਸ’ ਬਾਰੇ ਸੋਚਣਾ ਸ਼ੁਰੂ ਕਰਦਾ ਹੈ ਤਾਂ ਕਿੰਨਾ ਮਾਨਸਿਕ ਕਸ਼ਟ ਮਹਿਸੂਸ ਕਰਦਾ ਹੈ ਜਦੋਂ ਉਸਨੂੰ ਆਪਣਾ ਆਪ ‘ਨਾਚੀਜ਼’ ਤੋਂ ਵੱਧ ਕੁਝ ਨਹੀਂ ਜਾਪਦਾ।

ਕਹਾਣੀ ਦਾ ਮੁੱਖ ਪਾਤਰ ਜਸਵੰਤ ਆਪਣੀ ਜੌਬ ’ਤੇ ਗਾਰਬੇਜ ਦਾ ਭਰਿਆ ਡੰਮਪਸਟਰ ਘੜੀਸਣ ਲੱਗਿਆ ਸੱਟ ਲੁਆ ਲੈਂਦਾ ਹੈ। ਕੰਪਨੀ ਬਜਾਏ ਉਸਨੂੰ ਮੁਆਵਜ਼ਾ ਦੇਣ ਦੇ ਇਹ ਕਹਿ ਕੇ ਛੁਟਕਾਰਾ ਪਾ ਲੈਂਦੀ ਹੈ ਕਿ ਇਹ ਕੰਮ ਤਾਂ ਉਸਦੀ ਜੌਬ ਦੇ ਘੇਰੇ ਵਿਚ ਹੀ ਨਹੀਂ ਸੀ ਆਉਂਦਾ। ਇਸ ਲਈ ਕੰਪਨੀ ਜ਼ਿੰਮੇਵਾਰ ਨਹੀਂ।

ਕਹਾਣੀਕਾਰ ਨੇ ਹਲਕੇ-ਹਲਕੇ ਵਿਅੰਗ ਨਾਲ਼ ਸਮਾਜਿਕ ਵਰਤਾਰੇ ਨੂੰ ਉਘਾੜਿਆ ਹੈ। ਮੈਂ ਪਾਤਰ ਦਾ ਛੋਟਾ ਭਰਾ ਪੂੰਜੀਵਾਦੀ ਪ੍ਰਬੰਧ ਦੀਆਂ ਚੋਰ-ਮੋਰੀਆਂ ਦਾ ਸਹਾਰਾ ਲੈਣ ਦੀ ਸਲਾਹ ਦਿੰਦਾ ਹੈ –

*“ਇਹ ਅਮਰੀਕਾ ਹੈ ਪਿਆਰੇ। ਇੱਥੇ ਹਰ ਮੌਕੇ ਦਾ ਪੂਰਾ ਫਾਇਦਾ ਉਠਾਉਣਾ ਚਾਹੀਦਾ, ਤੇ ਇੱਦਾਂ ਦੇ ਮੌਕੇ ਜ਼ਿੰਦਗੀ ਵਿਚ ਵਾਰ ਵਾਰ ਕਿੱਥੇ ਹੱਥ ਆਉਂਦੇ ਆ।” (ਪੰਨਾ 99-100)*

ਪਰ ਜਸਵੰਤ ਪੂੰਜੀਵਾਦੀ ਪ੍ਰਬੰਧ ਨਾਲ ਆਢਾ ਲੈਣ ਵਾਲਾ ਵਿਅਕਤੀ ਹੈ। ਇਸ ਲਈ ਆਪਣੇ ਆਦਰਸ਼ ਨਹੀਂ ਤਿਆਗਦਾ। ਜਸਵੰਤ ਦੇ ਪੜ੍ਹੇ ਲਿਖੇ ਲੇਖਕ ਅਤੇ ਆਲੋਚਕ ਦੋਸਤ ਇਸ ਮੌਕੇ ਆਪਣੇ-ਆਪਣੇ ਹਵਾਈ ਤਰਕ ਦੇਣ ਦਾ ਮੌਕਾ ਨਹੀਂ ਗਵਾਉਂਦੇ।

ਕੰਪਨੀ ਜਸਵੰਤ ਨੂੰ ਹਲਕੀ ਜੌਬ ’ਤੇ ਭੇਜ ਦਿੰਦੀ ਹੈ। ਓਥੇ ਵੀ ਉਹ ਝੱਖੜ ਦੀ ਜ਼ਦ ਵਿਚ ਆ ਜਾਂਦਾ ਹੈ। ਕਹਾਣੀਕਾਰ ਨੇ ਏਥੇ ਕਮਾਲ ਦੀ ਜੁਗਤ ਵਰਤੀ ਹੈ।

ਸਿਸਟਮ ਦੀ ਮਾਰ ਹੇਠ ਆਏ ਮਾਸੂਮ ਮਨੁੱਖ ਦਾ ਵਰਣਨ ਕਰਨ ਲਈ ਉਸ ਨੇ ਸਕਿਓਰਿਟੀ ਦੇ ਉਸ ਖੁੱਡੇ ਦਾ ਬਿਰਤਾਂਤ ਸਿਰਜ ਦਿੱਤਾ ਹੈ, ਜਿਸ ਵਿਚ ਜਸਵੰਤ ਖੜ੍ਹਾ ਹੈ। ਜਦੋਂ ਝੱਖੜ ਆਉਂਦਾ ਹੈ ਤਾਂ ਸਕਿਓਰਿਟੀ ਵਾਲੇ ਖੁੱਡੇ ਦੀ ਛੱਤ ਕਿਤੇ ਉੱਡ ਜਾਂਦੀ ਹੈ, ਬਾਰੀ ਕਿਤੇ ਉੱਡ ਜਾਂਦੀ ਹੈ ਤੇ ਖੁੱਡਾ ਖਿਲਰ ਪੱਤਰ ਜਾਂਦਾ ਹੈ। ਖੁੱਡੇ ਦਾ ਖਿਲਰਨਾ ਅਸਲ ਵਿਚ ਪੂੰਜੀਵਾਦੀ ਪ੍ਰਬੰਧ ਵਿਚ ਆਮ ਮਨੁੱਖ ਦੀ ਬਿਖਰੀ ਜ਼ਿੰਦਗੀ ਦਾ ਹੀ ਪ੍ਰਤੀਕ ਹੈ।

ਝੱਖੜ ਦੀ ਮਾਰ ਨਾਲ ਮਾਸੂਮ ਪੰਛੀਆਂ ਦਾ ਆਲ੍ਹਣਾ ਤੀਲੋ-ਤੀਲਾ ਹੋਣਾ ਤੇ ਚੀਕਣਾ-ਕੁਰਲਾਉਣਾ ਵੀ ਸਾਧਾਰਨ ਮਨੁੱਖ ਦੇ ਚੂਰ-ਮੂਰ ਹੋ ਰਹੇ ਸੁਪਨਿਆਂ ਵੱਲ ਹੀ ਇਸ਼ਾਰਾ ਹੈ।

‘ਘੋੜੇ ਦੇ ਸੁੰਮਾਂ ਦਾ ਖੜਾਕ’ ਕਹਾਣੀ ਦੀ ਇਕ ਤੰਦ ਇਤਿਹਾਸਿਕ ਪਰਿਪੇਖ ਨਾਲ ਜੁੜੀ ਹੋਈ ਹੈ ਤੇ ਦੂਜੀ ਵਰਤਮਾਨ ਨਾਲ। ਸਮੇਂ ਦੀ ਤੋਰ ਨਾਲ ਘੋੜੇ ਦੇ ਸੁੰਮਾਂ ਦਾ ਵਹਿਸ਼ੀ ਖੜਾਕ ਕੰਨਾਂ ਤੋਂ ਸਫ਼ਰ ਕਰਦਾ-ਕਰਦਾ ਰੂਹ ਅੰਦਰ ਖ਼ੌਫ਼ਨਾਕ ਖੜਾਕ ਹੀ ਪੈਦਾ ਨਹੀਂ ਕਰਦਾ ਆਪਣੀ ਦਹਿਸ਼ਤ ਦੇ ਨਿਸ਼ਾਨ ਵੀ ਛੱਡਦਾ ਜਾਂਦਾ ਹੈ। ਕਹਾਣੀ ਦਾ ‘ਮੈਂ’ ਪਾਤਰ ‘ਅੰਕਲ ਟੌਮ’ਜ਼ ਕੈਬਿਨ’ ਨਾਵਲ ਪੜ੍ਹ ਰਿਹਾ ਹੈ। ਨਾਵਲ ਵਿਚਲੀ

ਗ਼ੁਲਾਮ ਪਾਤਰ ਆਪਣੇ ਬੱਚੇ ਨੂੰ ਮੋਢੇ ਨਾਲ ਲਾਈ ਭੱਜੀ ਜਾ ਰਹੀ ਹੈ ਤਾਂ ਕਿ ਉਹ ਗ਼ੁਲਾਮ ਪ੍ਰਥਾ ਵਾਲੇ ਅਮਰੀਕਾ ਦੇ ਦੱਖਣੀ ਹਿੱਸੇ 'ਚੋਂ ਦੌੜ ਕੇ (ਓਹਾਈਓ ਦਰਿਆ ਪਾਰ ਕਰ ਕੇ) ਉਸ ਉੱਤਰੀ ਹਿੱਸੇ ਵਿਚ ਪਹੁੰਚ ਜਾਵੇ ਜਿੱਥੇ ਗ਼ੁਲਾਮ ਪ੍ਰਥਾ ਖ਼ਤਮ ਹੋ ਗਈ ਮੰਨੀ ਜਾਂਦੀ ਹੈ। ਉਸ ਭੱਜੀ ਆਉਂਦੀ ਔਰਤ ਨੂੰ ਉਸਦਾ ਪਿੱਛਾ ਕਰ ਰਹੇ ਗ਼ੁਲਾਮ ਮਾਲਕ ਦੇ ਘੋੜਿਆਂ ਦੇ ਸੁੰਮਾਂ ਦਾ ਖੜਾਕ ਨਿਰੰਤਰ ਸੁਣਾਈ ਦੇ ਰਿਹਾ ਹੈ।

ਜਦੋਂ ਕਹਾਣੀ ਨਾਵਲ ਦੇ ਪ੍ਰਸੰਗ ਵਿਚੋਂ ਨਿਕਲ ਕੇ ਯਥਾਰਥ ਵਿਚ ਸ਼ਾਮਿਲ ਹੁੰਦੀ ਹੈ ਤਾਂ ਉਹ ਕਾਲੀ ਗ਼ੁਲਾਮ ਔਰਤ ਤੋਸ਼ੀ ਦੇ ਰੂਪ ਵਿਚ ਬਦਲ ਜਾਂਦੀ ਹੈ। ਘੋੜੇ ਦੇ ਸੁੰਮਾਂ ਦਾ ਖੜਾਕ ਉਸ ਦੇ ਵਹਿਸ਼ੀ, ਅਨਪੜ੍ਹ, ਮੂੜ੍ਹ ਤੇ ਜਗੀਰਦਾਰੀ ਸੋਚ ਦੀ ਹੈਂਕੜ ਦੇ ਸ਼ਿਕਾਰ ਪਤੀ ਗੇਜੂ ਵਿਚ ਬਦਲ ਜਾਂਦਾ ਹੈ, ਜਿਹੜਾ ਤੋਸ਼ੀ ਨੂੰ ਮਹਿਜ਼ ਵਸਤੂ ਸਮਝਦਾ ਹੈ। ਉਸ 'ਤੇ ਆਪਣੀ ਪਿਤਰਪੁਰਖੀ ਧੌਂਸ ਜਮਾਉਂਦਾ ਹੋਇਆ ਉਸ ਤੋਂ ਮੁੰਡੇ ਦੀ ਮੰਗ ਕਰਦਾ ਹੈ।

ਸਤਰੀਮਾ ਦੇ ਕਹਿਣ ਮੁਤਾਬਿਕ –

*"ਮੈਂ ਉਹਨੂੰ (ਤੋਸ਼ੀ ਨੂੰ) ਦੱਸਿਆ ਕਿ ਅਸੀਂ ਐਤਕੀਂ ਮਿੰਨੂ ਦੀ ਲੋਹੜੀ ਮਨਾਉਣ ਬਾਰੇ ਪ੍ਰੋਗਰਾਮ ਬਣਾ ਰਹੇ ਆਂ, ਤਾਂ ਕਹਿੰਦੀ, ਨੀ ਰੀਮਾ, ਕੁੜੀਆਂ ਵਿਚਾਰੀਆਂ ਦੀ ਲੋਹੜੀ ਤਾਂ ਕਦੇ ਅੱਜ ਤੱਕ ਸੁਣੀ ਹੀ ਨਹੀਂ! ... ਫਿਰ ਹੱਸ ਕੇ ਬੋਲੀ, ਮੇਰੀ ਸੱਸ ਨੂੰ ਜ਼ਰੂਰ ਸੱਦਿਓ, ਮਿੰਨੂ ਦੀ ਲੋਹੜੀ ਵਿਚ, ਗਿੱਧਾ ਪਾਉਣ ਲਈ, ਬੜਾ ਸੋਹਣਾ ਨੱਚਦੀ ਏ, ਪੰਜ ਪੁੱਤਾਂ ਵਾਲੀ, ਲੰਗ ਮਾਰ-ਮਾਰ ਕੇ ...।" (ਪੰਨਾ 112)*

ਏਥੇ ਪੰਜ ਪੁੱਤਾਂ ਵਾਲੀ ਸੱਸ ਦਾ ਲੰਗ ਮਾਰਨਾ ਅਸਲ ਵਿਚ ਉਸਦੀ ਅਪਾਹਿਜ ਸੋਚ ਦਾ ਪ੍ਰਗਟਾਵਾ ਹੀ ਹੈ। ਇਹ 'ਸੱਸ' ਪਾਤਰ ਔਰਤ ਵੱਲੋਂ ਔਰਤ ਦੀ ਬੇਕਦਰੀ ਤੇ ਅਪਮਾਨ ਦੇ ਇਕ ਨਮੂਨੇ ਵਜੋਂ ਪੇਸ਼ ਹੁੰਦਾ ਹੈ। ਉਹ ਆਪਣੀ ਨੂੰਹ ਨੂੰ ਕੁੜੀਆਂ ਜੰਮਣ ਲਈ ਕੋਸਦੀ, ਮਿਹਣੇ ਮਾਰਦੀ, ਸਤਾਉਂਦੀ ਹੈ। ਮੁੰਡਾ ਜੰਮਣ ਦੀ ਆਸ ਨਾਲ ਉਸਦਾ ਵਾਰ-ਵਾਰ ਗਰਭਪਾਤ ਕਰਵਾਉਂਦੀ ਹੈ। ਤੋਸ਼ੀ ਵਿਚਾਰੀ ਭਰੂਣ-ਹੱਤਿਆ ਦਾ ਸੰਤਾਪ ਝੱਲਦੀ ਪੋਟਾ-ਪੋਟਾ ਮਰਦੀ ਹੈ। ਉਸ ਦੀ ਖੁਸ਼ੀ ਤੇ ਉਤਸ਼ਾਹ ਵਿਹੂਣੀ, ਬੇਕਦਰੀ ਤੇ ਬੇਬਸੀ ਭਰੀ ਜ਼ਿੰਦਗੀ ਦੇ ਸਾਮਾਨਾਂਤਰ ਸਤਰੀਮਾ ਆਪਣੇ ਸੰਵੇਦਨਸ਼ੀਲ ਪਤੀ ਇਬਰੇਸ਼ ਤੇ ਦੋ ਸਾਲ ਦੀ ਬੇਟੀ ਮਿੰਨੂ ਨਾਲ ਖ਼ੂਬਸੂਰਤ ਤੇ ਸਾਵਾਂ ਪਰਿਵਾਰਕ ਜੀਵਨ ਜਿਉ ਰਹੀ ਹੈ।

ਇਹ ਕਹਾਣੀ ਇਤਿਹਾਸਕ ਹਵਾਲੇ ਨਾਲ਼ ਇਹ ਅਰਥ ਸਿਰਜਣ ਵਿਚ ਸਫਲ ਰਹਿੰਦੀ ਹੈ ਕਿ ਗੁਲਾਮ ਪ੍ਰਥਾ ਦੇ ਖਤਮ ਹੋ ਜਾਣ ਦੇ ਬਾਵਜੂਦ, ਸਮਾਜਿਕ ਗ਼ੁਲਾਮੀ ਦਾ ਅੰਤ ਨਹੀਂ ਹੋਇਆ। ਇਹ ਰੰਗ, ਚਿਹਰੇ, ਸੂਰਤਾਂ ਬਦਲ-ਬਦਲ ਕੇ ਕਿਸੇ ਨਾ ਕਿਸੇ ਰੂਪ ਵਿਚ ਹਾਜ਼ਰ ਹੈ। ਕਹਾਣੀ ਮੁੱਕਦੀ ਇਸ ਗੱਲ 'ਤੇ ਹੈ ਕਿ ਜਦੋਂ ਵਿਅਕਤੀ ਨੂੰ ਦਿਸਦੀ-ਅਣਦਿਸਦੀ ਗ਼ੁਲਾਮੀ ਦਾ ਅਹਿਸਾਸ ਹੋ ਜਾਂਦਾ ਹੈ ਤਾਂ ਉਹ ਇਸ ਤੋਂ ਨਿਜਾਤ ਪਾਉਣ ਲਈ ਤਾਂਘਦਾ, ਜੂਝਦਾ ਅਤੇ ਮੁਕਤੀ ਦਾ ਰਾਹ ਜ਼ਰੂਰ ਲੱਭਦਾ ਹੈ ਤੇ ਸਫਲ ਵੀ ਹੋ ਸਕਦਾ ਹੈ।

'ਗਰਾਊਂਡ ਜ਼ੀਰੋ' ਕਹਾਣੀ 'ਨਾਈਨ ਇਲੈਵਨ' ਤੋਂ ਤੁਰੰਤ ਬਾਅਦ ਹੋਏ ਹਾਲਾਤ ਦਾ ਬਿਆਨ ਹੈ। ਇਸ ਦਾ ਘਟਨਾ-ਸਥਲ ਭਾਵੇਂ ਨਿਊਯਾਰਕ ਹੈ ਪਰ ਇਸ ਵਿਚ ਪੇਸ਼ ਡਰ, ਖ਼ੌਫ਼, ਅਸੁਰੱਖਿਅਤਾ ਦੀ ਭਾਵਨਾ ਦੇ ਪਰਛਾਵੇਂ ਪੂਰੇ ਅਮਰੀਕਾ ਵਿਚ ਫੈਲੇ ਦੇਖੇ ਜਾ ਸਕਦੇ ਹਨ।

ਕਹਾਣੀ ਦਾ ਵਾਤਾਵਰਣ ਖ਼ੌਫ਼ਨਾਕ ਹੈ। ਕਹਾਣੀ ਵਿਚਲਾ ਵਿਰੋਧਾਭਾਸ ਬਹੁਤ ਹੀ ਮਾਰਮਿਕ ਢੰਗ ਨਾਲ ਪੇਸ਼ ਹੈ। ਇਕ ਪਾਸੇ ਪਛਾਣ ਦੇ ਰਲ-ਗੱਡ ਹੋ ਜਾਣ ਨਾਲ ਇਕ ਕੈਬ ਡਰਾਈਵਰ ਸਰਦਾਰ ਦਾ ਕਤਲ ਹੋ ਗਿਆ ਹੈ। ਦੂਜੇ ਪਾਸੇ ਜੁੜਵੇਂ ਟਾਵਰਾਂ ਵਿਚ ਵੱਜੇ ਜਹਾਜ਼ਾਂ ਨਾਲ ਮੋਏ ਲੋਕ ਬੇਪਛਾਣ ਹੋ ਗਏ ਹਨ। ਉਹਨਾਂ ਦੀ ਪਛਾਣ ਸਿਰਫ਼ ਡੀ. ਐਨ. ਏ. ਦੇ ਆਸਰੇ ਕੀਤੀ ਜਾ ਰਹੀ ਹੈ। ਬਿਰਤਾਂਤ ਬਹੁਤ ਹੀ ਦਿਲ ਚੀਰਵਾਂ ਹੈ –



*"ਪਰ ਉੱਥੇ ਲਾਸ਼ਾਂ ਕਿੱਥੇ ਸਨ: ਅੱਧ-ਪਚੱਧੀਆਂ ਲੱਤਾਂ ਜਾਂ ਅੱਧ-ਪਚੱਧੀਆਂ ਬਾਂਹਾਂ। ਖੋਪੜੀਆਂ ਬਿਨਾਂ ਮੂੰਹ-ਸਿਰ ਜਾਂ ਪਿਘਲੇ-ਪਿਘਲੇ ਚੂਰ-ਮੂਰ ਪਿੰਜਰ। ਪੱਸਲੀਆਂ, ਅੱਖਾਂ, ਕੰਨਾਂ, ਨੱਕਾਂ, ਉਂਗਲੀਆਂ, ਨਹੁੰਆਂ, ਗਿੱਟਿਆਂ, ਗੋਡਿਆਂ ਦੇ ਢੇਰ ... ਅਤੇ ਸਭ ਤੋਂ ਵੱਧ ਦਰਦਨਾਕ: ਦਿਲ ਕੰਬਾਊ ਇਕ ਬਦਬੋ, ਇਕ ਸੜਿਹਾਂਦ, ਸੁੰਨ ਕਰਦੀ ਜ਼ਿਹਨ ਨੂੰ ... ਮੂੰਹ ਚਿੜਾਉਂਦੀ ਜ਼ਿੰਦਗੀ ਦੀ ਹੋਂਦ ਨੂੰ ...।" (ਪੰਨਾ 124)*

ਆਪਣੇ ਦ੍ਰਿਸ਼ਟੀਕੋਣ ਤੋਂ ਕਹਾਣੀਕਾਰ 'ਸਤੰਬਰ ਗਿਆਰਾਂ' ਦੇ ਕਾਰਨਾਂ ਤੱਕ ਪਹੁੰਚਣ ਲਈ ਵੀ ਯਤਨਸ਼ੀਲ ਦਿਖਾਈ ਦਿੰਦਾ ਹੈ –

*"ਸਿਰਫ਼ ਸਤੰਬਰ ਗਿਆਰਾਂ ਹੀ ਆਤੰਕਵਾਦ ਨਹੀਂ ... ਬਸਤੀਵਾਦੀ ਹਵਸ ਅਤੇ ਬਸਤੀਆਂ ਲਈ ਜੰਗ ਵੀ ਆਤੰਕਵਾਦ ਹੈ ... ਉਸੇ ਦਾ ਪ੍ਰਤੀਕਰਮ ਹੈ ਇਹ ਸਤੰਬਰ ਗਿਆਰਾਂ ... ਨਾਗਾਸਾਕੀ, ਹੀਰੋਸ਼ੀਮਾ, ਵੀਅਤਨਾਮ, ਖਾੜੀ ਯੁੱਧ, ਫਿਲਸਤੀਨੀਆ ਦੇ ਘਾਣ ਦਾ ਪ੍ਰਤੀਕਰਮ ਹੈ ਸਤੰਬਰ ਗਿਆਰਾਂ।(ਪੰਨਾ 131)*

'ਗਰਾਊਂਡ ਜ਼ੀਰੋ' ਸਿਰਫ਼ ਮੈਨਹਾਟਨ ਦੇ ਡਾਊਨ-ਟਾਊਨ ਵਿਚ ਹੀ ਨਹੀਂ, ਕਹਾਣੀ ਵਿਚ ਤੁਰੇ-ਫਿਰਦੇ ਹਰ ਪਾਤਰ ਦੇ ਦਿਲ ਅੰਦਰ ਬਣੀ ਮਹਿਸੂਸ ਹੁੰਦੀ ਹੈ।

'ਰੇਸ, ਕਲਾਸ ਤੇ ਜੰਗ' ਇਕ ਚਾਰ ਮੈਂਬਰੀ ਪਰਿਵਾਰ ਦੀ ਕਹਾਣੀ ਹੈ ਪਰ ਇਹ ਇਕ ਪਰਿਵਾਰ ਦੀ ਹੀ ਨਹੀਂ, ਸਗੋਂ ਪੂਰੇ ਸਮਾਜ ਦੀ ਕਹਾਣੀ ਹੈ। ਨਿੱਕਾ ਜਿਹਾ ਪਰਿਵਾਰ ਬਿਲਕੁੱਲ ਓਸੇ ਤਰ੍ਹਾਂ ਹੀ ਰੇਸ, ਕਲਾਸ ਤੇ ਜੰਗ ਦਾ ਸ਼ਿਕਾਰ ਹੁੰਦਾ ਹੈ ਜਿਵੇਂ ਪੂਰੇ ਦਾ ਪੂਰਾ 'ਗਲੋਬਲ ਪਿੰਡ' ਇਸ ਦਾ ਸ਼ਿਕਾਰ ਹੈ। ਜਾਤ, ਜਮਾਤ ਤੇ ਜੰਗ ਦੇ ਖ਼ਿਲਾਫ਼ ਇਕਜੁੱਟ ਹੋ ਕੇ ਤੁਰਨਾ ਹੀ ਇਸ ਦਲਦਲ ਵਿਚੋਂ ਕੱਢ ਸਕਦਾ ਹੈ। ਜੰਗ ਲੜ ਰਹੇ ਪੁੱਤ ਦੇ ਮਾਂ-ਬਾਪ ਜਦੋਂ ਜੰਗ ਵਿਰੋਧੀ ਜ਼ਖ਼ਮੀ ਭਾਵਨਾਵਾਂ ਦਾ ਤਿੱਖਾ ਤੇ ਕਾਟਵਾਂ ਇਜ਼ਹਾਰ ਕਰਦੇ ਹਨ; ਉਸਦੀ ਭੈਣ ਤੇ ਗਰਲ-ਫ਼੍ਰੈਂਡ ਲੋਕ-ਰੋਹ ਦੇ ਜਲੂਸ ਦਾ ਹਿੱਸਾ ਬਣਦੇ ਹਨ ਤਾਂ ਕਹਾਣੀ ਬਹੁਤ ਗਹਿਰੇ ਅਰਥ ਸਿਰਜ ਜਾਂਦੀ ਹੈ।

ਅਫਗਾਨਿਸਤਾਨ ਅਤੇ ਇਰਾਕ ਵਿਚ ਅਮਰੀਕੀ ਹਮਲਾਵਰ ਫੌਜ ਅਮਨ ਸ਼ਾਂਤੀ ਦੇ ਨਾਂ ਤੇ ਭੇਜੀ ਗਈ ਹੈ, ਪਰ ਇਸ ਨੇ ਲੋਕਾਂ ਦੇ ਦਿਲਾਂ ਵਿਚੋਂ ਅਮਨ-ਸ਼ਾਂਤੀ ਖੋਹ ਲਈ ਹੈ। ਅਮਰੀਕੀ ਲੋਕ ਵੀ ਜੰਗ ਤੋਂ ਤੰਗ ਆ ਕੇ ਅਮਰੀਕੀ ਫੌਜ ਦੀ ਵਾਪਸੀ ਦੀ ਮੰਗ ਲਈ ਜਲੂਸ ਕੱਢਣ ਲਈ ਮਜਬੂਰ ਹਨ। ਆਮ ਲੋਕ ਵੀ ਸਿਆਸਤ ਦੀ ਖੇਡ ਸਮਝਣ ਲੱਗ ਪਏ ਹਨ –

*"ਸ਼ਿੰਨੀ ਸ਼ੀਆਨ ਜੰਗ-ਵਿਰੋਧੀ ਅੰਦੋਲਨ ਦਾ ਝੰਡਾ ਚੁੱਕ ਕੇ ਚੱਲ ਪਈ ਹੈ ਅਤੇ ਪ੍ਰੈਜ਼ੀਡੈਂਟ ਦੇ ਰੈਂਚ ਦੇ ਬਾਹਰ ਆਪਣੇ ਸਮਰਥਕਾਂ ਸਹਿਤ ਧਰਨਾ ਮੱਲ ਕੇ ਬੈਠੀ ਮੀਡੀਆ ਦੇ ਸਵਾਲਾਂ ਦੇ ਜਵਾਬ ਦੇ ਰਹੀ ਹੈ:*

*"ਮੈਂ ਉਹਦੀਆਂ (ਪ੍ਰੈਜ਼ੀਡੈਂਟ ਦੀਆਂ) ਅੱਖਾਂ ਵਿਚ ਝਾਕ ਕੇ, ਇਹ ਪੁੱਛਣਾ ਚਾਹੁੰਨੀ ਹਾਂ ਕਿ ਤੇਰੀਆਂ ਅੱਖਾਂ ਵਿਚ ਨੱਚਦੀ ਵਹਿਸ਼ਤ ਦਾ ਮਕਸਦ ਕੀ ਐ? ਮੈਂ ਇਹ ਜਾਣਨਾ ਚਾਹੁੰਨੀ ਹਾਂ ਕਿ ਇਕ ਝੂਠਾ ਬੰਦਾ ਆਪਣੇ ਅੰਦਰ ਕਿਸ ਤਰ੍ਹਾਂ ਮਹਿਸੂਸ ਕਰਦੈ? ਜਿਸ ਦੇ ਝੂਠ ਨਾਲ ਹਜ਼ਾਰਾਂ ਜਾਨਾਂ, ਲਾਸ਼ਾਂ ਬਣ ਚੁੱਕੀਆਂ ਹਨ।"*

*"ਮੈਂ ਉਨ੍ਹਾਂ ਲਾਸ਼ਾਂ ਦੇ ਪ੍ਰਤੀਬਿੰਬ ਉਸਦੀਆਂ ਅੱਖਾਂ ਵਿਚ ਦੇਖਣਾ ਚਾਹੁੰਨੀ ਹਾਂ।" (ਪੰਨਾ 135)*

ਇਕ ਪਾਸੇ ਏਨਾ ਕਹਿਰ ਵਾਪਰ ਰਿਹਾ ਹੈ ਤੇ ਨਫ਼ਰਤ ਫੈਲ ਰਹੀ ਹੈ ਪਰ ਨਾਲ-ਨਾਲ ਪਿਆਰ ਦਾ ਪਰਚਮ ਵੀ ਝੂਲ ਰਿਹਾ ਹੈ। ਪੰਜਾਬੀ ਮੁੰਡਾ ਅਮਰੀਕੀ ਫੌਜ ਦਾ ਸਿਪਾਹੀ ਬਣਦਾ ਹੈ। ਉਹ ਕਾਲੀ ਕੁੜੀ ਨਿਓਮੀ ਦੇ ਪਿਆਰ ਵਿਚ ਗੜੂੰਦ ਹੈ। ਉਸਦੀ ਮਾਂ ਨੂੰ ਕਾਲੀ-ਕਲੂਟੀ ਕੁੜੀ ਪਸੰਦ ਨਹੀਂ, ਪਰ ਮੁੰਡਾ ਕਹਿੰਦਾ ਹੈ:

*"ਓ ਮੰਮਾ! ਤੁਸੀਂ ਵੀ, ਪਿਆਰ ਨੂੰ ਰੰਗਾਂ, ਜਾਤਾਂ, ਨਸਲਾਂ ਨਾਲ ਜੋੜਨ ਲੱਗ ਪਏ?" (ਪੰਨਾ 139)*

ਕਹਾਣੀ ਮਾਨਵੀ ਸਰੋਕਾਰਾਂ ਨਾਲ ਲਬਰੇਜ਼ ਹੈ। ਸ਼ਿੰਨੀ ਸ਼ਿਆਨ ਬੋਲੀ ਜਾ ਰਹੀ ਹੈ –

*"ਮੇਰੇ ਬੇਟੇ ਦਾ ਲਹੂ ਮੈਨੂੰ ਕਹਿੰਦਾ: ਮਾਂ, ਮੇਰਾ ਲਹੂ ਡੋਲ੍ਹਣ ਵਾਲੇ ਨੂੰ ਇਕ ਵਾਰ, ਇਹ ਪੁੱਛ ਤਾਂ ਸਹੀ ਉਹਨੇ ਕਾਹਦੀ ਖਾਤਰ, ਮੈਨੂੰ ਕਤਲ ਕਰਵਾਇਆ? ਮੈਂ ਆਪਣੇ ਬੇਟੇ ਦੇ ਲਹੂ ਦੀ ਕੋਈ ਕੀਮਤ ਨਹੀਂ ਚਾਹੁੰਦੀ, ਮੈਂ ਤਾਂ ਚਾਹੁੰਨੀ ਹਾਂ ਕਿ ਕਿਸੇ ਵੀ ਹੋਰ ਮਾਂ ਦਾ ਬੇਟਾ ਇਸ ਝੂਠ ਤੇ ਵਹਿਸ਼ਤ ਦਾ ਸ਼ਿਕਾਰ ਨਾ ਬਣੇ ...।"      (ਪੰਨਾ 139)*

ਜੰਗ ਦਾ ਮਕਸਦ ਸਪੱਸ਼ਟ ਕਰਦੀ ਨਿਓਮੀ ਮੀਡੀਏ ਅੱਗੇ ਬੋਲ ਰਹੀ ਹੈ–

*"ਮੇਰਾ ਬੁਆਏ-ਫ਼ਰੈਂਡ, ਅਮਨਪ੍ਰੀਤ ਸਿੰਘ ਰਾਣਾ, ਜ਼ਖ਼ਮੀਂ ਹਾਲਤ ਵਿਚ ਜਰਮਨੀ ਦੇ ਇਕ ਹਸਪਤਾਲ ਵਿਚ ਪਿਆ ਹੈ ਅਤੇ ਮੈਂ ਆਪਣੇ ਦਿਲ ਉੱਤੇ ਪੱਥਰ ਰੱਖ ਕੇ, ਏਥੇ ਇਹ ਕਹਿਣ ਲਈ ਆਈ ਹਾਂ, ਕਿ ਇਹ ਜੰਗ ਨਾ ਤਾਂ ਅਮਰੀਕੀ ਲੋਕਾਂ ਦੀ ਅੱਛਾਈ ਲਈ ਹੈ ਅਤੇ ਨਾ ਇਰਾਕੀ ਲੋਕਾਂ ਦੇ ਕਿਸੇ ਭਲੇ ਲਈ ਹੈ। ਇਹ ਜੰਗ ਤਾਂ ਮਲਟੀ ਬਿਲਅਨਰੀ, ਮਲਟੀ ਨੈਸ਼ਨਲ ਕੰਪਨੀਆਂ, ਵੱਡੇ ਕਾਰਪੋਰੇਟ ਸੈਕਟਰ ਅਤੇ ਅਮਰੀਕੀ ਤੇਲ-ਲਾਬੀ ਲਈ ਲੜੀ ਜਾ ਰਹੀ ਹੈ ...।"    (ਪੰਨਾ 148)*

'ਸਟਾਪ ਇੱਟ' ਕਹਾਣੀ ਦਾ ਬਿਰਤਾਂਤਕਾਰ ਕਿੱਤੇ ਵਜੋਂ ਡਾਕਟਰ ਹੈ। ਮਨੁੱਖੀ ਸਰੀਰ ਦੀ ਕੱਟ-ਵੱਢ ਕਰਨਾ ਡਾਕਟਰ ਵਾਸਤੇ ਓਸੇ ਤਰ੍ਹਾਂ ਦਾ ਹੀ ਸਾਧਾਰਨ ਕਾਰਜ ਹੁੰਦਾ ਹੈ ਜਿਵੇਂ ਔਰਤਾਂ ਸਬਜ਼ੀ ਕੱਟ ਲੈਂਦੀਆਂ ਹਨ। ਆਪ੍ਰੇਸ਼ਨ ਕਰਦਿਆਂ-ਕਰਦਿਆਂ ਡਾਕਟਰ ਦਾ ਦਿਲ ਏਨਾ ਪੱਥਰ ਹੋ ਜਾਂਦਾ ਹੈ ਕਿ ਉਸ ਲਈ ਮਰੀਜ਼ ਮਹਿਜ਼ 'ਫ਼ਾਈਲ' ਵਾਂਗ ਹੁੰਦਾ ਹੈ।

ਇਸ ਕਹਾਣੀ ਦੀ ਪ੍ਰਾਪਤੀ ਇਹ ਹੈ ਕਿ ਦੁਨੀਆ ਵਿਚ ਫੈਲਿਆ ਆਤੰਕ ਏਨੀ ਸ਼ਿੱਦਤ ਨਾਲ ਚਿੱਤਰਿਆ ਗਿਆ ਹੈ ਕਿ ਵਿਕਟਰ ਵਰਗਾ ਡਾਕਟਰ ਵੀ ਮਨੁੱਖਤਾ ਦੀ ਪੀੜ ਮਹਿਸੂਸ ਕਰਨ ਲਈ ਮਜਬੂਰ ਹੋ ਗਿਆ ਹੈ।

ਡਾਕਟਰ ਦਾ ਪਿਓ, ਜਿਹੜਾ ਸਾਰੀ ਉਮਰ ਚੜ੍ਹਦਾ ਸੂਰਜ ਦੇਖਣ ਦੀ ਮੱਤ ਦਿੰਦਾ ਰਿਹਾ ਹੈ, ਹੁਣ ਡੁੱਬਦਾ ਸੂਰਜ ਦੇਖਣ ਦਾ ਆਦੀ ਹੋ ਗਿਆ ਹੈ। ਪਿਓ ਦਾ ਇਹ ਵਾਕ, 'ਪੁੱਤਰ! ਅੱਜ-ਕੱਲ੍ਹ ਚੜ੍ਹਦੇ ਅਤੇ ਡੁੱਬਦੇ ਸੂਰਜ ਵਿਚ ਬਹੁਤਾ ਫ਼ਰਕ ਨਹੀਂ ਰਿਹਾ।' ਅਸਲ 'ਚ ਪੂਰਬ ਤੇ ਪੱਛਮ ਵਿਚ ਹੋ ਰਹੇ ਮਨੁੱਖਤਾ ਦੇ ਘਾਣ ਵੱਲ ਹੀ ਇਸ਼ਾਰਾ ਹੈ। ਇਹ ਘਾਣ ਚਾਹੇ ਮੂਲਵਾਦੀਆਂ ਵਲੋਂ ਹੋ ਰਿਹਾ ਹੈ ਚਾਹੇ ਸਾਮਰਾਜਵਾਦੀ ਤਾਕਤਾਂ ਵਲੋਂ।

ਡਾਕਟਰ ਦੇ ਪਿਓ ਦਾ ਲਿਓ ਟਾਲਸਟਾਇ ਦਾ ਨਾਵਲ 'ਵਾਰ ਐਂਡ ਪੀਸ' ਪੜ੍ਹਨਾ ਅਚੇਤ ਹੀ ਇਸ਼ਾਰਾ ਦੇ ਜਾਂਦਾ ਹੈ ਕਿ ਉਹ ਪੂੰਜੀਵਾਦ ਤੋਂ ਤੰਗ ਆ ਚੁੱਕੀ ਰੂਹ ਹੈ। ਉਸ ਦਾ ਮੁੰਡਾ ਕਿਉਂਕਿ ਮਾਨਸਿਕ ਰੋਗਾਂ ਦਾ ਡਾਕਟਰ ਹੈ ਉਸ ਨੂੰ ਵੀ ਚਿੰਤਾ ਹੈ ਕਿ ਕਿਤੇ ਪਿਉ 'ਲਾਲ ਪ੍ਰਦੂਸ਼ਣ' ਦਾ ਸ਼ਿਕਾਰ ਨਾ ਹੋ ਗਿਆ ਹੋਵੇ।

ਕਹਾਣੀ ਇਸ਼ਾਰਾ ਸੁੱਟ ਗਈ ਹੈ ਕਿ ਇਸ ਕਤਲੋ-ਗਾਰਤ ਦੇ ਵਾਤਾਵਰਣ ਵਿਚ ਕਹਾਣੀਕਾਰ ਲਕੀਰ ਦੇ ਕਿਸ ਪਾਸੇ ਖਲੋਤਾ ਹੈ। ਡਾਕਟਰ ਦਾ ਇਹ ਸੋਚਣਾ, 'ਮੇਰੀ ਆਪਣੀ ਹਾਲਤ ਵੀ ਕਿਸੇ ਦਿਮਾਗ਼ੀ ਮਰੀਜ਼ ਨਾਲੋਂ ਘੱਟ ਖਸਤਾ ਨਹੀਂ ਹੈ।' ਸਮੁੱਚੇ ਰਾਜਨੀਤਿਕ ਢਾਂਚੇ 'ਤੇ ਤਿੱਖਾ ਵਾਰ ਸਾਬਿਤ ਹੁੰਦਾ ਹੈ।

'ਮੌਤ ਇਕ ਡੀ ਐੱਨ ਏ ਦੀ' ਬਹੁਤ ਹੀ ਸੂਖਮ ਕਹਾਣੀ ਹੈ। ਰਤਾ ਕੁ ਨੀਝ ਨਾਲ਼ ਦੇਖੀਏ ਤਾਂ ਇਹ ਕਹਾਣੀ ਨਿਰੀ ਵਿਗਿਆਨਕ ਤਰੱਕੀ ਦੀ ਨਹੀਂ, ਮਨੁੱਖੀ ਵਜੂਦ ਦੀ ਤਲਾਸ਼ ਦੀ ਕਹਾਣੀ ਹੈ। ਆਪਣਾ 'ਮੂਲ' ਪਛਾਣਨ ਵੱਲ ਸੰਕੇਤ ਕਰਦੀ ਕਹਾਣੀ ਹੈ ਪਰ ਇਹ 'ਮੂਲ' ਰਿਵਾਇਤੀ ਅਧਿਆਤਮਕ ਨਹੀਂ। ਮੈਂ ਕਿੱਥੋਂ ਆਇਆ ਹਾਂ? ਵਰਗੇ ਰੂਹਾਨੀ ਸਵਾਲ ਦੇ ਜਵਾਬ ਦੀ ਭਾਲ਼ ਨਹੀਂ, ਸਗੋਂ ਪਾਤਰ ਦੇ ਅਸਤਿਤਵ ਦੇ ਸਰੋਤ ਦੀ ਭਾਲ਼ ਹੈ। ਦੂਜੇ ਸ਼ਬਦਾਂ 'ਚ ਕਹਿਣਾ ਹੋਵੇ ਤਾਂ ਇਹ ਕਹਾਣੀ ਸੂਖਮ ਤੋਂ ਸਥੂਲ ਵੱਲ, ਵਿਚਾਰ ਤੋਂ



ਪਥਾਰਥ ਵੱਲ, 'ਉੱਚੇ ਨਸ਼ੱਤਰੀਂ ਵਸਦੀ' ਦੈਵੀ ਸ਼ਕਤੀ ਤੋਂ ਧਰਤੀ ਵੱਲ ਮੋੜਾ ਹੈ। ਕੁਦਰਤ ਨਾਲ਼ ਇਕਮਿਕਤਾ ਵੱਲ ਇਸ਼ਾਰੇ ਜੀਵਨ ਦੀ ਫ਼ਿਤਰਤੀ ਇਕਾਈ ਨੂੰ ਪਛਾਣਨ ਵੱਲ ਸੰਕੇਤ ਹੀ ਨੇ।

ਕਹਾਣੀ ਦੀ ਪਾਤਰ 'ਨਿਮਾਣੀ' ਜਿਸ ਨੂੰ ਭੁਲੇਖੇ ਕਾਰਨ ਮਰ-ਮੁੱਕ ਗਈ ਸਮਝ ਲਿਆ ਗਿਆ ਹੈ, ਅਸਲ ਵਿਚ ਇਕ ਹੀ ਜੀਵਨ ਵਿਚ 'ਪੁਨਰ-ਜਨਮ' ਲੈਣ ਵਰਗਾ ਅਨੁਭਵ ਕਰਦੀ ਹੈ ਜਦੋਂ ਉਸਨੂੰ ਪਤਾ ਲੱਗਦਾ ਹੈ ਕਿ ਉਸਨੂੰ ਪਾਲਣ ਵਾਲ਼ੇ ਕੋਈ ਹੋਰ ਨੇ ਤੇ ਸਕੇ ਮਾਪੇ ਕੋਈ ਹੋਰ। ਉਹ ਆਪ ਤਾਂ ਉਹਨਾਂ ਦੀ ਤਲਾਸ਼ ਵਿਚ ਘਰੋਂ ਨਿਕਲ਼ ਜਾਂਦੀ ਹੈ। ਪਰ ਉਸਦੀ ਪਾਲਣ-ਹਾਰੀ ਮਾਂ ਨੂੰ ਜਦੋਂ ਪਤਾ ਲੱਗਦਾ ਹੈ ਤਾਂ ਉਸਨੂੰ ਦੰਦਲ ਪੈ ਜਾਂਦੀ ਹੈ। ਇਹ ਦੰਦਲ ਨਹੀਂ, ਸਕੇ ਮਾਪਿਆਂ ਦੀ ਅਸਲੀਅਤ ਦੀ ਅਜਿਹੀ ਗੰਢ ਹੈ, ਜਦੋਂ ਉਹ ਨਿਮਾਣੀ ਸਾਹਮਣੇ ਖੁੱਲ੍ਹੇਗੀ ਤਾਂ ਉਸਦੀ ਹਾਲਤ ਵੀ ਦੰਦਲ ਪਏ ਵਿਅਕਤੀ ਨਾਲ਼ੋਂ ਘੱਟ ਨਹੀਂ ਹੋਣੀ। ਹਲਕੇ-ਹਲਕੇ ਸਸਪੈਂਸ ਵਿਚ ਰੰਗੀ ਕਹਾਣੀ ਬਹੁਤਾ ਸਫ਼ਰ ਵਾਰਤਾਲਾਪਾਂ ਦੇ ਸਹਾਰੇ ਕਰਦੀ ਹੈ। ਉਹ ਵਾਰਤਾਲਾਪ ਪਾਲਣ-ਹਾਰ ਮਾਪਿਆਂ ਦਾ ਰੁਦਨ ਹੋ ਨਿਬੜਦੇ ਹਨ।

'ਕੱਲ੍ਹ ਦੇ ਦਾਅਵੇਦਾਰ' ਅੱਜ ਦੀ ਕਹਾਣੀ ਹੈ। ਦੁਨੀਆ ਦੇ ਮੈਦਾਨ ਵਿਚ ਕਾਰਪੋਰੇਸ਼ਨਾਂ ਵਲੋਂ ਪਾਈ ਜਾ ਰਹੀ ਸਰਕਸ ਦਾ ਜਿਊਂਦਾ-ਜਾਗਦਾ ਤਮਾਸ਼ਾ। ਵਿਖਾਵੇ ਦੀ ਸਿਖਰ। ਸਾਧਾਰਨ ਬੰਦੇ ਨੂੰ ਫਾਹੁੰਣ ਲਈ ਬੁਣਿਆ ਹੋਇਆ ਜਾਲ। ਬੰਦੇ ਕੋਲੋਂ ਉਸਦਾ ਹੁਨਰ ਖੋਹ ਕੇ ਨਿਹੱਥਾ ਕਰਨ ਦੀ ਸਾਜ਼ਿਸ਼ ਦਾ ਰਚਿਆ ਛੜਯੰਤਰ –

*" ਇਨ੍ਹਾਂ (ਇਨਾਮਾਂ) ਵਿਚ ਹਰ ਕੰਪਨੀ ਦੀ ਔਕਾਤ ਅਨੁਸਾਰ ਆਈਫੋਨ, ਆਈਪੌਡ, ਆਈਪੈਡ, ਟੀਵੀ, ਲੈਪਟਾਪ ਆਦਿ ਸ਼ਾਮਿਲ ਹਨ ਪਰ ਓਰੈਕਲ' ਦਾ ਲਾਟਰੀ ਇਨਾਮ, ਇਕ ਤੋਤੇ ਰੰਗੀ ਸਵੈ-ਚਾਲਕ ਕਾਰ ਸਭ ਤੋਂ ਵੱਧ ਖਿੱਚਪਾਊ ਹੈ। ਇਹ ਬਰੈਂਡ ਨਿਊ' ਕਾਰ ਓਰੈਕਲ' ਦੇ ਅਖਾੜੇ ਵਿਚ, ਇੰਝ ਸ਼ਿੰਗਾਰ ਕੇ ਖੜ੍ਹੀ ਕੀਤੀ ਹੋਈ ਹੈ ਜਿਵੇਂ ਦੁਲਹੇ ਮੀਆਂ ਦਾ ਇੰਤਜ਼ਾਰ ਕਰ ਰਹੀ ਹੋਵੇ।" (ਪੰਨਾ 177)*

*"ਇਹ ਅੰਨ੍ਹਾ ਤਕਨੀਕੀ ਵਿਕਾਸ ਹੀ ਮਨੁੱਖ ਨੂੰ ਮਸ਼ੀਨ ਦੇ ਪੁਰਜ਼ੇ ਬਣਾ ਰਿਹੈ। ਮਨੁੱਖ ਅੰਦਰੋਂ ਰਿਸ਼ਤਿਆਂ ਦੀ ਪਾਕੀਜ਼ਗੀ ਖਤਮ ਕਰ ਰਿਹੈ। ਮੇਰੇ ਵਰਗੇ ਵਰਕਰਾਂ ਨੂੰ ਬੇਘਰੇ ਬਣਾ ਰਿਹੈ। ਇਸੇ ਕਾਰਨ ਇਕੱਲਤਾ, ਬੇਗਾਨਗੀ ਅਤੇ ਤਨਹਾਈ ਦਾ ਬੋਲਬਾਲਾ ਹੈ, ਮਿਸਟਰ ਆਕਾਸ਼।" (ਪੰਨਾ 176)*

ਵੱਖ-ਵੱਖ ਕੰਪਨੀਆਂ ਵਲੋਂ ਆਪਣੀਆਂ ਚੀਜ਼ਾਂ ਦੀ ਨੁਮਾਇਸ਼ ਤੇ ਨੁਮਾਇਸ਼ ਸਮੇਂ ਗੋਸ਼ਟੀ ਜਦੋਂ ਖਤਮ ਹੁੰਦੀ ਹੈ ਤਾਂ 'ਭੀੜ ਸੁਨਾਮੀ ਵਾਂਗ ਬਾਹਰ ਜਾ ਰਹੀ ਹੈ'। ਤਕਨੀਕੀ ਤਰੱਕੀ ਵੀ ਤਾਂ ਇਕ ਪੁਆਇੰਟ 'ਤੇ ਆ ਕੇ ਸੁਨਾਮੀ ਦਾ ਰੂਪ ਹੀ ਧਾਰਨ ਕਰ ਜਾਂਦੀ ਹੈ, ਜਿਸਨੇ ਮਨੁੱਖਤਾ ਨੂੰ ਤਬਾਹ ਕਰਨ ਦਾ ਰਾਹ ਫੜ ਲਿਆ ਹੈ।

ਕਹਾਣੀ ਦਾ ਮੁੱਖ-ਪਾਤਰ ਆਕਾਸ਼ ਇਸ ਵਰਤਮਾਨ ਵਰਤਾਰੇ ਬਾਰੇ ਚਿੰਤਤ ਹੋਇਆ ਆਪਣੇ-ਆਪ ਨਾਲ਼ ਹੀ ਗੱਲਾਂ ਕਰੀ ਜਾ ਰਿਹਾ ਹੈ:

*" ਜੇ ਮਨੁੱਖ ਦੀ ਥਾਂ ਰੋਬੋਟ ਲੈ ਲੈਣਗੇ ਤਾਂ ਮਨੁੱਖੀ ਸ਼ਕਤੀ ਦਾ ਕੀ ਬਣੇਗਾ? ਬੇਕਾਰੀ ਨਾਲ ਤਾਂ ਪਹਿਲਾਂ ਹੀ ਦੁਨੀਆ ਕੁਰਲਾਅ ਰਹੀ ਹੈ, ਇਸ ਨਵੇਂ ਵਿਕਾਸ ਨਾਲ ਨਵੇਂ ਬੇਕਾਰ ਕਿੱਥੇ ਜਾਣਗੇ?" (ਪੰਨਾ 187)*

ਪਰ ਉਹ ਆਪਣੇ ਨਾਂ ਵਾਂਗ ਹੀ ਆਪਣੀਆਂ ਸੋਚਾਂ ਦੇ ਪਰ ਖੋਲ੍ਹ ਲੈਂਦਾ ਹੈ। ਛਾਤੀ ਉੱਤੇ ਟੰਗੇ ਫ਼੍ਰੀਮੈਨ ਦੇ ਟੈਗ ਦੇ ਅਰਥ ਕਹਾਣੀ ਵਿਚ ਕਈ ਪ੍ਰਕਾਰ ਦੀਆਂ ਚਾਨਣ-ਰਿਸ਼ਮਾਂ ਖਿਲਾਰ ਜਾਂਦੇ ਹਨ। ਤਕਨੀਕੀ ਦੌਰ ਦੇ ਇਸ ਹਨ੍ਹੇਰ ਵਿਚ ਇਹਨਾਂ ਚਾਨਣ ਰਿਸ਼ਮਾਂ ਸਦਕਾ ਕਾਮਰੇਡ ਦੀ ਲਾਲ ਪੱਗ ਆਪਣੇ ਸਾਰਥਕ ਮਾਇਨੇ ਪਾਠਕ ਦੇ ਮਨ 'ਤੇ ਛੱਡ ਜਾਂਦੀ ਹੈ।

'ਰੂਹ 'ਤੇ ਉਕਰੇ ਚਿੱਤਰ' ਅਤੇ 'ਕਾਲਾ ਨਾਚ' ਮਹੱਤਵਪੂਰਨ ਰਚਨਾਵਾਂ ਹਨ। ਕਾਲੇ ਲੋਕਾਂ ਪ੍ਰਤੀ ਬਣੇ

ਨਾਂਹ-ਪੱਖੀ ਨਜ਼ਰੀਏ ਦੇ ਹਨ੍ਹੇਰ ਨੂੰ ਚੀਰ ਕੇ ਉਹਨਾਂ ਅੰਦਰਲੀ ਇਨਸਾਨੀਅਤ ਦੇ ਕਹਿਕਸ਼ਾਂ ਤੱਕ ਸਾਡੀ ਰਸਾਈ ਕਰਵਾਉਂਦੀਆਂ ਹਨ।

'ਰੂਹ 'ਤੇ ਉਕਰੇ ਚਿੱਤਰ' ਵਿਚਲੀ ਰਾਸੋ ਤੇ ਟੈਮੀ ਦੀ ਜੋੜੀ ਰੰਗ ਪੱਖੋਂ ਕਾਲੀ ਹੈ, ਪਰ ਇਨਸਾਨੀਅਤ ਪੱਖੋਂ ਸੁਨਹਿਰੀ। ਉਹ ਆਪਣੇ ਹੱਕਾਂ ਲਈ ਸੰਘਰਸ਼ੀਲ ਹੈ। ਇਸੇ ਸੰਘਰਸ਼ ਵਿਚ ਉਹਨਾਂ ਦਾ 'ਡਰੀਮ ਵੀਜ਼ਨ' ਕਲੱਬ ਵੀ ਬਰਬਾਦ ਹੋ ਜਾਂਦਾ ਹੈ ਪਰ ਉਹ ਟੁੱਟਦੇ ਨਹੀਂ। ਉਹਨਾਂ ਦੇ ਸੰਪਰਕ ਵਿਚ ਆਇਆ ਚੰਦ ਸਿੰਘ ਅਰਸ਼ੀ ਸੱਚਮੁੱਚ ਸੱਚਾਈ ਦੇ ਅਰਸ਼ ਨੂੰ ਛੂਹ ਜਾਂਦਾ ਹੈ। ਰਾਸੋ ਦੀ ਦੋਸਤੀ, ਟੈਮੀ ਦੀ ਪ੍ਰਤੀਬੱਧਤਾ ਚੰਦ ਸਿੰਘ ਦੀ ਜ਼ਿੰਦਗੀ ਹੀ ਬਦਲ ਦਿੰਦੇ ਹਨ। ਰੰਗ, ਨਸਲ, ਜਾਤ-ਪਾਤ ਦੇ ਸੀਮਿਤ ਦਾਇਰਿਆਂ ਨੂੰ ਉਲੰਘ ਕੇ ਇਹ ਕਹਾਣੀ 'ਮਾਨਸ ਕੀ ਜਾਤ ਸਭੈ ਏਕੇ ਪਹਿਚਾਨਬੋ' ਦਾ ਪਰਚਮ ਬੁਲੰਦ ਕਰਦੀ ਹੈ।

ਪਰ ਲੇਖਕ ਦਾ ਕਮਾਲ ਇਹ ਹੈ ਕਿ ਇਹ ਸਾਰਾ ਕੁਝ ਦਰਸਾਉਂਦਾ ਹੋਇਆ, ਨਾ ਉਹ ਅਖੌਤੀ ਆਦਰਸ਼ਵਾਦ ਦਾ ਸਹਾਰਾ ਲੈਂਦਾ ਹੈ ਤੇ ਨਾ ਹੀ ਭਾਵੁਕਤਾ ਦੇ ਵਹਿਣ ਵਿਚ ਵਹਿੰਦਾ ਹੈ। ਹਾਂ, ਇਨਸਾਨੀਅਤ ਦੇ ਨਿੱਘ ਵਿਚ ਉਹ ਤਰਲ ਜ਼ਰੂਰ ਹੁੰਦਾ ਜਾਂਦਾ ਹੈ।

*"ਇਹ ਹੱਥ ਇਕ ਕਾਲੇ ਬੰਦੇ ਦਾ ਐ, ਯਾਦ ਰੱਖੀਂ!" ਉਹਨੇ ਮੇਰੇ ਹੱਥ ਦੀ ਪਕੜ ਹੋਰ ਮਜ਼ਬੂਤ ਕਰਦਿਆਂ ਕਿਹਾ ਤਾਂ ਮੇਰਾ ਸਰੀਰ ਕੰਬ ਗਿਆ ਤੇ ਆਵਾਜ਼ ਥਿੜਕ ਗਈ ਸੀ, "ਤੇ ਆਹ ਹੱਥ ਵੀ ਇਕ ਕਾਲੇ ਦਾ ਈ ਐ ਦੋਸਤ।" (ਪੰਨਾ 31)*

'ਡਰੀਮ ਵੀਜ਼ਨ' ਨਾਚ ਘਰ ਵਿਚ ਪਈ ਇਹ ਦੋਸਤੀ ਦਿਨੋ-ਦਿਨ ਪੀਢੀ ਹੁੰਦੀ ਜਾਂਦੀ ਹੈ। ਕਾਲੇ ਲੋਕਾਂ ਨਾਲ ਹੁੰਦੇ ਵਿਤਕਰੇ ਅਤੇ ਬੇਇਨਸਾਫ਼ੀ ਵਿਰੁੱਧ ਕੀਤੇ ਗਏ ਵਿਸ਼ਾਲ ਰੋਸ ਪ੍ਰਦਰਸ਼ਨ ਦੌਰਾਨ ਗੋਰੇ ਨਸਲਵਾਦੀ ਸੰਗਠਨ 'ਕੂ ਕਲੱਕਸ ਕਲੈਨ' ਦੇ ਗੁੰਡਿਆਂ ਵੱਲੋਂ ਉਨ੍ਹਾਂ ਦਾ 'ਡਰੀਮ ਵੀਜ਼ਨ' ਤਬਾਹ ਕਰ ਦਿੱਤਾ ਜਾਂਦਾ ਹੈ। ਰਾਸੋ ਦਾ ਸੁਪਨਾ, ਉਸ ਦੀ ਲੈਕਸਿਸ ਕਾਰ ਵੀ ਸਾੜ ਦਿੱਤੀ ਗਈ ਹੈ, ਅਤੇ ਉਸ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ਹੈ। ਉਸ ਦੀ ਗ਼ੈਰ-ਹਾਜ਼ਰੀ ਵਿਚ ਚਾਂਦ ਉਸ ਦੀ ਪਤਨੀ ਟੈਮੀ ਦੀ ਮਦਦ ਕਰਦਾ ਹੈ। ਫਿਰ ਰਾਸੋ ਟੈਮੀ ਨੂੰ ਕਹਿ ਕੇ ਚਾਂਦ ਦੇ ਲੀਗਲ ਪੇਪਰ ਬਣਵਾ ਦਿੰਦਾ ਹੈ। ਉਸ ਦੌਰਾਨ ਟੈਮੀ ਨਾਲ ਚਾਂਦ ਦਾ ਅਜਿਹਾ ਰੂਹ ਦਾ ਰਿਸ਼ਤਾ ਕਾਇਮ ਹੁੰਦਾ ਹੈ ਕਿ ਮੁੜ ਕੇ ਉਹ ਸਕੂਨ ਚਾਂਦ ਆਪਣੀ ਪਤਨੀ 'ਚੋਂ ਵੀ ਨਹੀਂ ਪ੍ਰਾਪਤ ਕਰ ਸਕਦਾ -

*"ਪਤਾ ਨਹੀਂ ਇਹ ਪਿਆਰ-ਮੁਹੱਬਤ ਦੀ ਕਿਹੜੀ ਵੰਨਗੀ ਹੋਊ ਕਿ ਟੈਮੀ ਦੇ ਸਿਰਫ਼ ਅੰਗ-ਸੰਗ ਵਿਚਰ ਕੇ ਹੀ, ਉਹ ਸਕੂਨ ਮਿਲ ਜਾਂਦਾ ਸੀ, ਜੋ ਆਪਣੀ ਪਤਨੀ ਨੂੰ ਰੱਜ ਕੇ ਭੋਗ ਕੇ ਵੀ ਨਹੀਂ ਸੀ ਮਹਿਸੂਸ ਹੋਇਆ।" (ਪੰਨਾ 48)*

'ਕਾਲਾ ਨਾਚ' ਵਿਚਲਾ ਪੋਸਟਰ 'ਬਲੈਕ ਇਜ਼ ਬੋਲਡ ਐਂਡ ਬਿਊਟੀਫੁੱਲ' ਆਪਣੇ ਅੰਦਰ ਪੀੜ, ਦਰਦ, ਆਸ਼ਾ, ਮਨੁੱਖਤਾ, ਸਾਰਾ ਕੁਝ ਸਮੋਈ ਲਟਕ ਰਿਹਾ ਹੈ। ਨੌਜਵਾਨ ਕਲਾਕਾਰ ਗਬੀਬਾ ਤੇ ਗਿਬਜ਼ ਦੇ ਅਪਾਰਟਮੈਂਟ ਦੀ ਖਿੜਕੀ ਉੱਪਰ ਲੱਗਾ ਇਹ ਪੋਸਟਰ 'ਧੂੜ ਥੱਲੇ ਲੁਕਦਾ ਜਾ ਰਿਹਾ ਹੈ'। ਉਨ੍ਹਾਂ ਦੇ ਨਾਚ-ਸੰਗੀਤ ਹੁਨਰ ਦਾ ਕਰਿਸ਼ਮਾ ਇਸ 'ਤੇ ਜੰਮੀ ਧੂੜ ਉਡਾਉਣ ਦੀ ਕੋਸ਼ਿਸ਼ ਕਰਦਾ ਹੈ। ਪਰ ਉਨ੍ਹਾਂ ਨੂੰ ਆਪਣੇ ਇਸ ਹੁਨਰ ਦਾ ਇਸਤੇਮਾਲ ਜਾਬਰ ਤੇ ਹਮਲਾਵਰ ਸਟੇਟ ਲਈ ਵੀ ਕਰਨਾ ਪੈਂਦਾ ਹੈ, ਤਾਂ ਅੰਤਰ-ਆਤਮਕ ਦਰਦ ਦੀ ਇੰਤਹਾ ਗਬੀਬਾ ਦੇ ਇਹਨਾਂ ਬੋਲਾਂ 'ਚੋਂ ਦੇਖੀ ਜਾ ਸਕਦੀ ਹੈ -

*"ਹਰ ਕਾਲੀ ਕੁੜੀ ਨੱਚਣਾ-ਗਾਉਣਾ ਤਾਂ ਮਾਂ ਦੀ ਕੁੱਖ ਵਿਚੋਂ ਹੀ ਸਿੱਖ ਕੇ ਆਉਂਦੀ ਹੈ ਪਰ ਜ਼ਿੰਦਗੀ ਕੀ ਸਿਖਾਉਂਦੀ ਹੈ, ਇਹ ਇਕ ਵੱਖਰੀ ਗੱਲ ਹੈ।" (ਪੰਨਾ 206)*

ਇਹ ਹੁਨਰ 'ਮੈਂ' ਪਾਤਰ ਨੂੰ ਵੀ ਟੁੰਬਦਾ ਹੈ ਤਾਂ ਉਨ੍ਹਾਂ ਨੂੰ ਆਪਣੇ ਘਰ ਦਾਅਵਤ 'ਤੇ ਬਲਾਉਂਦਾ ਹੈ, ਪਰ



ਗਬੀਬਾ ਦਾ ਬੁਆਏ-ਫ਼ਰੈਂਡ ਗਿਬਜ ਸ਼ਰਾਬ ਦੇ ਨਸ਼ੇ ਵਿਚ ਬੱਕੜ-ਵਾਹ ਕਰ ਰਿਹਾ ਹੈ ਤਾਂ ਉਸਨੂੰ ਆਪਣਾ-ਆਪ ਦੋਸ਼ੀ ਲੱਗ ਰਿਹਾ ਹੈ - *"ਮੈਂ ਬਹੁਤ ਹੀ ਮੱਧਮ ਆਵਾਜ਼ ਵਿਚ ਕਹਿ ਰਿਹਾ ਹਾਂ, "ਆਈ ਐਮ ਵੈਰੀ ਸੌਰੀ ਮਿਸ ਗਬੀਬਾ, ਮੈਂ ਇਹਨੂੰ ਕੁਝ ਜ਼ਿਆਦਾ ਹੀ ਪਿਲਾ ਦਿੱਤੀ।"*

*"ਨਹੀਂ ਸਰ ਨਹੀਂ। ਇਹਦਾ ਹਰ ਥਾਂ ਇਹੀ ਹਾਲ ਹੁੰਦਾ। ਅਸਲ ਵਿਚ, ਮੁਫ਼ਤ ਦੀ ਸ਼ਰਾਬ ਬਿਨਾ ਹਿਸਾਬ ਪੀ ਕੇ ਬਕਵਾਸ ਕਰਨੀ ਕਾਲੇ ਬੰਦੇ ਦਾ ਸਭ ਤੋਂ ਵੱਡਾ ਫੰਨ ਹੁੰਦਾ। ਇਹ ਫੰਨ ਵੀ ਸਾਨੂੰ ਉਹਨਾਂ ਗੁਲਾਮ ਮਾਲਕਾਂ ਕੋਲੋਂ ਵਿਰਾਸਤ ਵਿਚ ਹੀ ਮਿਲਿਆ ਹੈ, ਜਿਨ੍ਹਾਂ ਦੇ ਜ਼ੁਲਮਾਂ ਬਾਰੇ ਤੁਸੀਂ ਲਿਖਣਾ ਚਾਹੁੰਦੇ ਹੋ! ਉਹ ਗੁਲਾਮ ਮਾਲਕ ਵੀ ਸਾਲ ਵਿਚ ਇਕ ਵਾਰ ਕ੍ਰਿਸਮਿਸ ਦੇ ਮੌਕੇ 'ਤੇ ਆਪਣੇ ਗੁਲਾਮਾਂ ਨੂੰ ਰੱਜ ਕੇ ਸ਼ਰਾਬ ਪਿਲਾ ਕੇ ਬਕਵਾਸ ਕਰਨ ਲਈ ਖੁੱਲ੍ਹਾ ਛੱਡ ਦਿੰਦੇ ਸਨ।" (ਪੰਨਾ 209)*

ਇਸ ਸੰਗ੍ਰਹਿ ਦੀ ਅੰਤਿਮ ਕਹਾਣੀ 'ਕਰਾਂਤੀ ਗੀਤ' ਚੰਗੇਰੇ ਭਵਿੱਖ ਲਈ ਸਿਰਜਿਆ ਜਾਣ ਵਾਲਾ ਸਮੂਹ-ਗਾਨ ਹੋ ਨਿੱਬੜਦੀ ਹੈ। ਇਨਕਲਾਬੀ ਸੰਘਰਸ਼ ਦੀ ਸਿਖਰ ਲੰਘ ਚੁੱਕੀ ਹੈ। ਮੁਲਕਾਂ ਦੀਆਂ ਸਿਆਸੀ ਸਮੀਕਰਣਾਂ ਬਦਲ ਚੁੱਕੀਆਂ ਹਨ। ਦੁਨੀਆ ਦਾ ਦ੍ਰਿਸ਼ ਬਦਲ ਚੁੱਕਾ ਹੈ। ਪਰ ਆਮ ਮਨੁੱਖ ਦੀ ਜ਼ਿੰਦਗੀ ਦੀਆਂ ਮੁਸ਼ਕਿਲਾਂ, ਸਮੱਸਿਆਵਾਂ ਤੇ ਥੁੜਾਂ ਵਿਚ ਕੋਈ ਤਬਦੀਲੀ ਨਹੀਂ ਆਈ। ਮਨੁੱਖ ਨੂੰ ਅੰਦਰੋਂ ਤੋੜ ਕੇ ਗੁਲਾਮ ਬਣਾਉਣ ਦੀਆਂ ਕੋਸ਼ਿਸ਼ਾਂ ਮਨੁੱਖ-ਵਿਰੋਧੀ ਤਾਕਤਾਂ ਨੇ ਅਜੇ ਛੱਡੀਆਂ ਨਹੀਂ। ਬੌਧਿਕ ਕੰਗਾਲੀ ਦੇ ਇਸ ਦੌਰ ਵਿਚ ਗ਼ੁਲਾਮੀ ਦੀਆਂ ਜ਼ੰਜੀਰਾਂ ਗਿੱਟਿਆਂ ਨਾਲੋਂ ਲਹਿ ਕੇ ਦਿਮਾਗ ਨੂੰ ਪੈ ਗਈਆਂ ਹਨ। ਅਣਦਿਸਦੀਆਂ ਲਗਾਮਾਂ ਦਾ ਖਿੱਚਿਆ ਆਮ ਬੰਦਾ ਉਸੇ ਪਾਸੇ ਨੂੰ ਹੀ ਤੁਰਦਾ ਹੈ, ਜਿਸ ਪਾਸੇ ਤੋਰਨ ਵਾਲੇ ਚਾਹੁੰਦੇ ਹਨ। ਪਰ ਮਨੁੱਖ ਅੰਦਰੋਂ ਮਰਿਆ ਨਹੀਂ। ਇਹ ਅਣਦਿਸਦੀਆਂ ਲਗਾਮਾਂ ਤੋੜਨ ਲਈ ਉਹ ਆਪਣਾ ਖ਼ਾਸਾ ਤੇ ਆਪਣੇ ਸੰਘਰਸ਼ ਦਾ ਰਾਹ ਨਹੀਂ ਤਿਆਗਦਾ।

'ਕਰਾਂਤੀ ਗੀਤ' ਕਹਾਣੀ ਜੀਵਨ, ਵਿਚਾਰਧਾਰਾ, ਫਲਸਫੇ ਦੀ ਨਿਰੰਤਰਤਾ ਦੀ ਕਹਾਣੀ ਹੈ। ਸਾਰੀ ਉਮਰ ਇਨਕਲਾਬੀ ਸੋਚ ਨੂੰ ਪਰਨਾਅ ਕੇ ਤੁਰਿਆ ਮੁੱਖ-ਪਾਤਰ ਪ੍ਰੋਫੈਸਰ ਯੁੱਧਵੀਰ ਮਹਿਸੂਸ ਕਰਨ ਲੱਗ ਪਿਆ ਹੈ ਕਿ ਜਿਸ ਫਲਸਫੇ ਦਾ ਪੱਲਾ ਫੜ੍ਹ ਕੇ ਉਸਨੇ ਲੰਮਾ ਸੰਘਰਸ਼ ਲੜਿਆ ਹੈ, ਵਕਤ ਦੀ ਤੋਰ ਨਾਲ ਉਸ ਵਿਚ ਤਬਦੀਲੀਆਂ ਜ਼ਰੂਰੀ ਹਨ -

*"ਮੇਰੀ ਸਮਝ ਹੈ ਕਿ ਮਾਰਕਸਵਾਦੀ ਵਿਚਾਰਧਾਰਾ ਵਿਚ ਵਿਕਾਸ ਦੀ ਲੋੜ ਹੈ। ਚੌਤਰਫ਼ੇ ਵਿਕਾਸ ਦੀ ਲੋੜ ਹੈ। ਇਹ ਵਿਕਾਸ ਕਿੰਜ ਹੋਵੇ ਤੇ ਕਦੋਂ ਹੋਵੇਗਾ, ਇਹ ਮੈਨੂੰ ਨਹੀਂ ਪਤਾ, ਪਰ ਇਕ ਗੱਲ ਪੱਕੀ ਹੈ ਕਿ ਇਹ ਸਿਰਫ ਕਿਤਾਬੀ ਗਿਆਨ ਜਾਂ ਚਿੰਤਨ-ਮੰਥਨ ਨਾਲ ਹੀ ਸੰਭਵ ਨਹੀਂ ਹੋ ਸਕਣਾ। ਇਸ ਵਿਕਾਸ ਲਈ ਠੋਸ ਅਮਲ ਜ਼ਰੂਰੀ ਹੈ ... ਉਹ ਠੋਸ ਅਮਲ ਜੋ ਅਣਸੁਲਝੇ ਮਸਲੇ ਹੱਲ ਕਰ ਸਕੇ।" (ਪੰਨਾ 226)*

ਮੁੱਖ-ਪਾਤਰ ਅਤੇ ਉਸਦੀ ਪਤਨੀ ਘਰ ਖਰੀਦਣ ਦੀ ਤਿਆਰੀ ਵਿਚ ਹਨ। ਰੀਅਲ ਇਸਟੇਟ ਵਾਲੇ ਮਿੱਤਰ ਦੇ ਜਰੀਏ ਗੱਲ ਪੱਕੀ ਹੋਣ ਵੱਲ ਵਧ ਰਹੀ ਹੈ। ਅਚਾਨਕ ਦੋਸਤਾਂ ਵਰਗਾ ਪੁਰਾਣਾ ਸ਼ਾਗਿਰਦ ਕਰਾਂਤੀ ਆ ਜਾਂਦਾ ਹੈ। ਕਰਾਂਤੀ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਵਿਵਸਥਾ ਨੂੰ ਗਹਿਰਾਈ ਤੱਕ ਸਮਝਦਾ ਹੈ। ਹਾਲਾਤ ਦੀ ਹਵਾ ਸਮਝਦਾ ਹੋਇਆ ਉਹ ਜਾਣਦਾ ਹੈ ਕਿ ਮੰਦਵਾੜਾ ਜਾਂ ਮਹਾਂ-ਮੰਦਵਾੜਾ ਆਉਣ ਵਾਲਾ ਹੈ। ਹਾਊਸਿੰਗ ਬਬਲ ਵੀ ਫਟਣ ਵਾਲਾ ਹੈ, ਜਿਸ ਨਾਲ ਰੀਅਲ-ਇਸਟੇਟ ਕਰੈਸ਼ ਹੋ ਸਕਦੀ ਹੈ। ਇੰਝ ਉਹ ਮੁੱਖ-ਪਾਤਰ ਨੂੰ ਅਜੇ ਘਰ ਨਾ ਖਰੀਦਣ ਦੀ ਸਲਾਹ ਦਿੰਦਾ ਹੈ।

'ਮੰਦਵਾੜਾ ਆਉਣਾ' ਤੇ 'ਹਾਊਸਿੰਗ ਬਬਲ' ਦਾ ਫਟਣਾ ਅਸਲ ਵਿਚ ਸਰਮਾਏਦਾਰੀ ਦੇ ਖੋਖਲੇਪਨ ਵੱਲ ਇਸ਼ਾਰਾ ਕਰਦਾ ਹੈ। ਰੀਅਲ ਇਸਟੇਟ ਏਜੰਟ ਭਾਵੇਂ ਦੋਸਤੀ ਦਾ ਦਮ ਭਰਦਾ ਹੈ ਪਰ ਉਹ ਸਾਮੀ ਹੱਥੋਂ ਜਾਣ ਨਹੀਂ ਦੇਣਾ ਚਾਹੁੰਦਾ।

ਉਹ ਕਰਾਂਤੀ ਦੇ ਵਿਚਾਰ ਸੁਣ ਕੇ ਕਹਿੰਦਾ ਹੈ:

*'ਹਾਊਸਿੰਗ ਬਬਲ' ਫਟਣ ਦਾ ਸੁਣ ਕੇ ਚੀਮਾ ਫਿਕਰਮੰਦ ਹੋ ਗਿਆ ਪਰ ਮਿੱਠੀ ਵਪਾਰਕ ਸੁਰ ਵਿਚ ਬੋਲਿਆ, "ਹਾਂ ਪ੍ਰੋਫੈਸਰ! ਇਹ ਗੱਲ ਕਰਾਂਤੀ ਠੀਕ ਕਹਿੰਦਾ, ਇਕ ਹੋਰ ਮੰਦਵਾੜੇ ਦਾ ਖਤਰਾ ਪੈਦਾ ਹੋ ਰਿਹਾ। ਜੇ ਘਰ ਖਰੀਦਣ ਦਾ ਮੌਕਾ ਹੁਣ ਹੱਥੋਂ ਨਿਕਲ ਗਿਆ, ਤਾਂ ਪਤਾ ਨਹੀਂ, ਫਿਰ ਕਦੇ ਖਰੀਦ ਵੀ ਸਕੋਗੇ ਕਿ ਨਹੀਂ। ਹੁਣ ਬੈਂਕਾਂ ਅੱਖਾਂ ਮੀਚ ਕੇ ਮੌਰਗੇਜ ਦੇ ਰਹੀਆਂ, ਜੇ ਹਾਊਸਿੰਗ ਬਬਲ ਫਟ ਗਿਆ ਤਾਂ ਇਨ੍ਹਾਂ ਲੋਨ ਦੇਣਾ ਉੱਕਾ ਈ ਬੰਦ ਕਰ ਦੇਣਾ। ਸੋ ਲੈ ਲਓ ਫਟਾਫਟ ਘਰ, ਹੁਣ ਵਧੀਆ ਮੌਕਾ ਏ।" (ਪੰਨਾ 222)*

ਚੀਮੇ ਤੇ ਕਰਾਂਤੀ ਦਾ ਵਾਰਤਾਲਾਪ ਦੋਸਤਾਨਾ ਬਹਿਸ ਦਾ ਰੂਪ ਧਾਰ ਲੈਂਦਾ ਹੈ। ਪਰ ਚੀਮੇ ਦੇ ਚਲੇ ਜਾਣ ਤੋਂ ਮਗਰੋਂ ਮਾਹੌਲ ਬੌਧਿਕ ਚਿੰਤਨ ਮੰਥਨ ਵਿਚ ਬਦਲ ਜਾਂਦਾ ਹੈ। ਉਸ ਵਿਚ 'ਮੈਂ' ਪਾਤਰ ਦੀ ਪਤਨੀ ਵੀ ਸ਼ਾਮਲ ਹੋ ਜਾਂਦੀ ਹੈ।

ਗੱਲਬਾਤ ਚੱਲਦੇ-ਚੱਲਦੇ ਉਸ ਦਿਨ ਸ਼ਹਿਰ ਵਿਚ ਹੋਈ ਜ਼ਬਰਦਸਤ ਪਰਵਾਸੀ ਰੈਲੀ ਉੱਪਰ ਫੋਕਸ ਹੋ ਜਾਂਦੀ ਹੈ। ਪ੍ਰੋ. ਯੁੱਧਵੀਰ ਉਸ ਰੈਲੀ ਨੂੰ ਇਨਕਲਾਬੀ ਸੰਘਰਸ਼ ਦੀ ਨਿਰੰਤਰਤਾ ਦੇ ਰੂਪ ਵਿਚ ਪੇਸ਼ ਕਰਦਾ ਹੈ ਤਾਂ ਕਰਾਂਤੀ ਕਹਿੰਦਾ ਹੈ:

*"ਇਸ ਰੈਲੀ ਨੂੰ ਛੱਡੋ, ਤੁਸੀਂ ਇਹ ਦੱਸੋ, ਇਨ੍ਹਾਂ ਮਹਾਂਬਲੀ ਸਾਮਰਾਜੀ ਲੁਟੇਰਿਆਂ ਦੀ ਨਵੀਂ ਚੜ੍ਹਤ ਨੂੰ ਕਿਹੜੀ ਇਨਕਲਾਬੀ ਸ਼ਕਤੀ ਰੋਕ ਸਕਦੀ ਹੈ? ਕਿੱਥੇ ਹੈ ਉਹ ਸ਼ਕਤੀ ਜੋ ਸਾਮਰਾਜੀ ਮਨਮਾਨੀਆਂ ਤੇ ਨਵੀਆਂ ਜੰਗਾਂ ਨੂੰ ਰੋਕ ਸਕੇ? ਉਹ ਸ਼ਕਤੀ ਜੋ ਅਰਬ ਦੀ ਖਾੜੀ ਦੀ ਖ਼ੂੰਖਾਰ ਤਬਾਹੀ ਨੂੰ ਠੱਲ ਪਾ ਸਕੇ?"*
*(ਪੰਨਾ 225)*

ਯੁੱਧਵੀਰ ਸੋਚੀਂ ਪੈ ਜਾਂਦਾ ਹੈ ਤਾਂ ਕਰਾਂਤੀ ਹੋਰ ਵੀ ਸਪੱਸ਼ਟ ਸਵਾਲ ਕਰਦਾ ਹੈ:

"ਤੁਸੀਂ ਵਿਚਾਰਧਾਰਕ ਤੌਰ 'ਤੇ ਕਿੱਥੇ ਖੜ੍ਹੇ ਹੋ?" *(ਪੰਨਾ 226)*

ਇਹ ਬੌਧਿਕ ਸੰਵਾਦ ਗਹਿਰ-ਗੰਭੀਰ ਵਿਚਾਰਧਾਰਕ ਬਹਿਸ ਦਾ ਰੂਪ ਧਾਰ ਜਾਂਦਾ ਹੈ ਤਾਂ ਯੁੱਧਵੀਰ ਇਸਨੂੰ ਸੱਜਰੇ ਮੁੱਦੇ, ਪਰਵਾਸੀ ਰੈਲੀ ਨਾਲ ਜੋੜ ਦਿੰਦਾ ਹੈ –

*"ਦੇਖੋ, ਇਕ ਲੋਕ ਸੰਗਰਾਮ ਦੁਨੀਆ ਦੀ ਸਭ ਤੋਂ ਸ਼ਕਤੀਸ਼ਾਲੀ ਤੇ ਖ਼ੂੰਖਾਰ ਸਟੇਟ ਨੂੰ ਵੰਗਾਰ ਰਿਹਾ ਹੈ। ਟੀਵੀ ਵਿਦਵਾਨ ਇਸ ਨੂੰ 'ਇਕ ਸ਼ਿਕਾਗੋ ਹੋਰ' ਕਹਿ ਰਹੇ ਸੀ। ਚਲੋ 'ਇਕ ਸ਼ਿਕਾਗੋ ਹੋਰ' ਹੀ ਸਹੀ, ਸੰਘਰਸ਼ ਤਾਂ ਜਾਰੀ ਹੈ। ... ਆਪਣੇ ਵੱਲੋਂ ਇਸ ਸੰਘਰਸ਼ ਦਾ ਸਵਾਗਤ ਤੇ ਸਮਰਥਨ ਕਰਨਾ ਬਣਦਾ ਹੈ। ਚਲੋ, ਇਸ ਦੇ ਸਵਾਗਤ ਵਜੋਂ ਆਪਾਂ ਇਕ ਗੀਤ ਸਿਰਜਦੇ ਹਾਂ ... ਕਰਾਂਤੀ ਗੀਤ!" (ਪੰਨਾ 230)*

ਉਹ ਤਿੰਨੇਂ ਜਣੇ ਮਿਲ ਕੇ ਪਹੁ-ਫੁਟਾਲੇ ਵੇਲੇ ਗੀਤ ਸਿਰਜਣ ਵਿਚ ਸਫ਼ਲ ਹੋ ਜਾਂਦੇ ਹਨ ਤਾਂ ਉਨ੍ਹਾਂ ਦੇ ਵਜੂਦ ਦਾ ਰੋਮ-ਰੋਮ ਚਹਿਕ ਉੱਠਦਾ ਹੈ। ਰੂਹ ਦਾ ਪੋਟਾ ਪੋਟਾ ਖਿਲ਼ ਉੱਠਦਾ ਹੈ। ਉਹ ਗੀਤ ਵਾਰ-ਵਾਰ ਗਾਉਂਦੇ ਹਨ। ਮਿੱਤਰਾਂ ਦੀ ਮਹਿਫ਼ਲ ਵਿਚ ਵੀ ਸਨਾਉਂਦੇ ਹਨ ਤੇ ਸੂਹੀਆਂ ਕਿਰਨਾਂ ਦੇ ਨਾਂ ਕਰ ਦਿੰਦੇ ਹਨ।

ਇਸ ਤਰ੍ਹਾਂ ਇਸ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਆਪਣੀ ਬਣਤਰ, ਬੁਣਤਰ ਅਤੇ ਹਾਂ-ਪੱਖੀ ਸੁਨੇਹੇ ਨਾਲ ਆਪਣੀ-ਆਪਣੀ ਥਾਂ ਮਹੱਤਵਪੂਰਨ ਹਨ। ਲੇਖਕ ਦਾ ਮਾਨਵਵਾਦੀ ਦ੍ਰਿਸ਼ਟੀਕੋਣ ਕਿਤੇ ਵੀ ਤਿੜਕਦਾ ਨਹੀਂ। ਆਮ ਮਨੁੱਖ ਦੀ ਧਿਰ ਬਣ ਕੇ ਖਲੋਣ ਦਾ ਜਜ਼ਬਾ ਲੇਖਕ ਵਿਚ ਲੋਹੜੇ ਦਾ ਹੈ। ਇਹ ਉਸਦੇ ਲੰਬੇ ਜੀਵਨ-ਸੰਘਰਸ਼ ਦੀ ਹੀ ਉਪਜ ਹੈ। ਇਹ ਸੰਗ੍ਰਹਿ ਇਸ ਆਸ ਨਾਲ ਖ਼ਤਮ ਹੁੰਦਾ ਹੈ ਕਿ ਮਨੁੱਖ ਨੇ ਇਕ ਨਾ ਇਕ ਦਿਨ 'ਸੂਹੀ ਸਵੇਰ ਦਾ ਗੀਤ' ਜ਼ਰੂਰ ਰਚਣਾ ਹੈ। ਇਹ ਗੀਤ ਸੰਘਰਸ਼ ਦੀ ਨਿਰੰਤਰਤਾ ਵਜੋਂ ਪੇਸ਼ ਹੁੰਦਾ ਹੈ ਤੇ ਮਨੁੱਖਤਾ ਦੇ ਸੁਨਹਿਰੇ ਭਵਿੱਖ ਦੀ ਉਮੀਦ ਦੇ ਪ੍ਰਤੀਕ ਵਿਚ ਬਦਲ ਜਾਂਦਾ ਹੈ। ਇਸ ਕਹਾਣੀ ਸੰਗ੍ਰਹਿ ਲਈ ਲੇਖਕ ਵਧਾਈ ਦਾ ਹੱਕਦਾਰ ਹੈ। • (**ਸੰਪਰਕ**+1-646-220-2586)



# ਚੜ੍ਹਦੇ ਸੂਰਜ ਦੀ ਲਾਲੀ ਦੀ ਦ੍ਰਿਸ਼ਟੀ /-ਡਾ. ਭੁਪਿੰਦਰ ਕੌਰ





ਗਲਪ ਖੇਤਰ ਵਿਚ ਆਪਣੀ ਇਕ ਵੱਖਰੀ ਪਛਾਣ ਬਣਾਉਣ ਦੀ ਕੋਸ਼ਿਸ਼ ਵਿਚ ਮੁਖਤਿਆਰ ਸਿੰਘ ਦੀ ਇਹ ਪੁਸਤਕ 'ਚੜ੍ਹਦੇ ਸੂਰਜ ਦੀ ਲਾਲੀ' ਅੱਠਵੀਂ ਪੁਸਤਕ ਹੈ। ਅਨਯ ਪੁਰਖ ਵਿਚ ਲਿਖੀਆਂ ਹੋਈਆਂ ਇਸ ਪੁਸਤਕ ਦੀਆਂ 10 ਕਹਾਣੀਆਂ ਵੰਨ ਸੁਵੰਨੇ ਵਿਸ਼ਿਆਂ ਦੀ ਪੇਸ਼ਕਾਰੀ ਕਰਦੀਆਂ ਹਨ। ਸਿਰਲੇਖ ਵਾਲੀ ਕਹਾਣੀ 'ਚੜ੍ਹਦੇ ਸੂਰਜ ਦੀ ਲਾਲੀ' ਅੱਤਵਾਦ ਨੂੰ ਹੱਡੀ ਹੰਡਾ ਚੁੱਕੇ ਜਗਜੀਤ ਵਰਗੇ ਪਾਤਰਾਂ ਦੀ ਕਹਾਣੀ ਹੈ, ਜੋ ਅੱਤਵਾਦ ਦੀ ਕੌੜੀ ਯਾਦ ਨੂੰ ਵਿਸਾਰ ਹੀ ਨਹੀਂ ਸਕੇ, ਅਗਲੀ ਪੀੜ੍ਹੀ ਲਈ ਵੀ ਉਹ ਚਿੰਤਿਤ ਹੈ। ਪਰ ਉਸ ਦੀ ਪਤਨੀ ਸਮਝਦਾਰ ਹੈ ਜੋ ਉਸ ਨੂੰ ਪੁਰਾਣੇ ਸਮੇਂ ਨੂੰ ਵਿਸਾਰ ਕੇ ਬੱਚਿਆਂ ਦੇ ਚਿਹਰੇ ਤੇ ਆਈ ਲਾਲੀ ਰਾਹੀਂ ਇਕ ਆਸ ਵੱਲ ਇਸ਼ਾਰਾ ਕਰਦੀ ਹੈ। ਇਸੇ ਪ੍ਰਕਾਰ ਦੀ ਇਕ ਮਨੋਵਿਗਿਆਨਕ ਕਹਾਣੀ 'ਹੋਰ ਕਿਨ੍ਹਾਂ ਕੁ ਚਿਰ' ਹੈ ਜਿਸ ਵਿੱਚ ਵਿਸ਼ਵਾਸ ਟੁੱਟਣ ਤੇ ਸ਼ਕੁੰਤਲਾ ਵਰਗੇ ਪਾਤਰ ਆਪਣੀ ਸੋਚਣ ਸ਼ਕਤੀ ਗੁਆ ਬੈਠਦੇ ਹਨ, ਉਸ ਦੇ ਠੀਕ ਹੋਣ ਦੀ ਆਸ ਹੀ ਮੁੱਕ ਜਾਂਦੀ ਹੈ। ਕਹਾਣੀ 'ਹੰਝੂ' ਵਿਚੋਂ ਸੁਜਾਨ ਸਿੰਘ ਦੀ 'ਕੁਲਫ਼ੀ' ਕਹਾਣੀ ਦੀ ਝਲਕ ਨਜ਼ਰ ਆਉਂਦੀ ਹੈ, ਫਰਕ ਸਿਰਫ ਏਨਾ ਹੈ ਕਿ ਕੁਲਫ਼ੀ ਕਹਾਣੀ ਦਾ ਬੱਚਾ ਸ਼ਾਹਾਂ ਦੇ ਮੁੰਡੇ ਤੋਂ ਕੁਲਫ਼ੀ ਖੋ ਲੈਂਦਾ ਹੈ ਪਰ ਇਸ ਕਹਾਣੀ ਵਿਚਲਾ ਮੁੱਖ ਪਾਤਰ ਵਿਰੋਧ ਕਰ ਕੇ ਨੌਕਰੀ ਹੀ ਗੁਆ ਲੈਂਦਾ ਹੈ। 'ਬੋਲੀ ਜਾਣ ਦਿਓ', 'ਉਏ ਮੈਂ ਵਿਦ...ਵਾਨ' ਤੇ 'ਜਬਾੜੇ' ਭ੍ਰਿਸ਼ਟ ਤੰਤਰ ਦੀ ਗੱਲ ਕਰਦੀਆਂ ਕਹਾਣੀਆਂ ਹਨ ਭਾਵੇਂ ਉਹ ਕਚਹਿਰੀਆਂ ਵਿਚਲਾ ਭ੍ਰਿਸ਼ਟਾਚਾਰ ਹੋਵੇ, ਭਾਵੇਂ ਕਾਲਜਾਂ ਤੇ ਯੂਨੀਵਰਸਿਟੀਆਂ ਵਿਚਲਾ ਤੇ ਭਾਵੇਂ ਅਮੀਰ ਲੋਕਾਂ ਦੇ ਲਾਲਚ ਦੀ ਕਹਾਣੀ ਹੋਵੇ, ਜੋ ਸਰਮਾਇਆ ਵਧਾਉਣ ਦੀ ਹੋੜ ਵਿਚ ਕਈ ਪਿੰਡਾਂ ਤੇ ਆਮ ਲੋਕਾਂ ਦੀਆਂ ਜ਼ਮੀਨਾਂ ਨੂੰ ਆਪਣੇ ਜਬਾੜੇ ਹੇਠ ਲਿਆਉਣ ਦੀ ਕੋਸ਼ਿਸ਼ ਵਿਚ ਰਹਿੰਦੇ ਹਨ। ਜਿਥੇ ਸਮਾਜ ਵਿਚ ਇਸ ਪ੍ਰਕਾਰ ਦੇ ਲਾਲਚੀ ਲੋਕ ਹਨ ਉਥੇ 'ਲੈਂਚੀਆਂ' ਕਹਾਣੀ ਦੇ ਬਾਬੇ ਵਰਗੇ ਪਾਤਰ ਅਜੇ ਵੀ ਹਨ ਜੋ ਇਨਸਾਨੀਅਤ ਰੱਖਦੇ ਹਨ। ਲੁੱਟ ਖੋਹ ਦੀਆਂ ਵਾਰਦਾਤਾਂ ਦੌਰਾਨ ਆਪਣੀ ਜਾਨ ਗੁਆ ਲੈਂਦੇ ਹਨ ਪਰ ਕਿਸੇ ਦੇ ਹੱਕ ਦੀ ਕਮਾਈ ਹੱਥੋਂ ਨਹੀਂ ਜਾਣ ਦਿੰਦੇ।

'ਧੀਏ ਤੂੰ ਵੀ" ਇਕ ਐਸੀ ਪਾਤਰ ਦੀ ਕਹਾਣੀ ਹੈ, ਜੋ ਆਪਣੇ ਸਮੇਂ ਵਿਚ ਆਪਣੇ ਇਸ਼ਕ ਨੂੰ ਪੁਗਾਉਣ ਦੀ ਕੋਸ਼ਿਸ਼ ਨਹੀਂ ਕਰਦੀ ਤੇ ਮਾਪਿਆਂ ਦੀ ਇੱਛਾ ਅੱਗੇ ਆਪਣੇ ਪਿਆਰ ਨੂੰ ਕੁਰਬਾਨ ਕਰ ਦਿੰਦੀ ਹੈ ਪਰ ਜਦੋਂ ਉਸ ਨੂੰ ਆਪਣੀ ਧੀ ਈ ਉਸੇ ਨਕਸ਼ੇ ਕਦਮ ਤੇ ਚਲਦੀ ਪ੍ਰਤੀਤ ਹੁੰਦੀ ਹੈ ਤਾਂ ਉਹ ਭਾਵੁਕ ਹੋ ਕੇ ਧੀ ਨੂੰ ਆਪਣੇ ਨਾਲ ਲਾ ਲੈਂਦੀ ਹੈ। ਉਸ ਦਾ ਭਾਵੁਕ ਹੋਣਾ, ਆਪਣੀ ਧੀ ਦੇ ਪਿਆਰ ਨੂੰ ਪੁਗਾਉਣ ਵਿਚ ਮਦਦ ਦਾ ਸੰਕੇਤ ਦਿੰਦਾ ਹੈ। ਕਹਾਣੀ 'ਚਿਹਰੇ' ਤੇ 'ਖ਼ੋਲੇ' ਜ਼ਮੀਨ ਜਾਇਦਾਦ ਲਈ ਰਿਸ਼ਤਿਆਂ ਵਿਚ ਆਈਆਂ ਤਰੇੜਾਂ ਦੀ ਗੱਲ ਕਰਦੀਆਂ ਕਹਾਣੀਆਂ ਹਨ। ਕੋਈ ਵੀ ਇੰਨਾਂ ਤਰੇੜਾਂ ਨੂੰ

ਮਿਟਾਉਣ ਦੀ ਕੋਸ਼ਿਸ਼ ਨਹੀਂ ਕਰਦਾ, ਇਹ ਕੋਸ਼ਿਸ਼ ਆਪ ਹੀ ਕਰਨੀ ਪੈਂਦੀ ਹੈ। 'ਚਿਹਰੇ' ਕਹਾਣੀ ਦਾ ਪਾਤਰ ਜਦੋਂ ਕਾਮਯਾਬ ਹੁੰਦਾ ਹੈ ਤਾਂ ਉਸ ਨੂੰ ਤਮਾਸ਼ਾ ਦੇਖਣ ਵਾਲੇ ਚਿਹਰੇ ਵੀ ਖੁਸ਼ ਨਜ਼ਰ ਆਉਣ ਲਗਦੇ ਹਨ। ਖੋਲਿਆਂ ਵਿਚ ਆਪਣਾ ਆਖਰੀ ਸਮਾਂ ਬਤੀਤ ਕਰਦੇ ਲੰਬੜ ਦੀ ਮੌਤ ਦਾ ਕਿਸੇ ਨੂੰ ਵੀ ਦੁੱਖ ਨਹੀਂ ਹੁੰਦਾ, ਸਿਰਫ ਖੋਲੇ ਹੀ ਖੁਸ਼ ਜਾਂ ਦੁਖੀ ਨਜ਼ਰ ਆਉਂਦੇ ਹਨ। ਇਸ ਕਹਾਣੀ ਰਾਹੀਂ ਹਾਸ਼ੀਆਗਤ ਲੋਕਾਂ ਦੀ ਦੁਖਾਂਤਕ ਸਥਿਤੀ ਨੂੰ ਵੀ ਦਰਸਾਇਆ ਗਿਆ ਹੈ। ਸਰਲ, ਸਪਸ਼ਟ ਤੇ ਪੁਆਧੀ ਭਾਸ਼ਾ ਦੀ ਵਰਤੋਂ ਨਾਲ ਮੁਖਤਿਆਰ ਸਿੰਘ ਨੇ ਕਹਾਣੀਆਂ ਰਾਹੀਂ ਸੰਵਾਦ ਸਿਰਜਿਆ ਹੈ, ਜਿਥੇ ਪਹਿਲੀਆਂ ਕਹਾਣੀਆਂ ਨੌਕਰੀ ਪੇਸ਼ਾ ਲੋਕਾਂ ਦੇ ਦੋਹਰੇ ਸੰਕਟ ਨੂੰ ਸਿਰਜਦੀਆਂ ਸਨ, ਇਸ ਸੰਗ੍ਰਹਿ ਦੀਆਂ ਕਹਾਣੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਕਰਦਾ ਹੋਇਆ 'ਚੜ੍ਹਦੇ ਸੂਰਜ ਦੀ ਲਾਲੀ' ਕਹਾਣੀ ਸੰਗ੍ਰਹਿ ਪੜ੍ਹਣਯੋਗ ਹੈ, ਪੁਸਤਕ ਨੂੰ ਜੀ ਆਇਆਂ।

**ਸੰਪਰਕ-98555-95818**

## ਪੈਂਤੀ ਹਾੜ੍ਹ ਦਾ ਸਮਕਾਲੀ ਯਥਾਰਥ /-ਡਾ. ਸੁਖਪਾਲ ਕੌਰ




ਹਰਮੇਸ਼ ਮਾਲੜੀ ਨੂੰ ਜਾਤੀ /ਜਮਾਤੀ ਸੰਘਰਸ਼ ਦੇ ਨਾਲ ਨਾਲ ਅਦਿਖ ਵਰਤਾਰਿਆਂ ਦੀ ਪੜਚੋਲ ਕਰਨ ਵਾਲਾ ਕਹਾਣੀਕਾਰ ਕਿਹਾ ਜਾ ਸਕਦਾ ਹੈ ਜਿਹੜਾ ਆਪਣੀ ਸਿਰਜਣਾਤਮਕਤਾ ਨੂੰ ਕੀ, ਕਿਉਂ, ਅਤੇ ਕਿਵੇਂ ਦੇ ਪ੍ਰਗਟਾਵੇ ਲਈ ਅਪਣਾ ਰਿਹਾ ਹੈ। ਉਹ ਆਪਣੀਆਂ ਕਹਾਣੀਆਂ ਵਿੱਚ ਹਾਸ਼ੀਆਗਤ ਸਮਾਜ ਦੀ ਚਰਚਾ ਕਰਦਿਆਂ ਉਸ ਦੇ ਸੁਲਝੇ, ਅਣਸੁਲਝੇ ਮਸਲਿਆਂ ਤੱਕ ਪਹੁੰਚ ਕਰਦਾ ਅਣਕਿਹੇ ਨੂੰ ਪ੍ਰਗਟਾਉਣ ਲਈ ਯਤਨਸ਼ੀਲ ਜਾਪਦਾ ਹੈ। ਸਧਾਰਨ ਜੀਵਨ ਦੀ ਸਧਾਰਨਤਾ ਤੋਂ ਜਨਮੀਆਂ ਇਹਨਾਂ ਕਹਾਣੀਆਂ ਵਿੱਚ ਅਵਚੇਤਨ ਦੀਆਂ ਇੱਛਾਵਾਂ ਦੀ ਅਪੂਰਨਤਾ ਦੀ ਪੀੜ ਹੈ, ਪੇਂਡੂ ਦਲਿਤ ਸਮਾਜ ਵਿੱਚ ਸਮਾਜਕ ਅਤੇ ਸਭਿਆਚਾਰਕ ਪ੍ਰਸਥਿਤੀਆਂ ਦਾ ਟਕਰਾਉ ਹੈ, ਆਮ ਤੋਂ ਖਾਸ ਬਣਨ ਦੀ ਲਾਲਸਾ ਹੈ ਅਤੇ ਚੇਤੰਨਤਾ ਦਾ ਸਫ਼ਰ ਤੈਅ ਕਰਦਾ ਜਮਾਤੀ ਸੰਘਰਸ਼ ਵੀ ਹੈ। ਕਹਾਣੀਆਂ ਦਾ ਮੂਲ ਸੁਰ ਹਾਸ਼ੀਆਗਤ ਸਮਾਜ ਦਾ ਸ਼ੰਘਰਸ਼ ਅਤੇ ਉਸ ਨਾਲ ਜੁੜੇ ਹਾਲਤਾਂ ਦਾ ਪ੍ਰਗਟਾਵਾ ਹੈ।

ਕਹਾਣੀ 'ਮਾਈ ਭੂਤ ਗਲੇਲੋ' ਆਪਣੇ ਅਵਚੇਤਨ ਵਿੱਚ ਛੁਪੇ ਆਪਣੇ ਕੁਨਾਂ ਨੂੰ ਆਪਣੇ ਲਈ ਇਕ ਸ਼ਕਤੀਸ਼ਾਲੀ ਢਾਲ ਵਜੋਂ ਵਰਤਣ ਵਾਲੀ ਲੜਕੀ ਦੀ ਕਹਾਣੀ ਹੈ ਜੋ ਆਪਣੇ ਬਾਪ ਦੀਆਂ ਵਹਿਬਤਾਂ ਕਾਰਨ ਉਸ ਦੇ ਵਿਰੋਧ ਵਿੱਚ ਖੜ੍ਹੀ ਹੁੰਦੀ ਹੈ ਪਰ ਉਸਦਾ ਇਹ ਵਿਰੋਧ ਚੇਤਨ ਰੂਪ ਵਿੱਚ ਨਹੀ ਸਗੋਂ ਅਚੇਤਨ ਰੂਪ ਵਿੱਚ ਹੁੰਦਾ ਹੈ ਜੋ ਮਾਈ ਭੂਤ ਗਲੇਲੋ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਇਹ ਕਹਾਣੀ ਨਾਥੀ ਭਗਤ ਵਰਗੇ ਪਾਖੰਡੀਆਂ ਦੇ ਪਾਜ ਨੂੰ ਵੀ ਉਘਾੜਦੀ ਹੈ।ਕਹਾਣੀ 'ਪੈਂਤੀ ਹਾੜ੍ਹ' ਦਾ ਲੱਭੂ ਆਪਣੇ ਜੀਵਨ ਵਿੱਚ ਪੈਂਤੀ ਹਾੜ੍ਹ ਦੀ ਉਡੀਕ ਕਰਦਾ ਕੋਹਲੂ ਦਾ ਬੈਲ ਬਣਿਆ ਰਹਿੰਦਾ ਹੈ। ਸਾਰੀ ਉਮਰ ਆਪਣੇ



ਮਤਰੇਏ ਪਰਿਵਾਰ ਲਈ ਕੰਮ ਕਰਦਿਆਂ ਉਹ ਪੈਂਤੀ ਹਾੜ੍ਹ ਨੂੰ ਆਪਣੇ ਵਿਆਹ ਦੀ ਉਡੀਕ ਕਰਦਾ ਹੈ। ਅਸਲੀਅਤ ਸਾਹਮਣੇ ਆਉਣ ਤੇ ਉਹ ਅੰਦਰੋਂ ਟੁੱਟਦਾ ਤਾਂ ਹੈ ਪਰ ਵਿਆਹ ਅਤੇ ਔਰਤ ਲਈ ਉਸ ਦਾ ਤਰਸੇਵਾਂ ਖਤਮ ਨਹੀ ਹੁੰਦਾ ਅਤੇ ਆਪਣੇ ਜ਼ਿਹਨ ਵਿੱਚ ਲਈ ਇਸ ਜਹਾਨ ਤੋਂ ਤੁਰ ਜਾਂਦਾ ਹੈ। ਕਹਾਣੀ ਦਾ ਦੂਸਰਾ ਪੱਖ ਕੇਵਲ ਨਾਂ ਦੇ ਪਾਤਰ ਰਾਹੀ ਸਾਹਮਣੇ ਆਉਂਦਾ ਹੈ ਜਿਸ ਲਈ ਔਰਤ ਲਈ ਲੱਭੂ ਦਾ ਤਰਸੇਵਾਂ ਸਮਝ ਤੋਂ ਬਾਹਰ ਹੈ। ਆਪਣੀ ਪਤਨੀ ਦੀਆਂ ਲਾਲਸਾਵਾਂ ਤੋਂ ਅੱਕਿਆਂ ਉਹ ਸਮਝ ਨਹੀਂ ਪਾਉਂਦਾ ਕਿ ਲੱਭੂ ਇਹੋ ਜਿਹੀ ਤੀਵੀਂ ਲਈ ਤਰਸਦਾ ਕਿਉਂ ਮਰਿਆਂ। 'ਇੱਕ ਹੱਥੀ ਤਾੜੀ' ਕਹਾਣੀ ਪਰੰਪਰਾਗਤ ਮੁਹਾਵਰੇ ਨੂੰ ਨਵੀਨ ਅਰਥਾ ਵਿੱਚ ਪ੍ਰਗਟਾਉਂਦੀ ਹੈ। ਤਕੜੇ ਦੇ ਹੱਥੋਂ ਮਾੜੇ ਦੀ ਹੁੰਦੀ ਦੁਰਗਤੀ ਅਤੇ ਤਕੜੇ ਹੱਥੋਂ ਮਾੜੇ ਦੀ ਦਬਾਈ ਜਾਂਦੀ ਗਰਦਨ ਦੂਸਰੇ ਹੱਥ ਨੂੰ ਤਾੜੀ ਮਾਰਨ ਦਾ ਮੌਕਾ ਈ ਨਹੀ ਦਿੰਦੀ। ਡਾਢਿਆਂ ਦੀ ਸਤਾਈ ਛਿੰਦਰ ਆਪਣੀ ਧੀ ਪਰਮਿੰਦਰ ਰਾਹੀਂ ਆਪਣੇ ਸੁਪਨੇ ਸਜਾਉਂਦੀ ਹੈ ਟਾਹਲੀਆਂ, ਕਿੱਕਰਾਂ ਦੇ ਬੂਟਿਆਂ ਵਿੱਚ ਡੇਕ ਦੇ ਬੂਟੇ ਵਾਂਗ ਖੜੀ ਨੂੰ ਉਸ ਨੂੰ ਭਾਵੇਂ ਜ਼ਿੰਦਗੀ ਦੀਆਂ ਮਾਰਾਂ ਅਤੇ ਆਪਣਿਆਂ ਨੇ ਚਰੂੰਡ ਕੇ ਰੱਖ ਦਿੱਤਾ ਸੀ ਪਰ ਉਹ ਆਪਣੀ ਹੋਂਦ ਦ੍ਰਿੜਾਉਣ ਲਈ ਬਜ਼ਿੱਦ ਸੀ ਪਰ ਉਸ ਦੀ ਧੀ ਦੇ ਕਿਸੇ ਨਾਲ ਘਰੋਂ ਭੱਜ ਜਾਣ ਤੇ ਅਤੇ ਲੋਕਾਂ ਦੁਆਰਾ ਇਹ ਕਹੇ ਜਾਣ ਉਤੇ ਕਿ ਤਾੜੀ ਦੋਵਾਂ ਹੱਥਾਂ ਨਾਲ ਵੱਜਦੀ ਹੈ,ਉਸ ਨੂੰ ਜਾਪਦਾ ਹੈ ਕਿ ਕਿਸਮਤ ਉਸ ਨਾਲ ਇੱਕੋ ਹੱਥ ਨਾਲ ਤਾੜੀ ਵਜਾ ਗਈ ਹੈ ਕਿਉਂਕਿ ਉਹ ਤਾਂ ਕਿਸੇ ਨਾਲ ਵੀ ਵਿਰੋਧ ਜਾਂ ਬਰਾਬਰੀ ਦੋਵਾਂ ਦੀ ਹੈਸੀਅਤ ਵਿੱਚ ਨਹੀਂ ਸੀ। 'ਸੰਮਾਂ ਵਾਲੀ ਡਾਂਗ' ਦਾ ਤਾਇਆ ਅਤੇ ਉਸਦੀ ਸੰਮਾਂ ਵਾਲੀ ਡਾਂਗ ਦੋਵੇਂ ਇਕ ਦੂਜੇ ਦੇ ਪ੍ਰਤੀਬਿੰਬ ਵਾਂਗ ਨਜ਼ਰ ਆਉਂਦੇ ਹਨ ਜੋ ਵਕਤ ਦੀ ਮਾਰ ਅਤੇ ਜ਼ਿੰਦਗੀ ਦੇ ਭਾਰ ਨਾਲ ਕੁੱਬੇ ਹੋ ਜਾਂਦੇ ਹਨ। 'ਮਕਾਣਚੀ' ਦੇ ਚਾਰੇ ਪਾਤਰ ਆਪਣੀ ਜੂਨ ਹੰਡਾਉਂਦੇ ਪਿੰਡ ਵਾਲਿਆਂ ਲਈ ਅਣਹੋਏ ਹੀ ਬਣ ਜਾਂਦੇ ਹਨ। ਉਹਨਾਂ ਦੀ ਹੋਂਦ ਇਕੋ ਸ਼ਬਦ ਮਕਾਣਚੀ ਵਿੱਚ ਹੀ ਸਿਮਟ ਕੇ ਰਹਿ ਜਾਂਦੀ ਹੈ। ਆਪਣੇ ਘਰ ਪਰਿਵਾਰਾਂ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਉਹ ਉਹਨਾਂ ਹੀ ਘਰਾਂ ਵਿੱਚੋਂ ਬਾਹਰ ਕਰ ਦਿੱਤੇ ਜਾਂਦੇ ਹਨ। ਆਧੁਨਿਕਤਾ ਦੇ ਇੱਕ ਕੋਝੇ ਪੱਖ ਦੀ ਪੇਸ਼ਕਾਰੀ ਵੀ ਇਸ ਕਹਾਣੀ ਰਾਹੀ ਕੀਤੀ ਹੈ ਜਿਸ ਵਿੱਚ ਬਜ਼ੁਰਗਾਂ ਨੂੰ ਘਰਾਂ ਤੋਂ ਬਾਹਰ ਕਰ ਇਕ ਨਿਗੂਣੀ ਵਸਤ ਵਜੋ ਜੀ ਜਾਣਿਆ ਜਾਣ ਲੱਗਾ ਹੈ।

'ਚੰਦਨ ਦੇ ਉਹਲੇ' ਕਹਾਣੀ ਔਰਤ ਮਨ ਦੀਆਂ ਅੰਤਰੀਵ ਪਰਤਾਂ ਨੂੰ ਫਰੋਲਦੀ ਹੈ ਜਿਸ ਵਿੱਚ ਬੇਟੀ ਦੀਆ ਖਾਹਿਸ਼ਾਂ ਤੋਂ ਅਣਜਾਣ ਮਾਂ ਸਿਰਫ ਆਪਣੀ ਹਉਮੈ ਦੀ ਪੂਰਤੀ ਲਈ ਆਪਣੇ ਸਾਰੇ ਪਰਿਵਾਰ ਦੀਆਂ ਸੱਧਰਾਂ ਨੂੰ ਪੈਰਾਂ ਹੇਠ ਰੋਲਦੀ ਤੁਰੀ ਜਾਂਦੀ ਹੈ। ਇਥੇ ਚੰਦਨ ਦੇ ਉਹਲੇ ਲੁਕੀ ਬੇਟੀ ਦੇ ਚਾਵਾਂ ਦੀ ਕੋਈ ਕੀਮਤ ਨਹੀਂ ਇਸ ਲਈ ਆਪਣੇ ਹੀ ਵਿਆਹ ਤੇ ਗਾਏ ਜਾ ਰਹੇ ਇਸ ਗੀਤ ਨੂੰ ਸੁਣ ਧੀ ਦੀਆਂ ਭਾਵਨਾਵਾਂ ਹੰਝੂਆਂ 'ਚ ਵਹਿ ਤੁਰਦੀਆਂ ਹਨ। ਗਰੀਬੀ, ਲਾਚਾਰੀ ਅਤੇ ਮਜਬੂਰੀ ਦੀਆਂ ਮਹੀਨ ਤੰਦਾਂ ਨਾਲ ਜੁੜੀ ਕਹਾਣੀ ਔਰਤ ਮਨ ਦੀਆਂ ਕਈ ਪਰਤਾਂ ਨੂੰ ਫਰੋਲਦੀ ਹੈ। 'ਪਨਾਹਗੀਰ' ਦਾ ਹਾਸ਼ੀਆਗਤ ਦਲਿਤ ਸਮਾਜ ਅਜੇ ਤੱਕ ਵੀ ਪਨਾਹਗੀਰਾਂ ਵਾਂਗ ਹੀ ਆਪਣਾ ਜੀਵਨ ਗੁਜ਼ਾਰਦਾ ਨਜ਼ਰੀ ਪੈਂਦਾ ਹੈ ਜਿਸ ਕੋਲ ਅਜੇ ਤੱਕ ਵੀ ਆਪਣਾ ਕੁਝ ਵੀ ਨਹੀ। ਕਹਾਣੀ ਵਿੱਚਲੇ ਕੁਝ ਚੇਤੰਨ ਪਾਤਰ ਇਸ ਪਨਾਹਗੀਰਾਂ ਵਰਗੀ ਜ਼ਿੰਦਗੀ ਨੂੰ ਬਦਲਣ ਲਈ ਬਾਕੀਆਂ ਨੂੰ ਝੰਜੜੋਦੇ ਹਨ ਕਿ ਹੱਕ ਲੈਣ ਲਈ ਸੰਘਰਸ਼ਸ਼ੀਲ ਹੋਣਾ ਪਵੇਗਾ। ਇਸੇ ਸ਼ੰਘਰਸ਼ ਦਾ ਅਸਲੀ ਰੂਪ ਕਹਾਣੀ 'ਟੂ ਦਾ ਹੈਡਮਾਸਟਰ'ਕਹਾਣੀ ਦੇ ਜਸ ਰਾਹੀ ਸਾਹਮਣੇ ਆਉਂਦਾ ਹੈ ਜਿਹੜਾ ਆਪਣੀ ਅੱਲ ਕਾਰਨ ਆਪਣੀ ਹੀਣ ਭਾਵਨਾ ਨੂੰ ਜਿੱਤ ਕਿ ਸਵੈਚੇਤਨ ਵਿੱਚੋ ਆਪਣੀ ਹੋਂਦ ਗ੍ਰਹਿਣ ਕਰ ਜਨਮਾਨਸ ਦੀ ਅਗਵਾਈ ਕਰਨ ਲਈ ਯਤਨਸ਼ੀਲ ਰਹਿੰਦਾ ਹੈ ਅਤੇ ਹੋ ਰਹੇ


ਜ਼ੁਲਮ ਦੇ ਖਿਲਾਫ ਲੋਕਾਂ ਨੂੰ ਲਾਮਬੰਦ ਕਰਦਾ ਹੈ। 'ਰਾਵਣ ਕਾਲ' ਕਹਾਣੀ ਦੇ ਬਿਰਤਾਂਤ ਵਿੱਚ ਸ਼ੋਸ਼ਕ ਅਤੇ ਸ਼ੋਸ਼ਿਤ ਦੋਹਾਂ ਧਿਰਾਂ ਦੇ ਟਕਰਾਅ ਦਾ ਸਿਖਰ ਹੈ ਜਿਸ ਵਿੱਚ ਜਿੱਤ ਹਮੇਸ਼ਾ ਵਾਂਗ ਸ਼ੋਸ਼ਕਾਂ ਦੀ ਹੀ ਹੁੰਦੀ ਹੈ। ਸ਼ੋਸ਼ਿਤ ਧਿਰ ਵਿੱਚ ਸ਼ਿੰਦਰ ਹੈ ਜੋ ਆਪਣੀ ਪਤਨੀ ਦੀ ਮੌਤ ਦਾ ਬਦਲਾ ਲੈਣਾ ਚਾਹੁੰਦਾ ਹੈ ਪਰ ਮਜ਼ਬੂਰ ਹੈ। ਦੂਸਰੇ ਪਾਸੇ ਜਗਨਾ ਅਤੇ ਤੋਖਾ ਹਨ ਜੋ ਸੱਤਾਧਾਰੀ ਧਿਰ ਵਿੱਚ ਸ਼ਾਮਿਲ ਹਨ। ਬਦਲੇ ਦੀ ਤਾਕ ਵਿੱਚ ਬੈਠਾ ਸ਼ਿੰਦਰ ਰਾਵਣ ਦਾ ਕਾਲ ਬਣ ਉਹਨਾਂ ਤੋਂ ਬਦਲਾ ਲੈਣ ਦੀ ਕੋਸ਼ਿਸ਼ ਕਰਦਾ ਹੈ। ਮਹਾਂਕਾਲ ਦਾ ਇਹ ਰੂਪ ਉਸ ਵਿੱਚ ਤਾਕਤ ਅਤੇ ਜੋਸ਼ ਭਰਦਾ ਹੈ ਅਤੇ ਉਹ ਰਾਵਣ ਰੂਪੀ ਜਗਨੇ ਨੂੰ ਮਾਰਨ ਲਈ ਤਤਪਰ ਹੁੰਦਾ ਹੈ ਪਰ ਆਪ ਹੀ ਮੌਤ ਦੇ ਮੂੰਹ ਜਾ ਪੈਂਦਾ ਹੈ।

ਪੁਸਤਕ ਦੀਆਂ ਸਾਰੀਆਂ ਕਹਾਣੀਆਂ ਹੀ ਹਾਸ਼ੀਆਗਤ ਦਲਿਤ ਸਮਾਜ ਦੀਆਂ ਵੱਖ ਵੱਖ ਪ੍ਰਸਤਿਥੀਆਂ ਨੂੰ ਪੇਸ਼ ਕਰਦੀਆਂ ਉਹਨਾਂ ਨੂੰ ਜੁਝਾਰੂ ਰੂਪ ਵਿੱਚ ਪ੍ਰਗਟਾਉਂਦੀਆਂ ਹਨ ਜੋ ਹਰ ਹਾਲ ਵਿੱਚ ਸ਼ੰਘਰਸ਼ਸ਼ੀਲ਼ ਹਨ ਪਰ ਕਈ ਵਾਰ ਇਹ ਸ਼ੰਘਰਸ਼ ਦਿਸ਼ਾਹੀਣ ਹੀ ਰਹਿ ਜਾਂਦਾ ਹੈ। ਬੋਲੀ, ਸ਼ੈਲੀ ਦੇ ਅਨੁਕੂਲ ਵਿਚਰਦੇ ਪਾਤਰ ਆਪੋ ਆਪਣੀ ਗੱਲ ਕਹਿਣ ਦੇ ਸਮਰੱਥ ਤਾਂ ਹਨ ਪਰ ਕਿਤੇ ਕਿਤੇ ਉਲਝ ਜਾਂਦੇ ਹਨ। ਫਿਰ ਵੀ ਇਸ ਕਹਾਣੀ ਸੰਗ੍ਰਹਿ ਵਿੱਚ ਸਾਰੇ ਪਾਤਰ ਆਪਣੇ ਪੈਂਤੀ ਹਾੜ ਦੀ ਉਡੀਕ ਵਿੱਚ ਸ਼ੰਘਰਸ਼ ਸ਼ੀਲ ਹਨ।

**ਸੰਪਰਕ-97797-18007**

## ਮੇਰਾ ਸਟੱਡੀ ਟੇਬਲ /-ਭਗਵੰਤ ਰਸੂਲਪੁਰੀ

### ਕਵਿਤਾ 'ਚ ਪਾਲ ਕੌਰ ਦਾ 'ਹੁਣ ਤੱਕ' ਦਾ ਸਫ਼ਰ




ਪੰਜਾਬੀ ਸਾਹਿਤ ਵਿਚ ਉਨ੍ਹਾਂ ਔਰਤਾਂ ਦੀ ਗਿਣਤੀ ਬਹੁਤ ਘੱਟ ਏ ਜੋ ਸਾਹਿਤ ਲਿਖਦੀਆਂ ਨੇ। ਕਹਾਣੀ ਵਿਚ ਤਾਂ ਲੱਭਦੀਆਂ ਈ ਨਹੀਂ। ਕਵਿਤਾਂ ਵਿਚ ਨਵੀਆਂ ਔਰਤਾਂ ਲਿਖਣ ਲੱਗ ਪਈਆਂ ਨੇ। ਪਾਲ ਕੌਰ ਦੇ ਸਮੇਂ ਬਹੁਤ ਘੱਟ ਸਨ। ਇਸ ਦੇ ਬਾਵਜ਼ੂਦ ਪਾਲ ਕੌਰ ਨੇ ਆਪਣੇ ਸਿਰੜ ਨਾਲ ਚੰਗੀ, ਉਤਮ ਤੇ ਠੋਸ ਕਵਿਤਾ ਲਿਖੀ। ਭਾਵੇਂ ਕਿ ਉਹਦਾ ਓਨਾ ਚਰਚਾ ਨੀ ਹੋਇਆ ਜਿੰਨੀ ਚਰਚਾ ਦੀ ਉਹ ਹੱਕਦਾਰ ਸੀ। 'ਕਾਲੀ' ਦੇ ਉਦਮ ਨਾਲ ਪਾਲ ਨੇ ਆਪਣੀ ਸਾਰੀ ਕਵਿਤਾ ਇਕੱਠੀ ਕੀਤੀ ਤੇ 'ਕਾਲੀ' ਦੇ ਹਵਾਲੇ ਕਰ ਦਿੱਤੀ। ਉਸ ਨੇ ਉਸ ਦੀ ਸਾਰੀ ਕਵਿਤਾ ਨੂੰ ਸੰਪਾਦਤ ਕਰਕੇ ਬਹੁਤ ਮੁੱਲਵਾਨ ਕਾਰਜ ਕੀਤਾ ਏ ਤੇ ਪੁਸਤਕ ਦੇ ਸ਼ੁਰੂ ਵਿਚ ਇਕ ਲੰਮੀ ਭੂਮਿਕਾ ਆਪਣੀ ਸ਼ੈਲੀ ਵਿਚ ਲਿਖੀ ਏ। ਪਾਲ ਪੰਜਾਬੀ ਦੀ ਬਹੁਤ ਹੀ ਸੂਖ਼ਮ ਭਾਵੀ ਤੇ ਸੰਵੇਦਨਸ਼ੀਲ ਕਵਿਤਰੀ ਏ। ਉਹਨੂੰ ਸਮਾਜ ਤੇ ਸਾਂਸਕ੍ਰਿਤੀ ਦੀ ਬਹੁਤ ਗੂੜੀ ਸਮਝ ਏ। ਪਾਲ ਕੌਰ ਨੇ ਹੁਣ ਤੱਕ ਸੱਤ ਕਿਤਾਬਾਂ ਕਵਿਤਾ ਦੀਆਂ ਸਿਰਜੀਆਂ ਹਨ। ਇਸ ਵਿਚ ਤਕਰੀਬਨ ਸਾਰੀਆਂ ਕਵਿਤਾਵਾਂ ਹਨ, ਜੋ 480 ਪੰਨਿਆ ਤੇ ਫੈਲੀਆਂ ਹੋਈਆਂ ਹਨ। ਜਿਸ ਨੂੰ ਜਲੰਧਰ ਦੇ ਦੀਪਕ ਪਬਲਿਸ਼ਰਜ਼ ਨੇ ਛਾਪਿਆ ਏ। ਹਰ ਕਵਿਤਾ ਲਿਖਣ ਵਾਲੇ ਨੂੰ ਇਹਦਾ ਪਾਠ ਕਰਨਾ ਜ਼ਰੂਰੀ ਏ ਨਹੀਂ ਤਾਂ ਉਹ ਕਵਿਤਾ ਦੇ ਵਿਕਾਸ ਦੀ ਥਾਹ ਨਹੀਂ ਪਾ ਸਕਦਾ।




### ਜਸਪਾਲ ਮਾਨਖੇੜਾ ਦਾ ਨਾਵਲ 'ਹੁਣ ਮੈਂ ਉਹ ਨਹੀਂ'




ਜਸਪਾਲ ਪ੍ਰਮੁੱਖ ਤੌਰ ਤੇ ਕਹਾਣੀਕਾਰ ਏ। ਉਸ ਨੇ ਰਿਸ਼ਤਿਆਂ ਦੀ ਟੁੱਟ ਭੱਜ ਨੂੰ ਪੇਸ਼ ਕਰਨ ਵਾਲੀਆਂ ਹੁਣ ਤੱਕ ਕਮਾਲ ਦੀਆਂ ਕਹਾਣੀਆਂ ਲਿਖੀਆਂ ਹਨ। ਮੈਂ 'ਕਹਾਣੀ ਧਾਰਾ' ਵਿਚ ਉਸ ਦੀ ਹਰ ਕਹਾਣੀ ਜ਼ਰੂਰੀ ਮੈਟਰ ਰੋਕ ਕੇ ਲਗਾਉਂਦਾ ਰਿਹਾ ਹਾਂ। ਹੁਣ ਉਸ ਨੇ ਆਪਣਾ ਇਹ ਨਵਾਂ ਨਾਵਲ ਲਿਖਿਆ ਹੈ 'ਹੁਣ ਮੈਂ ਉਹ ਨਹੀਂ' ਉਸ ਨੇ ਬਦਲ ਰਹੇ ਪੰਜਾਬ ਦੀ, ਖਾਸ ਕਰਕੇ ਮਾਲਦੇ ਦੇ ਪੇਡੂ ਖਿੱਤੇ ਦੀ ਤਸਵੀਰ ਨੂੰ ਮਾਨਵਵਾਦੀ ਦ੍ਰਿਸ਼ਟੀ ਨਾਲ ਪੇਸ਼ ਕੀਤਾ ਏ। ਨਾਵਲ ਪ੍ਰਮੁੱਖ ਰੂਪ ਵਿਚ ਕਿਸਾਨੀ 'ਤੇ ਕੇਂਦਰਤ ਏ। ਨਾਲ ਨਾਲ ਖੇਤਾਂ ਵਿਚ ਕੰਮ ਕਰਨ ਵਾਲੇ ਖੇਤ ਮਜ਼ਦੂਰਾਂ ਦੀ ਤ੍ਰਸ਼ਾਦੀ ਨੂੰ ਵੀ ਬਿਰਤਾਂਤ ਦਾ ਹਿੱਸਾ ਬਣਾਉਂਦਾ ਏ। ਪੂਰੇ ਨਾਵਲੀ ਬਿਰਤਾਂਤ ਵਿਚੋਂ ਇਹੀ ਉਭਰਦਾ ਹੈ ਕਿ ਕਦੇ ਵੀ ਖੇਤੀ ਲਾਹੇਵੰਦ ਕਿੱਤਾ ਨਹੀਂ ਬਣ ਸਕੀ। ਪਲੇਠਾ ਨਾਵਲ ਲਿਖਣ ਲਈ ਜਸਪਾਲ ਨੂੰ ਵਧਾਈ ਤਾਂ ਬਣਦੀ ਏ।


### ਗੁਰਮੀਤ ਕੱਲਰਮਾਜਰੀ ਦੀ ਕਾਵਿ ਉਡਾਰੀ 'ਕੁੰਭ ਨਾਦ'




ਗੁਰਮੀਤ ਕੱਲਰਮਾਜਰੀ ਪੰਜਾਬੀ ਦਾ ਹਾਸ਼ੀਆਗਤ ਧਿਰਾਂ ਨਾਲ ਖੜਨ ਵਾਲਾ ਪ੍ਰਤੀਬੱਧ ਕਵੀ ਏ। 'ਕੁੰਭ ਨਾਦ' ਕਾਫੀ ਦੇਰ ਬਾਅਦ ਆਈ ਉਸ ਦੀ ਪੰਜਵੀ ਕਿਤਾਬ ਏ। ਇਸ ਤੋਂ ਪਹਿਲਾਂ ਉਹ ਵਿਚ ਵਿਚ ਕਹਾਣੀ ਆਲੋਚਨਾ ਵੀ ਕਰਦਾ ਰਿਹਾ ਏ। ਤੇ 'ਹਾਸ਼ੀਆ' ਦੀ ਸੰਪਾਦਨਾ ਵੀ। ਸਕੂਲੀ ਵਸਤੂ ਦਾ ਚਿਹਨ ਉਸ ਦੀ ਇਸ ਕਵਿਤਾ ਦਾ ਕੇਂਦਰੀ ਧੁਰਾ ਏ। 'ਸਕੂਲ' ਉਸ ਦੀ ਕਵਿਤਾ ਮੁੱਖ ਸਰੋਤ ਹੈ। ਜੋ ਸੱਤਾ ਦੀ ਭਾਸ਼ਾ ਨਾ ਸਿਰਜਦਾ ਹੋਇਆ ਹਾਸ਼ੀਏ 'ਤੇ ਸੁੱਟੇ ਲੋਕਾਂ ਵਿਚ ਚੇਤਨਾ ਭਰਦਾ ਹੈ। ਨਾਲ ਨਾਲ ਮਨੁੱਖ ਦੇ ਫ਼ਿਕਰਾਂ ਦੀ ਗੱਲ ਵੀ ਇਨ੍ਹਾਂ ਕਵਿਤਾਵਾਂ ਵਿਚ ਕਰਦਾ ਏ। ਕਵਿਤਾ ਵਿਚ ਇਕ ਔਰਤ ਹੈ ਜੋ ਸਕੂਲ ਨੂੰ ਸਾਫ਼ ਕਰਦੀ ਹੋਈ ਸਕੂਲ ਦੇ ਕਲਚਰ ਨੂੰ ਬੜੀ ਬਰੀਕੀ ਨਾਲ ਵਾਚਦੀ ਏ। ਉਸ ਦੀ ਕਵਿਤਾ ਦੇ ਖਿਆਲ ਰੇਸ਼ਮ ਦੀ ਤੰਦ ਵਰਗੇ ਬਰੀਕ ਨੇ। ਮੈਨੂੰ ਉਸ ਨੇ ਆਪਣੇ ਵੱਲ ਖਿੱਚਿਆ ਏ। ਚੰਗੀ ਕਿਤਾਬ ਲਈ ਗੁਰਮੀਤ ਨੂੰ ਵਧਾਈ ਏ ਇਸ ਨੂੰ ਕੈਲੀਬਰ ਪਬਲਿਸ਼ਰਜ਼, ਪਟਿਆਲਾ ਨੇ ਛਾਪਿਆ ਏ।

### 'ਕਹਾਣੀ ਪੰਜਾਬ' ਦਾ ਇਤਿਹਾਸਕ ਸੌਵਾਂ ਅੰਕ


'ਕਹਾਣੀ ਪੰਜਾਬ' ਦਾ ਮੈਂ ਸ਼ੁਰੂ ਤੋਂ ਪਾਠਕ ਰਿਹਾ ਹਾਂ। ਜਦੋਂ ਇਹਦੀ ਕੀਮਤ 10 ਰੁਪਏ ਹੁੰਦੀ ਸੀ। ਪਰਚੇ ਦੇ ਸਾਰੇ ਅੰਕ ਹੁਣ ਵੀ ਮੇਰੀ ਲਾਇਬਰੇਰੀ ਵਿਚ ਮਜ਼ੂਦ ਨੇ। ਇਹ ਵੱਡ ਅਕਾਰੀ 400 ਪੰਨਿਆਂ ਤੱਕ




ਫੈਲਿਆ ਅੰਕ ਕਈ ਕਾਰਨਾ ਕਰਕੇ ਇਤਿਹਾਸਕ ਅਹਿਮੀਅਤ ਰੱਖਦਾ ਏ। ਕਹਾਣੀ ਪੰਜਾਬ ਦਾ ਸਾਹਿਤਕ ਪੱਤਰਕਾਰੀ ਵਿਚ ਪਾਇਆ ਜਾ ਰਿਹਾ ਯੋਗਦਾਨ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਸ ਨੇ ਪੰਜਾਬੀ ਕਹਾਣੀ ਨੂੰ ਬਹੁਤ ਹੀ ਮੁੱਲਵਾਨ ਕਹਾਣੀਆਂ ਦਿੱਤੀਆਂ ਨੇ, ਬਹੁਤ ਸਾਰੇ ਨਵੇਂ ਕਹਾਣੀਕਾਰਾਂ ਨੂੰ ਪੈਦਾ ਕੀਤਾ ਏ। ਜਦੋਂ ਮੈਨੂੰ ਪਤਾ ਲੱਗਾ ਕਿ ਕ੍ਰਾਂਤੀਪਾਲ ਨੇ ਪਹਿਲੇ ਅੰਕਾਂ ਦਾ ਚੋਣਵਾਂ ਸਾਹਿਤ ਇਸ ਵਿਚ ਛਾਪਿਆ ਏ, ਤਾਂ ਮੈਂ ਸੋਚਿਆ ਕਿ ਕ੍ਰਾਂਤੀਪਾਲ ਨੂੰ ਛਪਿਆ ਮੈਟਰ ਛਾਪਣ ਦੀ ਕੀ ਲੋੜ ਪੈ ਗਈ। ਪਰ ਹਰ ਕੋਈ ਮੇਰੇ ਵਾਂਗ ਸਾਰੇ ਅੰਕ ਨਹੀਂ ਸਾਂਭਦਾ। ਜਦੋਂ ਮੈਂ ਇਸ ਦਾ ਮੈਟਰ ਪੜ੍ਹਨ ਲੱਗਾ ਤਾਂ ਅਹਿਸਾਸ ਹੋਇਆ ਕਿ ਮੈਂ ਇਹ ਸਾਰਾ ਕੁਝ ਪਹਿਲੀ ਵਾਰ ਪੜ੍ਹ ਰਿਹਾ ਹਾਂ। ਇਸ ਪਰਚੇ ਵਿਚ ਜੋ ਵਿਚਾਰਧਾਰਕ ਮੁੱਦਿਆਂ 'ਤੇ ਲੇਖ ਤੇ ਮੁਲਾਕਾਤਾਂ ਨੇ ਉਹ ਬਹੁਤ ਅਹਿਮ ਹਨ। ਅਸਗਰ ਵਜਾਹਤ ਦਾ ਲੇਖ ਅਹਿਮ ਏ। ਵੰਡ-ਪ੍ਰਚੱਲਤ ਮਿੱਥਾਂ, ਪਹਿਲੀ ਮੁਹੱਬਤ ਬਾਰੇ ਕਰਮਜੀਤ ਕੁੱਸਾ , ਜਸਵੰਤ ਸਿੰਘ ਕੰਵਲ ਨੇ ਚੰਗਾ ਲਿਖਿਆ ਏ। ਕਾਜ਼ੀ ਅਬਦੁੱਲਸਤਾਰ ਨੇ ਵਿਸ਼ੇਸ਼ 'ਚ ਭਖਵੇ ਮੁੱਦਿਆਂ 'ਤੇ ਗੱਲਾਂ ਕੀਤੀਆਂ ਨੇ। ਜਿਸ ਵਿਚੋਂ ਕਾਜ਼ੀ ਦੀ ਜ਼ਿੰਦਗੀ ਦੇ ਉਤਰਾਅ ਚੜ੍ਹਾਅ, ਸੰਕਟ, ਮੁਸਲਿਮ ਕਲਚਰ ਅਤੇ ਸਾਹਿਤ ਬਾਰੇ ਪਤਾ ਲੱਗਦਾ ਏ। ਕਹਾਣੀਆਂ ਵੀ ਉਹ ਜਿਹੜੀਆਂ ਸਮੇਂ ਸਮੇਂ ਚਰਚਾ ਵਿਚ ਰਹੀਆਂ ਨੇ। ਫਰਾਂਸੀਸੀ ਕਹਾਣੀ 'ਮੁਹੱਬਤ ਮਾਰੂਥਲ ਦੀ' ਬਹੁਤ ਹੀ ਕਮਾਲ ਦੀ ਕਹਾਣੀ ਏ। ਜਿਹੜੀ ਕਿ ਬਾਲਜ਼ਾਕ ਦੀ ਰਚਨਾ ਏ। ਇਹ ਕਹਾਣਈ ਦੁਨੀਆਂ ਦੀ ਸਰਵ ਸ੍ਰੇਸ਼ਠ ਕਹਾਣੀ ਏ। ਇਸੇ ਤਰ੍ਹਾਂ ਇਰਾਨੀ ਕਹਾਣੀ 'ਤਿੰਨ ਮੱਛੀਆਂ ਦੀ' ਵੀ ਬਹੁਤ ਯਾਦਗਾਰ ਕਹਾਣੀ ਏ। ਜੋ ਦੇਸ਼ ਦੇ ਸਮਾਜਿਕ ਤੇ ਸਿਆਸੀ ਹਲਾਤ ਪੇਸ਼ ਕਰਦੀ ਏ। ਖ਼ੂਬਸੂਰਤ ਛਪਾਈ ਤੇ ਦਿੱਖ ਵਾਲਾ ਪਰਚਾ ਸੱਚਮੁੱਚ ਹੀ ਕ੍ਰਾਂਤੀਪਾਲ ਤੇ ਉਹਦੇ ਸਾਥੀਆਂ ਨੇ ਮਿਹਨਤ ਨਾਲ ਤਿਆਰ ਕੀਤਾ ਏ। ਇਸ ਅੰਕ ਦਾ ਮੁੱਲ 400 ਰੁਪਏ ਏ।


## ਗੁਰਮੀਤ ਸ਼ੁਗਲੀ ਦੇ 'ਕਾਨੂੰਨੀ ਨੁਕਤੇ ਤੇ ਆਮ ਆਦਮੀ'

ਐਡਵੋਕੇਟ ਗੁਰਮੀਤ ਸ਼ੁਗਲੀ ਨਿਆਂ ਪ੍ਰਬੰਧ ਨਾਲ ਜੁੜਿਆ ਹੋਇਆ ਸੂਝਵਾਨ ਵਕੀਲ ਏ। ਉਸ ਨੇ ਆਮ ਆਦਮੀ ਨਾਲ ਜੁੜੇ ਸੰਕਟਾਂ ਤੇ ਨਿਆਂ ਪ੍ਰਬੰਧ ਨਾਲ ਜੁੜੇ ਕਾਨੂੰਨੀ ਨੁਕਤੇ ਇਸ ਪੁਸਤਕ ਵਿਚ ਪੇਸ਼ ਕੀਤੇ ਨੇ। ਆਮ ਆਦਮੀ ਕਾਨੂੰਨੀ ਪ੍ਰਬੰਧ ਤੋਂ ਅਣਜਾਣ ਏ। ਉਹਦਾ ਕਿਸੇ ਤਰ੍ਹਾਂ ਪੁਲਿਸ ਤੇ ਫੇਰ ਵਕੀਲਾਂ ਨਾਲ ਵਾਹ ਪੈਂਦਾ ਰਹਿੰਦਾ ਏ। ਵਕੀਲ ਤੇ ਪੁਲਿਸ ਵਾਲੇ ਉਨ੍ਹਾਂ ਦਾ ਕਿਵੇਂ ਸ਼ੋਸ਼ਣ ਕਰਦੇ ਨੇ। ਉਨ੍ਹਾਂ ਨੂੰ ਮੁਢਲੇ ਤੌਰ ਤੇ ਕਾਨੂੰਨੀ ਸਿੱਖਿਆ ਦੇਣ ਵਾਲੀ ਇਹ ਪਹਿਲੀ ਪੁਸਤਕ ਏ। ਜਿਹਦੇ ਵਿਚ ਲੇਖਕ ਨੇ ਵਿਆਹ ਸਬੰਧੀ, ਰੁਜ਼ਾਰਾ ਭੱਤਾ, ਪਤੀ ਪਤਨੀ ਦੇ ਤਲਾਕ, ਪਿਆਰ ਵਿਆਹ, ਔਰਤ ਦੀ ਜਾਇਦਾਦ, ਵਸੀਅਤ, ਬੈਨਾਮਾ, ਮੁਖਤਾਰਨਾਮਾ, ਜ਼ਮਾਨਤ, ਚਲਾਨ ਅਤੇ ਹੋਰ ਨਿੱਕੇ ਨਿੱਕੇ ਸੰਕਟਾਂ ਬਾਰੇ ਕਾਨੂੰਨੀ ਨੁਕਤੇ ਦਿੱਤੇ ਨੇ। ਇਹ ਆਮ ਬੰਦੇ ਲਈ ਆਮ ਜਾਣਕਾਰੀ ਦਿੰਦੀ ਬਹੁਤ ਚੰਗੀ ਪੁਸਤਕ ਏ। ਇਸ ਤਰ੍ਹਾਂ ਦੇ ਹੋਰ ਯਤਨ ਵੀ ਹੋਣੇ ਚਾਹੀਦੇ ਨੇ।







## ਆਲਬੇਅਰ ਕਾਮੂ ਦਾ 'ਪਤਨ'




ਇਸ ਕਿਤਾਬ ਦਾ ਜ਼ਿਕਰ ਮੈਂ ਕਾਫ਼ੀ ਸਾਲ ਪਹਿਲਾਂ ਸੁਣਿਆ ਤੇ ਪੜ੍ਹਿਆ ਹੋਇਆ ਸੀ। ਜਦੋਂ ਮੈਨੂੰ ਪਤਾ ਲੱਗਾ ਕਿ ਇਹ ਪੰਜਾਬੀ ਵਿਚ ਵੀ ਅਨੁਵਾਦ ਹੋ ਗਿਆ ਏ ਤਾਂ ਮੈਂ ਉਚੇਚੇ ਤੌਰ 'ਤੇ ਵਿਪਨ ਗਿੱਲ ਕੋਲ ਮੰਗਵਾਇਆ। ਭਾਵੇਂ ਕਿ ਇਹ ਕਾਮੂ ਦਾ ਛੋਟੇ ਅਕਾਰ ਦਾ ਨਾਵਲ ਏ ਪਰ ਬਹੁਤ ਹੀ ਮਹੱਤਵਪੂਰਨ ਨਾਵਲ ਏ। ਨਾਵਲ ਵਿਚ ਮੁੱਖ ਪਾਤਰ ਇਕ ਜੱਜ ਏ ਜੋ ਆਪਣਾ ਬਿਰਤਾਂਤ ਆਪਣੇ ਮੂੰਹੋ ਕਹਿੰਦਾ ਏ ਜਾਂ ਨਾਵਲਕਾਰ ਦੀ ਇਹ ਜੁਗਤ ਏ। ਕਾਮੂ ਨੇ ਆਧੁਨਿਕ ਮਨੁੱਖ ਦੇ ਖੰਡਿਤ ਹੋ ਗਏ ਅਵਚੇਤਨ ਦੀ ਥਾਹ ਨਾਵਲ ਵਿਚ ਪਾਈ ਏ। ਨਾਵਲ ਵਿਚ ਮੁੱਖ ਪਾਤਰ ਰਵਾਇਤੀ ਵਿਹਾਰ ਨਹੀਂ ਕਰਦਾ ਬਲਕਿ ਆਪਣੇ ਅੰਦਰ ਦਾ ਸੱਚ ਬਾਹਰ ਕੱਢਦਾ ਏ। ਵਿਪਨ ਗਿੱਲ ਨੇ ਇਸ ਨਾਵਲ ਦਾ ਅਨੁਵਾਦ ਬੜੀ ਮਿਹਨਤ ਨਾਲ ਕੀਤਾ ਏ, ਨਵੇਂ ਨਾਵਲਕਾਰਾਂ ਨੂੰ ਇਹ ਨਾਵਲ ਜ਼ਰੂਰ ਪੜ੍ਹ ਲੈਣਾ ਚਾਹੀਦਾ ਏ। ਇਹਨੂੰ ਅਟੌਮਨ ਆਰਟ  ਨੇ ਛਾਪਿਆ ਏ, ਪ੍ਰਕਾਸ਼ਨ ਨੇ ਆਪਣਾ ਪੂਰਾ ਪਤਾ ਛਾਪਣ ਤੋਂ ਪਤਾ ਨੀਂ ਕਿਓਂ ਗੁਰੇਜ਼ ਕੀਤੀ ਏ।

## ਜਰਨੈਲ ਸਿੰਘ ਸੇਖਾ ਅਭਿਨੰਦਨ ਗ੍ਰੰਥ





ਜਰਨੈਲ ਸਿੰਘ ਸੇਖਾ ਕੈਨੇਡਾ ਦਾ ਪ੍ਰਸਿੱਧ ਨਾਵਲਕਾਰ ਏ। ਉਸ ਨੇ ਪਰਵਾਸ ਦੇ ਅਛੂਤੇ ਅਨੁਭਵ ਆਪਣੇ ਭਗੌੜਾ, ਵਿਗੋਚਾ ਅਤੇ ਬੇਗਾਨੇ ਨਾਵਲਾਂ ਵਿਚ ਪੇਸ਼ ਕਰਕੇ ਮਾਅਰਕੇ ਵਾਲਾ ਕਾਰਜ਼ ਕੀਤਾ ਏ। ਇਸ ਤੋਂ ਇਲਾਵਾ ਉਸ ਨੇ ਦੋ ਭਾਗਾਂ ਵਿਚ ਆਪਣੀ ਸਵੈ ਜੀਵਨੀ ਵੀ ਪ੍ਰਕਾਸ਼ਤ ਕੀਤੀ ਏ। ਉਸ ਦੀ ਸਮੁੱਚੀ ਦੇਣ ਨੂੰ ਮੁੱਖ ਰੱਖਦਿਆਂ ਇਹ ਹੱਥਲਾ ਅਭਿਨੰਦਨ ਗ੍ਰੰਥ ਸੰਪਾਦਕੀ ਮੰਡਲ ਨੇ ਤਿਆਰ ਕੀਤਾ ਹੈ, ਜਿਸ ਵਿਚ ਉਸ ਦੇ ਜੀਵਨ, ਵਿਅਕਤਿਤਵ, ਲੇਖਕੀ ਸਬੰਧਾਂ, ਪਰਵਾਸੀ ਅਨੁਭਵ, ਨਾਵਲਕਾਰੀ ਆਦਿ ਨਾਲ ਸਬੰਧਤ ਵੱਖ ਵੱਖ ਵਿਦਵਾਨਾਂ ਨੇ ਇਸ ਗ੍ਰੰਥ ਵਿਚ ਲੇਖ ਲਿਖੇ ਹਨ। ਰੰਗੀਨ ਤਸਵੀਰਾਂ ਨਾਲ ਤਿਆਰ ਇਹ ਗ੍ਰੰਥ ਉਸ ਦੀ ਸਾਹਿਤ ਪ੍ਰਤੀ ਦੇਣ ਦਾ ਜ਼ਿਕਰ ਕਰਦਾ ਏ।

## ਵਿਸ਼ਾਲ ਦਾ 'ਅੱਖਰ'

ਜੋ ਕਦੇ ਪ੍ਰਮਿੰਦਰਜੀਤ ਦਾ 'ਅੱਖਰ' ਹੁੰਦਾ ਸੀ ਹੁਣ ਵਿਸ਼ਾਲ ਦਾ ਬਣ ਗਿਆ ਏ। ਅੱਖਰ ਦੀ ਮੇਕਅੱਪ ਕਰਨ ਲਈ ਪ੍ਰਮਿੰਦਰਜੀਤ ਕੋਲ ਆਪਣੇ ਸੰਦ ਸਨ ਹੁਣ ਵਿਸ਼ਾਲ ਦੇ ਆਪਣੇ ਸੰਦ ਤੇ ਸਾਧਨ ਹਨ। ਜਦੋਂ

ਦਾ ਵਿਸ਼ਾਲ ਸੰਪਾਦਕ ਬਣਿਆ ਏ ਉਸ ਨੇ 'ਅੱਖਰ' ਦੀ ਦਿੱਖ ਸੁੰਦਰ ਕਰਨ ਲਈ ਸੋਹਣੀ ਮੇਕਅੱਪ ਕਰਨੀ ਸ਼ੁਰੂ ਕਰ ਦਿੱਤੀ ਏ। ਤੁਹਾਡੇ ਕੋਲ ਸਾਧਨ ਹੋਣ ਬਜ਼ਾਰ 'ਚ ਮੇਕਅੱਪ ਦਾ ਸਮਾਨ ਮਿਲ ਜਾਂਦਾ ਏ। ਜਨਵਰੀ ਵਾਲਾ ਅੰਕ ਪੜ੍ਹਿਆ ਏ ਪਹਿਲਾਂ ਵੀ ਪੜ੍ਹਦਾ ਸਾਂ। ਇਸ ਵਾਰ ਪ੍ਰੇਮ ਪ੍ਰਕਾਸ਼ ਦਾ 'ਆਸੀ' ਵਾਲਾ ਲੇਖ, ਸਰਬਜੀਤ ਸੋਹਲ ਦੀ ਕਹਾਣੀ ਦੇ ਨਾਲ ਨਾਲ ਕੁਝ ਕਵਿਤਾਵਾਂ ਚੰਗੀਆਂ ਨੇ। ਅੱਖਰ ਕਵਿਤਾ ਦਾ ਪਰਚਾ ਏ ਤੇ ਇਸੇ ਲਈ ਕਵਿਤਾ ਦੀ ਭਰਮਾਰ ਏ। ਭਾਰਤੀ ਕਵਿਤਾਵਾਂ ਪੰਜਾਬੀ ਕਵਿਤਾਵਾਂ ਨਾਲੋਂ ਉਤਮ ਨੇ। ਹਲਕੀਆਂ ਕਵਿਤਾਵਾਂ ਨਾਲੋਂ ਚੰਗਾ ਏ ਨਾ ਛਾਪੀਆਂ ਜਾਣ। ਪਰਚੇ ਤੇ ਵਿਸ਼ਾਲ ਮਿਹਨਤ ਕਰ ਰਿਹਾ ਏ। ਉਹਦੇ ਉਦਮ ਨੂੰ ਸਲਾਮ ਕਹਿਣਾ ਤਾਂ ਬਣਦਾ ਈ ਏ।




## ਪਰਚੇ ਦੀ ਜਾਨ

'ਕਹਾਣੀ ਧਾਰਾ' ਦਾ 'ਭਾਰਤੀ ਚਿੰਤਨ ਅੰਕ' ਮਿਲਿਆ। ਸੱਚਮੁੱਚ ਮੇਰੇ ਲਈ ਬਹੁਤ ਗਿਆਨ ਭਰਪੂਰ ਅੰਕ ਹੈ। ਖਾਸ ਕਰਕੇ ਡਾ. ਸੇਵਾ ਸਿੰਘ ਦਾ ਲੇਖ 'ਭਾਰਤੀ ਵਿਗਿਆਨ ਦਾ ਬ੍ਰਾਹਮਣੀਕਰਨ' ਸਾਨੂੰ ਲੇਖਕਾਂ ਨੂੰ ਚਿੰਤਨ ਸਬੰਧੀ ਲੇਖ ਵੀ ਪੜ੍ਹਨੇ ਚਾਹੀਦੇ ਹਨ ਤਾਂ ਹੀ ਅਸੀਂ ਸਮਾਜ ਨੂੰ, ਸਮਾਜਿਕ ਪ੍ਰਬੰਧ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਾਂ। ਕਦੇ ਕਦੇ ਇਹੋ ਜਿਹੇ ਪ੍ਰਕਾਸ਼ਤ ਕਰਨ ਦੇ ਯਤਨ ਕਰਦੇ ਰਿਹਾ ਕਰੋ। ਪਰਚੇ ਦਾ ਬਾਕੀ ਮੈਟਰ ਵੀ ਚੰਗਾ ਲੱਗਾ। ਸੁਰਿੰਦਰ ਐਸ. ਜੋਧਕਾ ਦਾ ਲੇਖ ਵੀ ਜਾਣਕਾਰੀ ਭਰਪੂਰ ਸੀ।

**-ਸੁਰਜੀਤ** , ਟਰੰਟੋ, ਕੈਨੇਡਾ

ਭਗਵੰਤ ਤੇਰਾ ਪਰਾ ਮੈਨੂੰ ਬਹੁਤ ਚੰਗਾ ਲੱਗਾ ਏ। ਮੈਂ ਇਸ ਤੋਂ ਪਹਿਲਾ ਵਾਲਾ ਅੰਕ ਵੀ ਪੜ੍ਹਿਆ ਸੀ। ਜਿਹਦੇ ਵਿਚ ਤਸਕੀਨ ਦਾ ਲੇਖ ਜੋ ਕਾਲੀ ਦੇ ਨਾਵਲ ਬਾਰੇ ਸੀ। ਅਤੇ ਜਗਵਿੰਦਰ ਜੋਧਾ ਦਾ ਲੇਖ ਜੋ ਜਸਵੀਰ ਰਾਣੇ ਦੇ ਨਾਵਲ ਬਾਰੇ ਸੀ ਮੈਨੂੰ ਤਾਂ ਨਿਰੰਜਣ ਬੋਹਾ ਦਾ ਲੇਖ ਵੀ ਚੰਗਾ ਲੱਗਾ। ਉਸ ਨੇ ਐਨੀਆਂ ਕਹਾਣੀਆਂ ਦਾ ਹਵਾਲਾ ਦਿੱਤਾ ਏ। ਬਈ ਕਮਾਲ ਐ। ਤੇ ਆਹ 'ਚਿੰਤਨ ਅੰਕ' ਵੀ ਕਮਾਲ ਦਾ ਏ। ਤੂੰ ਪਰਚੇ ਤੇ ਕਾਫੀ ਮਿਹਨਤ ਕਰਨ ਲੱਗ ਪਿਆ ਏ। ਜੋਧਕਾ ਦਾ ਲੇਖ ਬਹੁਤ ਦੀ ਬੈਲੇਂਸ਼ ਸੀ। ਪ੍ਰਕਾਸ਼ ਕੌਰ ਸੰਧੂ ਸਿਆਣੀ ਕੁੜੀ ਏ। ਇਹਨੂੰ ਭਾਸ਼ਾ ਦੀ ਸਮਝ ਏ। ਚੰਗਾ ਅਨੁਵਾਦ ਕੀਤਾ ਏ। ਸ਼ਬਦੀਸ਼ ਵੀ ਸਿਆਣਾ ਮੁੰਡਾ ਏ। ਤੂੰ ਬੀਬੀਆਂ ਦੀਆਂ ਰਚਨਾਵਾਂ ਵੀ ਛਾਪਿਆ ਕਰ। ਰੱਬ ਭਲਾ ਕਰੂ।

**-ਪ੍ਰੇਮ ਪ੍ਰਕਾਸ਼**, ਜਲੰਧਰ (ਫੋਨ ਤੇ ਸੁਨੇਹਾ)

ਭਗਵੰਤ ਯਾਰ ! ਮੈਂ ਤੇਰੇ ਪਰਚੇ ਦਾ ਸਾਰਾ ਮੈਟਰ ਪੜ੍ਹ ਲੈਂਦਾ ਹਾਂ। ਪਿਛੇ ਜਿਹੇ ਜਿਹੜਾ ਤੂੰ ਵੱਡੇ ਅਕਾਰ ਦਾ ਸਮਕਾਲੀ ਕਹਾਣੀ ਅੰਕ ਛਾਪਿਆ ਸੀ। ਉਹਦੇ ਵਿਚ ਜੋ ਕਹਾਣੀਆਂ ਸਨ ਬਈ ਮੈਨੂੰ ਬਹੁਤ ਪਸੰਦ ਆਈਆਂ ਸਨ। ਖਾਸ ਕਰਕੇ ਦੀਪਤੀ ਬਬੂਟਾ ਦੀ ਕਹਾਣੀ 'ਡਾਂਸ ਫਲੋਰ', ਇਕ ਹੋਰ ਸੀ ਹਦਬਸਤ ਨੰ ਵਾਲੀ। ਤੇ ਹੁਣ ਜਿਹੜਾ ਤੂੰ ਭਾਰਤੀ ਚਿੰਤਨ ਅੰਕ ਛਾਪਿਆ ਹੈ। ਇਹ ਬਹੁਤ ਹੀ ਮੁੱਲਵਾਨ ਰਸਾਲਾ ਹੈ। ਮੈਂ ਕੱਲਾ-ਕੱਲਾ ਲੇਖ ਪੜ੍ਹ ਲਿਆ ਹੈ। ਯਾਰ ਡਾ. ਸੇਵਾ ਸਿੰਘ ਬਹੁਤ ਸਿਆਣਾ ਬੰਦਾ ਹੈ। ਮੈਂ ਉਹਨੂੰ



ਪਹਿਲਾ ਵੀ ਪੜ੍ਹਿਆ ਹੈ। ਹੁਣ ਦੱਸੋ ਜੇ ਵਿਗਿਆਨ ਦਾ ਬ੍ਰਾਹਮਣੀਕਰਨ ਹੋ ਗਿਆ। ਤਾਂ ਬਾਕੀ ਬਚਿਆ ਹੀ ਕੀ? ਜਦੋਂ ਮੈਂ ਜੋਧਕਾ ਦਾ ਲੇਖ ਪੜ੍ਹ ਰਿਹਾ ਸੀ ਮੈਨੂੰ ਆਪਣਾ ਪਿਛੋਕੜ ਚੇਤੇ ਆ ਗਿਆ। ਲੇਖਕ ਰਵਿਦਾਸੀਆ ਦਾ ਸਾਰਾ ਇਤਿਹਾਸ ਖੋਲ੍ਹ ਕੇ ਰੱਖ ਦਿੰਦਾ ਹੈ। ਬਈ ਜਿਹੜਾ ਲੇਖ '20 ਵੀਂ ਸਦੀ ਦੀਆਂ ਸਿਆਸੀ ਲਹਿਰਾਂ ਦਾ ਸਿੱਖ ਅਵਚੇਤਨ' ਹੈ। ਉਹ ਲੇਖ ਹੈ ਤਾਂ ਗਹਿਰਾ ਪਰ ਉਸ ਨੇ ਗੱਲ੍ਹ ਬਹੁਤ ਔਖੀਆਂ ਕੀਤੀਆਂ ਹਨ। ਹੈ ਤਾਂ ਚੰਗਾ। ਬਾਕੀ ਅੰਮ੍ਰਿਤ ਪਾਲ ਕੌਰ ਨੇ ਵੀ ਕ੍ਰਾਂਤੀਕਾਰੀ ਔਰਤਾਂ ਦਾ ਸੋਹਣਾ ਹਵਾਲਾ ਦਿੱਤਾ ਹੈ। ਯਾਰ ਗਿਆਨ ਸਿੰਘ ਬੱਲ ਨੂੰ ਤਾਂ ਅਸੀਂ ਪਹਿਲਾਂ ਤੋਂ ਪੜ੍ਹਦੇ ਆ ਰਹੇ ਹਾਂ। ਤੂੰ ਸੱਚ ਮੁੱਚੀ ਬਹੁਤ ਮਿਹਨਤ ਕਰਦਾ ਪਿਆ ਹੈ।

**- ਕਰਨਲ ਸੁਖਦੇਵ ਰਾਜ**, ਪੋਸਟ ਮਾਸਟਰ ਜਰਨਲ, ਪਾਣੀਪਤ ਸਰਕਲ

'ਕਹਾਣੀ ਧਾਰਾ' ਲਗਾਤਾਰ ਮਿਲ ਰਿਹਾ ਹੈ। ਰਸਾਲੇ ਦਾ ਭਾਰਤੀ ਚਿੰਤਨ ਅੰਕ ਮੈਨੂੰ ਬਹੁਤ ਪਸੰਦ ਆਇਆ। ਇਹਦੇ ਵਿਚਲੇ ਲੇਖ ਜਾਣਕਾਰੀ ਭਰਪੂਰ ਸਨ। ਜੋਧਕਾ ਦਾ ਲੇਖ ਰਵੀਦਾਸੀਆ ਬਾਰੇ ਸੀ। ਬਹੁਤ ਗਿਆਨ ਦੇਣ ਵਾਲਾ ਹੈ। ਬਾਕੀ ਸੇਵਾ ਸਿੰਘ ਤਾਂ ਸਾਡਾ ਵਿਦਵਾਨ ਚਿੰਤਕ ਹੈ। ਉਸ ਨੇ ਜਿਸ ਤਰ੍ਹਾਂ ਵਿਗਿਆਨ ਦਾ ਬ੍ਰਾਹਮਣੀਕਰਨ ਪੇਸ਼ ਕੀਤਾ ਹੈ ਇਹ ਸੱਚ ਮੁੱਚ ਹੀ ਚਿੰਤਾ ਤੇ ਸੋਚਣ ਵਾਲਾ ਵਿਸ਼ਾ ਹੈ। ਪ੍ਰਕਾਸ਼ ਕੌਰ ਸੰਧੂ ਨੇ ਬਹੁਤ ਮਿਹਨਤ ਕੀਤੀ ਹੈ ਅਨੁਵਾਦ ਕਰਨ ਲਈ। ਤੂੰ ਇਸ ਗੱਲ ਦਾ ਵੀ ਖਿਆਲ ਰੱਖਿਆ ਹੈ ਕਿ ਹਰ ਚਿੰਤਨ ਧਾਰਾ ਦੀ ਗੱਲ ਕਰਨ ਵਾਲਾ ਲੇਖ ਹੋਵੇ। ਇਹਦੇ ਵਿਚ ਅੰਬੇਡਕਰ ਚਿੰਤਨ ਵੀ ਹੈ, ਮਾਰਕਸਵਾਦੀ ਚਿੰਤਨ ਵੀ ਅਤੇ ਮਾਨਵਵਾਦੀ ਚਿੰਤਨ ਵੀ।

**-ਅੰਮ੍ਰਿਤ ਦਿਵਾਨਾ**, ਸਰੀ , ਕੈਨੇਡਾ

'ਕਹਾਣੀ ਧਾਰਾ' ਪੜ੍ਹਿਆ। ਮੈਂ ਇਸਦੇ ਸਾਰੇ ਅੰਕ ਸਾਂਭੇ ਹੋਏ ਹਨ। ਇਸ ਵਾਰ ਦਾ 'ਭਾਰਤੀ ਚਿੰਤਨ ਅੰਕ' ਸਾਡੇ ਲਈ ਬਹੁਤ ਜਾਣਕਾਰੀ ਭਰਪੂਰ ਰਿਹਾ। ਇਹ ਅੰਕ ਸਾਡੇ ਦਿਮਾਗ ਦੇ ਜਾਲੇ ਸਾਫ਼ ਕਰਨ ਵਾਲਾ ਅੰਕ ਹੈ। ਜਿਹਦੇ ਵਿਚ ਤੁਸੀਂ ਸਾਨੂੰ ਬਹੁਤ ਜਾਣਕਾਰੀ ਭਰਪੂਰ ਲੇਖ ਪੜ੍ਹਨ ਨੂੰ ਦਿੱਤੇ ਹਨ। ਤੁਸੀਂ ਸੱਚੀ ਮੁੱਚੀ ਇਸ ਅੰਕ ਵਿਚ ਭਾਰਤੀ ਚਿੰਤਨ ਦੀਆਂ ਜੜ੍ਹਾਂ ਫਰੋਲੀਆਂ ਹਨ। ਇਨ੍ਹਾਂ ਵਿਦਵਾਨਾ ਨੇ ਚਿੰਤਨ ਦੇ ਸਰੋਤ ਵਾਲੇ ਗ੍ਰੰਥਾਂ ਨੂੰ ਸ਼ਰਧਾ ਨਾਲ ਨਹੀਂ ਪੜ੍ਹਿਆ ਬਲਕਿ ਉਨ੍ਹਾਂ ਦਾ ਆਲੋਚਨਾਤਮਕ ਵਿਸ਼ਲੇਸ਼ਣ ਵੀ ਕੀਤਾ ਹੈ। ਨਹੀਂ ਤਾਂ ਸ਼ਰਧਾ ਨਾਲ ਪੜ੍ਹਨ ਵਾਲਿਆਂ ਦੀ ਕਮੀ ਨਹੀਂ ਹੈ।

**- ਜੰਗ ਸਿੰਘ**, ਅਮਨ ਵਿਹਾਰ ਕਲੋਨੀ, ਭਾਦਸੋਂ, ਸਿੱਧੂਵਾਲ, ਪਟਿਆਲਾ

'ਕਹਾਣੀ ਧਾਰਾ' ਦੀ ਪਛਾਣ ਮੁੱਖ ਤੌਰ ਤੇ ਕਹਾਣੀ ਹੈ। ਪਰ ਪਰਚੇ ਵਿਚ ਹੋਰ ਵਿਸ਼ੇ ਦੇ ਲੇਖ ਵੀ ਤੁਸੀਂ ਛਾਪਦੇ ਰਹਿੰਦੇ ਹੋ। ਜਿਵੇਂ ਕਿ 'ਜਨ ਬੋਧ' ਹੈ ਉਸ ਕਾਲਮ ਵਿਚ ਜੋ ਤੁਸੀਂ ਲੇਖ ਛਾਪਦੇ ਹੋ। ਉਹ ਪੜ੍ਹਨ ਵਾਲੇ ਹੁੰਦੇ ਹਨ। ਜਨਵਰੀ-ਮਾਰਚ ਦੇ ਕਹਾਣੀ ਧਾਰਾ ਅੰਕ ਵਿਚ ਜੋ ਚਿੰਤਨ ਸਬੰਧੀ ਲੇਖ ਹਨ ਉਹ ਬਹੁਤ ਹੀ ਵਧੀਆ ਹਨ। ਇਨ੍ਹਾਂ ਰਾਹੀ ਹਰ ਲੇਖਕ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਸਾਡਾ ਇਤਿਹਾਸ ਕੀ ਕਹਿੰਦਾ ਹੈ। ਅਤੇ ਸਾਡਾ ਦਰਸ਼ਨ ਕਿਸ ਤਰ੍ਹਾਂ ਦੇ ਮਨੁੱਖ ਦੀ ਗੱਲ ਕਰਦਾ ਹੈ। ਮੈਨੂੰ ਤੁਹਾਡੀ ਸੰਪਾਦਕੀ ਪੜ੍ਹ ਕੇ ਪਤਾ ਲੱਗਾ ਕਿ ਇਹ ਜੋ ਗ੍ਰੰਥ ਹਨ ਉਹ ਵਿਚ ਛਪੀਆਂ ਗੱਲਾਂ ਲੋਕ ਪੱਖੀ ਨਹੀਂ ਹਨ। ਅਤੇ ਕਿਵੇਂ ਉਹ ਲੋਕਾਂ ਨੂੰ ਮਾਨਸਿਕ ਤੌਰ ਤੇ ਗੁਲਾਮ ਬਣਾਉਂਦੀਆਂ ਹਨ। ਪੁਰਾਣਾ ਸਾਨੂੰ ਕਿਹੜੀ ਗੱਲਾਂ ਦੱਸਦੇ ਹਨ। ਗੀਤਾ ਕਿਵੇਂ ਭਗਤੀ ਨੂੰ ਮੁਕਤੀ ਦਾ ਰਾਹ ਦੱਸਦੀ ਹੈ। ਸ਼ਾਂਖ, ਚਰਵਾਕ, ਬੌਧੀ ਚਿੰਤਨ ਕਿਵੇਂ ਹਾਸ਼ੀਏ ਤੇ ਚਲੇ ਜਾਂਦੇ ਹਨ। ਇਨ੍ਹਾਂ ਸਾਰੀਆਂ ਗੱਲਾਂ 'ਤੇ ਚਿੰਤਨ ਕਰਨ ਦੀ ਲੋੜ ਹੈ, ਜਿਹੜਾ ਕਿ ਇਸ ਪਰਚੇ ਦੇ ਲੇਖਕਾਂ ਨੇ ਕੀਤਾ ਹੈ। ਪਰਚੇ ਲਈ ਦੁਆ ਹੈ। **- ਸੁਰਜੀਤ ਸੁਮਨ, ਮੁੰਡੀ ਖਰੜ, ਮੁਹਾਲੀ**